ਬੁੱਧਵਾਰ, 25 ਸਤੰਬਰ, 2024

10 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 115

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 25 SEPTEMBER, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਚੌਹਾਨ ਨੇ ਕਿਸਾਨਾਂ ਨਾਲ ਗੱਲ ਚਲਾਈ

**ਨਵੀਂ ਦਿੱਲੀ** : ਹਰਿਆਣਾ ਅਸੰਬਲੀ ਚੋਣਾਂ ਤੋਂ ਪਹਿਲਾਂ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਮੰਗਲਵਾਰ ਇੱਥੇ 50 ਕਿਸਾਨ ਆਗੂਆਂ ਨਾਲ ਗੱਲਬਾਤ ਕੀਤੀ। ਬੈਠਕ ਦੌਰਾਨ ਚਾਰ ਮੁੱਦਿਆਂ 'ਤੇ ਚਰਚਾ ਹੋਈ। ਇਨ੍ਹਾਂ ਵਿਚ ਫਸਲਾਂ ਦੀਆਂ ਕੀਮਤਾਂ, ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ, ਆਵਾਰਾ ਪਸ਼ੂਆਂ ਤੋਂ ਨੁਕਸਾਨ ਤੇ ਵਾਢੀ ਵੇਲੇ ਸਰਕਾਰ ਦੇ ਫੈਸਲੇ ਨਾਲ ਜੁੜੇ ਮੁੱਦੇ ਸ਼ਾਮਲ ਸਨ।

ਪੂਸਾ ਕੰਪਲੈਕਸ ਵਿਚ ਹੋਈ ਬੈਠਕ 'ਚ ਹਰਿਆਣਾ, ਯੂ ਪੀ, ਉੱਤਰਾਖੰਡ ਤੇ ਮਹਾਰਾਸ਼ਟਰ ਦੇ ਭਾਰਤੀ ਕਿਸਾਨ ਯੂਨੀਅਨ (ਅਰਾਜਨੈਤਿਕ) ਦੇ ਆਗੂ ਸ਼ਾਮਲ ਹੋਏ। ਬੈਠਕ ਵਿਚ ਖੇਤੀ ਤੇ ਕਿਸਾਨ ਭਲਾਈ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਬੈਠਕ ਤੋਂ ਬਾਅਦ ਚੌਹਾਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ—ਮੈਂ ਪਹਿਲਾਂ ਵੀ ਕਿਹਾ ਹੈ ਕਿ ਖੇਤੀ ਭਾਰਤੀ ਅਰਥ ਵਿਵਸਥਾ ਦੀ ਰੀੜ੍ਹ ਹੈ ਤੇ ਕਿਸਾਨ ਇਸ ਦੀ ਆਤਮਾ ਹਨ। ਕਿਸਾਨਾਂ ਦੀ ਸੇਵਾ ਕਰਨਾ ਸਾਡੇ ਲਈ ਭਗਵਾਨ ਦੀ ਪੂਜਾ ਕਰਨ ਵਰਗਾ ਹੈ। ਪਿਛਲੀ ਵਾਰ ਜਦ ਮੈਂ 100 ਦਿਨਾਂ ਦੀਆਂ ਪ੍ਰਾਪਤੀਆਂ ਦੀ ਗੱਲ ਕੀਤੀ ਸੀ ਤਾਂ ਐਲਾਨਿਆ ਸੀ ਕਿ ਹਰ ਮੰਗਲਵਾਰ ਕਿਸਾਨਾਂ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਮਿਲਣ ਦਾ ਸਿਲਸਿਲਾ ਸ਼ੁਰੂ ਕਰਾਂਗਾ, ਕਿਉਂਕਿ ਕਈ ਵਾਰ ਅਸੀਂ ਦਫਤਰ ਵਿਚ ਬੈਠ ਕੇ ਸਮੱਸਿਆਵਾਂ ਨੂੰ ਸਮਝ ਨਹੀਂ ਪਾਉਂਦੇ। ਸਾਡਾ ਫਰਜ਼ ਹੈ ਕਿ ਜਿਨ੍ਹਾਂ ਲੋਕਾਂ ਨੂੰ ਸਮੱਸਿਆ ਹੈ, ਉਨ੍ਹਾਂ ਨਾਲ ਸਿੱਧੀ ਗੱਲ ਕਰੀਏ ਤੇ ਹੱਲ ਕੱਢੀਏ।



ਚੌਹਾਨ ਨੇ ਕਿਹਾ—ਬੈਠਕ ਦੌਰਾਨ ਕੁਝ ਸੁਝਾਅ ਫਸਲਾਂ ਦੀਆਂ ਕੀਮਤਾਂ ਨੂੰ ਲੈ ਕੇ ਦਿੱਤੇ ਗਏ, ਕੁਝ ਫਸਲ ਬੀਮਾ ਯੋਜਨਾ ਤੇ ਕੁਝ ਆਵਾਰਾ ਪਸ਼ੂਆਂ ਬਾਰੇ ਦਿੱਤੇ ਗਏ। ਕਿਸਾਨ ਦੀ ਫਸਲ ਆਉਣ ਵੇਲੇ ਕੀ ਫੈਸਲੇ ਕੀਤੇ ਜਾਣ, ਇਸ ਬਾਰੇ ਵੀ ਸੁਝਾਅ ਆਏ। ਮੈਂ ਅਫਸਰ ਨਾਲ ਬਿਠਾਏ ਸਨ। ਅਸੀਂ ਜੋ ਵੀ ਸੰਭਵ ਹੋਇਆ ਕਰਾਂਗੇ। ਗੱਲਬਾਤ ਸਦਭਾਵਨਾ ਭਰੇ ਮਾਹੌਲ ਵਿਚ ਹੋਈ।

ਭਾਰਤੀ ਕਿਸਾਨ ਯੂਨੀਅਨ ਅਰਾਜਨੈਤਿਕ ਦੇ ਕੌਮੀ ਬੁਲਾਰੇ ਧਰਮਵੀਰ ਮਲਿਕ ਨੇ ਦੱਸਿਆ ਕਿ ਉਨ੍ਹਾ ਕਮਜ਼ੋਰ ਐੱਮ ਐੱਸ ਪੀ ਨਿਜ਼ਾਮ, ਪ੍ਰਧਾਨ ਮੰਤਰੀ ਕਿਸਾਨ ਫਸਲ ਸਨਮਾਨ ਨਿਧੀ ਦੇ ਘਟਦੇ ਦਾਇਰੇ, ਫਸਲ ਬੀਮਾ ਸਕੀਮ ਤੇ ਖੇਤੀ ਉਤਪਾਦ ਬਾਹਰੋਂ ਮੰਗਵਾਉਣ ਨਾਲ ਕਿਸਾਨਾਂ ਨੂੰ ਹੋਣ ਵਾਲੇ ਮਾਲੀ ਨੁਕਸਾਨ ਦੇ ਮੁੱਦੇ ਉਠਾਏ। ਮੰਤਰੀ ਨੇ ਹੱਲ ਦਾ ਭਰੋਸਾ ਦਿੱਤਾ।

ਉਨ੍ਹਾ ਇਨ੍ਹਾਂ ਮੁੱਦਿਆਂ 'ਤੇ ਮੰਤਰੀ ਨੂੰ ਸੂਬਾ ਪੱਧਰੀ ਬੈਠਕਾਂ ਕਰਨ ਦਾ ਸੁਝਾਅ ਵੀ ਦਿੱਤਾ। ਮਲਿਕ ਨੇ ਕਿਹਾ ਕਿ ਉਹ ਅਪੀਲ ਕਰਦੇ ਹਨ ਕਿ ਅੰਦੋਲਨਕਾਰੀ ਕਿਸਾਨ ਯੂਨੀਅਨਾਂ ਤੇ ਸਰਕਾਰ ਗੱਲਬਾਤ ਕਰਨ। ਮਲਿਕ ਨੇ ਕਿਹਾ ਕਿ ਸ਼ੰਭੂ ਬਾਰਡਰ 'ਤੇ ਧਰਨਾ ਦੇਣ ਵਾਲੇ ਕਿਸਾਨਾਂ ਦਾ ਕੋਈ ਨੁਮਾਇੰਦਾ ਬੈਠਕ ਵਿਚ ਸ਼ਾਮਲ ਨਹੀਂ ਹੋਇਆ।

## ਸਰਕਾਰ ਖੇਤੀ ਕਾਨੂੰਨ ਵਾਪਸ ਲਿਆਵੇ : ਕੰਗਨਾ ਰਣੌਤ



**ਮੰਡੀ (ਹਿਮਾਚਲ)** : ਭਾਜਪਾ ਸਾਂਸਦ ਕੰਗਨਾ ਰਣੌਤ ਨੇ ਕੇਂਦਰ ਸਰਕਾਰ ਤੋਂ ਤਿੰਨੋਂ ਖੇਤੀ ਕਾਨੂੰਨਾਂ ਨੂੰ ਇਹ ਕਹਿ ਕੇ ਮੁੜ ਲਾਗੂ ਕਰਨ ਦੀ ਮੰਗ ਕੀਤੀ ਹੈ, ਕਿਉਂਕਿ ਇਹ ਕਿਸਾਨ ਹਿਤੈਸ਼ੀ ਹਨ। ਮੰਡੀ ਦੀ ਗੋਹਰ ਸਬ-ਡਵੀਜ਼ਨ ਦੇ ਖੋਦ 'ਚ 8 ਰੋਜ਼ਾ ਜ਼ਿਲ੍ਹਾ ਪੱਧਰੀ ਨਲਵਾੜ ਮੇਲੇ ਦੇ ਸਮਾਪਤੀ ਸਮਾਰੋਹ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ—ਮੈਨੂੰ ਪਤਾ ਹੈ ਕਿ ਮੇਰੇ ਇਸ ਬਿਆਨ ਨਾਲ ਵਿਵਾਦ ਵੀ ਹੋ ਸਕਦਾ ਹੈ, ਪਰ ਕਿਸਾਨਾਂ ਨੂੰ ਖੁਦ ਆਪਣੇ ਹੱਕਾਂ ਲਈ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਆਪਣਾ ਬਣਦਾ ਹੱਕ ਲੈਣਾ ਚਾਹੀਦਾ ਹੈ। ਮੈਂ ਖੁਦ ਕਿਸਾਨ ਪਰਵਾਰ ਨਾਲ ਸੰਬੰਧਤ ਹਾਂ, ਕਿਸਾਨਾਂ ਦੇ ਦਰਦ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ, ਪਰ ਕਿਸਾਨਾਂ ਨੂੰ ਉਸ (ਕੰਗਨਾ) ਦੇ ਖਿਲਾਫ ਗਲਤ ਖਬਰਾਂ ਦਿਖਾ ਕੇ ਭੜਕਾਉਣ ਦੀ ਕੋਸ਼ਿਸ਼ ਕੀਤੀ ਗਈ। ਕੰਗਨਾ ਰਣੌਤ ਨੇ ਅੱਗੇ ਕਿਹਾ—ਕਿਸਾਨ ਸਾਡੇ ਦੇਸ਼ ਦੇ ਵਿਕਾਸ 'ਚ ਵੱਡਾ ਯੋਗਦਾਨ ਪਾਉਂਦੇ ਹਨ। ਸਿਰਫ ਕੁਝ ਰਾਜਾਂ ਨੇ ਖੇਤੀਬਾੜੀ ਕਾਨੂੰਨਾਂ 'ਤੇ ਇਤਰਾਜ਼ ਉਠਾਇਆ ਸੀ। ਮੈਂ ਹੱਥ ਜੋੜ ਕੇ ਕਿਸਾਨਾਂ ਨੂੰ ਅੱਗੇ ਆਉਣ ਅਤੇ ਇਨ੍ਹਾਂ ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਲਿਆਉਣ ਦੀ ਮੰਗ ਕਰਨ ਦੀ ਅਪੀਲ ਕਰਦੀ ਹਾਂ।

## ਪੈਨਸ਼ਨ ਖਾਤਰ...

**ਭੁਬਨੇਸ਼ਵਰ** : ਓਡੀਸ਼ਾ ਦੇ ਕਿਓਂਝੋਰ ਵਿਚ 80 ਸਾਲਾ ਮਹਿਲਾ ਨੂੰ ਪੈਨਸ਼ਨ ਲੈਣ ਲਈ ਦੋ ਕਿੱਲੋਮੀਟਰ ਦੂਰ ਦਫਤਰ ਤੱਕ ਰੀਂਘ ਕੇ ਜਾਣਾ ਪਿਆ। ਰਾਇਸੂਆਂ ਪਿੰਡ ਦੀ ਪਥੁਰੀ ਦੇਹੁਰੀ ਬੁਢਾਪੇ ਤੇ ਬਿਮਾਰੀ ਕਾਰਨ ਠੀਕ ਢੰਗ ਨਾਲ ਤੁਰ ਨਹੀਂ ਸਕਦੀ।



ਸੀਨੀਅਰ ਸਿਟੀਜ਼ਨ ਤੇ ਦਿਵਿਆਂਗਾਂ ਨੂੰ ਘਰ ਜਾ ਕੇ ਪੈਨਸ਼ਨ ਦੇਣ ਦੇ ਸਰਕਾਰੀ ਹੁਕਮ ਹਨ, ਪਰ ਇਸ ਦੇ ਬਾਵਜੂਦ ਉਸ ਨੂੰ ਪੰਚਾਇਤ ਦਫਤਰ ਜਾਣਾ ਪਿਆ। ਮਾਮਲਾ 21 ਸਤੰਬਰ ਦਾ ਹੈ ਪਰ ਇਸ ਦੀ ਵੀਡੀਓ ਮੰਗਲਵਾਰ ਵਾਇਰਲ ਹੋਈ। ਉਸ ਨੇ ਦੱਸਿਆ—ਪੰਚਾਇਤ ਐਕਸਟੈਂਸ਼ਨ ਅਫਸਰ ਨੇ ਮੈਨੂੰ ਪੈਨਸ਼ਨ ਲੈਣ ਲਈ ਦਫਤਰ ਆਉਣ ਨੂੰ ਕਿਹਾ ਸੀ। ਜਦੋਂ ਕੋਈ ਘਰ ਪੈਨਸ਼ਨ ਦੇਣ ਨਹੀਂ ਆਇਆ ਤਾਂ ਮੇਰੇ ਕੋਲ ਦਫਤਰ ਜਾਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ।

ਸੂਬੇ ਵਿਚ 2023 ਵਿਚ ਵੀ ਅਜਿਹਾ ਇਕ ਮਾਮਲਾ ਸਾਹਮਣੇ ਆਇਆ ਸੀ ਜਦੋਂ 17 ਅਪ੍ਰੈਲ ਨੂੰ ਬਜ਼ੁਰਗ ਮਹਿਲਾ ਨੂੰ ਪੈਨਸ਼ਨ ਲੈਣ ਲਈ ਤਿੱਖੀ ਧੁੱਪ ਵਿਚ ਪੈਦਲ ਬੈਂਕ ਤੱਕ ਜਾਣਾ ਪਿਆ ਸੀ। ਉਸ ਵੇਲੇ ਦੀ ਵੀਡੀਓ ਵਿਚ 70 ਸਾਲ ਦੀ ਸੂਰੀਆ ਟੁੱਟੀ ਕੁਰਸੀ ਸਹਾਰੇ ਪੈਦਲ ਚਲਦੀ ਨਜ਼ਰ ਆਈ ਸੀ। ਉਸ ਦਾ ਬੇਟਾ ਦੂਜੇ ਸੂਬੇ ਵਿਚ ਮਜ਼ਦੂਰੀ ਕਰਦਾ ਹੈ। ਉਹ ਛੋਟੇ ਬੇਟੇ ਨਾਲ ਰਹਿੰਦੀ ਹੈ, ਜਿਹੜਾ ਪਸ਼ੂਆਂ ਦੀ ਦੇਖਭਾਲ ਕਰਦਾ ਹੈ। ਉਹ ਝੌਂਪੜੀ ਵਿਚ ਰਹਿੰਦੀ ਹੈ ਤੇ ਉਨ੍ਹਾਂ ਕੋਲ ਜ਼ਮੀਨ ਨਹੀਂ ਹੈ। ਇਸ ਵੀਡੀਓ ਤੋਂ ਬਾਅਦ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਸੀ ਕਿ ਬੈਂਕ ਵਾਲਿਆਂ ਨੂੰ ਇਨਸਾਨੀਅਤ ਦਿਖਾਉਣੀ ਚਾਹੀਦੀ ਹੈ।

## ਪੁਲਵਾਮਾ ਹਮਲੇ ਦੇ ਮੁਲਜ਼ਮ ਦੀ ਦਿਲ ਦੇ ਦੌਰੇ ਨਾਲ ਮੌਤ

**ਜੰਮੂ** : ਪੁਲਵਾਮਾ ਜ਼ਿਲ੍ਹੇ 'ਚ 14 ਫਰਵਰੀ 2019 'ਚ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਹੋਏ ਘਾਤਕ ਹਮਲੇ 'ਚ ਚਾਰਜਸ਼ੀਟ ਕੀਤੇ ਗਏ 32 ਸਾਲਾ ਵਿਅਕਤੀ ਦੀ ਇੱਥੋਂ ਦੇ ਸਰਕਾਰੀ ਮੈਡੀਕਲ ਕਾਲਜ ਹਸਪਤਾਲ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਕਾਕਾਪੋਰਾ ਦੇ ਹਾਜੀਬਲ ਪਿੰਡ ਦਾ ਬਿਲਾਲ ਅਹਿਮਦ ਕੁਚੇ ਉਨ੍ਹਾਂ 19 ਲੋਕਾਂ 'ਚ ਸ਼ਾਮਲ ਸੀ, ਜਿਨ੍ਹਾਂ 'ਤੇ ਮਾਮਲੇ 'ਚ ਦੋਸ਼ ਲਗਾਏ ਗਏ ਸਨ। ਪੁਲਵਾਮਾ ਦੇ ਲੇਥਪੋਰਾ 'ਚ ਕਾਫਲੇ ਨਾਲ ਵਿਸਫੋਟਕਾਂ ਨਾਲ ਭਰੀ ਕਾਰ ਦੇ ਟੱਕਰ ਮਾਰਨ ਨਾਲ 40 ਜਵਾਨ ਮਾਰੇ ਗਏ ਸਨ ਅਤੇ 8 ਜ਼ਖਮੀ ਹੋ ਗਏ ਸੀ। ਕੁਚੇ ਨੂੰ 17 ਸਤੰਬਰ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ ਅਤੇ ਸੋਮਵਾਰ ਰਾਤ ਉਸ ਦੀ ਮੌਤ ਹੋ ਗਈ। ਕੁਚੇ ਇਸ ਕੇਸ 'ਚ ਗ੍ਰਿਫਤਾਰ ਕੀਤੇ ਗਏ 7 ਮੁਲਜ਼ਮਾਂ ਵਿੱਚੋਂ ਇੱਕ ਸੀ।

## ਭਾਜਪਾ ਮੈਨੂੰ ਚੋਰ ਸਾਬਤ ਕਰਨਾ ਚਾਹੁੰਦੀ ਸੀ : ਕੇਜਰੀਵਾਲ

**ਚੰਡੀਗੜ੍ਹ** : ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮੰਗਲਵਾਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਉਤੇ ਜ਼ੋਰਦਾਰ ਹਮਲਾ ਬੋਲਦਿਆਂ ਦੋਸ਼ ਲਾਇਆ ਕਿ ਉਨ੍ਹਾ ਨੂੰ ਇਸ ਕਾਰਨ ਗ੍ਰਿਫਤਾਰ ਕਰ ਕੇ ਜੇਲ੍ਹ ਭੇਜਿਆ ਗਿਆ ਸੀ, ਕਿਉਂਕਿ ਹਾਕਮ ਪਾਰਟੀ ਉਨ੍ਹਾ ਨੂੰ ਚੋਰ ਵਜੋਂ ਪੇਸ਼ ਕਰਨਾ ਚਾਹੁੰਦੀ ਸੀ, ਜਦੋਂਕਿ ਹਕੀਕਤ ਵਿਚ ਉਨ੍ਹਾ ਦੇ 'ਕੱਟੜ ਤੋਂ ਕੱਟੜ' ਦੁਸ਼ਮਣ ਨੂੰ ਵੀ ਪਤਾ ਹੈ ਕਿ ਉਹ ਭ੍ਰਿਸ਼ਟ ਨਹੀਂ ਹਨ। ਸਿਰਸਾ ਜ਼ਿਲ੍ਹੇ ਦੇ ਰਾਣੀਆ ਹਲਕੇ ਵਿਚ ਪਾਰਟੀ ਉਮੀਦਵਾਰ ਹਰਪਿੰਦਰ ਸਿੰਘ ਦੇ ਹੱਕ ਵਿਚ ਰੋਡ ਸ਼ੋਅ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਉਨ੍ਹਾ ਨੂੰ ਬਿਨਾਂ ਕਿਸੇ ਕਾਰਨ ਸਾਢੇ ਪੰਜ ਮਹੀਨੇ ਜੇਲ੍ਹ ਵਿਚ ਕੱਟਣੇ ਪਏ। ਉਨ੍ਹਾ ਸਵਾਲ ਕੀਤਾ—ਮੇਰਾ ਕਸੂਰ ਕੀ ਸੀ? ਮੇਰਾ ਕਸੂਰ ਸੀ 10 ਸਾਲਾਂ ਤੱਕ ਦਿੱਲੀ ਦਾ ਮੁੱਖ ਮੰਤਰੀ ਰਹਿਣਾ, ਜਿੱਥੇ ਮੈਂ ਗਰੀਬਾਂ ਦੇ ਬੱਚਿਆਂ ਲਈ ਵਧੀਆ ਸਕੂਲ ਬਣਵਾਏ। ਪਹਿਲਾਂ ਦਿੱਲੀ 'ਚ 7-8 ਘੰਟਿਆਂ ਤੱਕ ਦੇ ਬਿਜਲੀ ਕੱਟ ਲੱਗਦੇ ਸਨ, ਪਰ ਹੁਣ ਉਥੇ ਕਰੀਬ ਹਰ ਸਮੇਂ ਬਿਜਲੀ ਮਿਲਦੀ ਹੈ। ਮੇਰਾ ਕਸੂਰ ਇਹ ਸੀ ਕਿ ਮੈਂ ਦਿੱਲੀ ਅਤੇ ਪੰਜਾਬ ਵਿਚ ਬਿਜਲੀ ਮੁਫਤ ਕਰ ਦਿੱਤੀ ਹੈ। ਉਨ੍ਹਾ ਕਿਹਾ—ਮੈਨੂੰ ਇਸ ਕਾਰਨ ਜੇਲ੍ਹ ਵਿਚ ਸੁੱਟਿਆ ਗਿਆ ਕਿ ਵੋ ਮੇਰੀ ਈਮਾਨਦਾਰੀ ਪੇ ਚੋਟ ਕਰਨਾ ਚਾਹਤੇ ਥੇ। ਪਰ ਲੋਕ ਜਾਨਤੇ ਹੈਂ ਕਿ ਮੈਂ ਚੋਰ ਨਹੀਂ।

## ਸਿੱਧਾਰਮਈਆ ਨੂੰ ਹਾਈ ਕੋਰਟ ਤੋਂ ਝਟਕਾ



**ਬੇਂਗਲੁਰੂ** : ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮਈਆ ਨੂੰ ਝਟਕਾ ਦਿੰਦਿਆਂ ਕਰਨਾਟਕ ਹਾਈ ਕੋਰਟ ਨੇ ਮੰਗਲਵਾਰ ਉਨ੍ਹਾ ਦੀ ਉਹ ਪਟੀਸ਼ਨ ਖਾਰਜ ਕਰ ਦਿੱਤੀ, ਜਿਸ ਵਿਚ ਉਨ੍ਹਾ ਥਾਵਾਂ ਦੀ ਅਲਾਟਮੈਂਟ ਦੇ ਇਕ ਮਾਮਲੇ ਵਿਚ ਆਪਣੇ ਖਿਲਾਫ ਜਾਂਚ ਕਰਨ ਦੀ ਸੂਬੇ ਦੇ ਰਾਜਪਾਲ ਥਾਵਰ ਚੰਦ ਗਹਿਲੋਤ ਵੱਲੋਂ ਦਿੱਤੀ ਗਈ ਮਨਜ਼ੂਰੀ ਨੂੰ ਚੁਣੌਤੀ ਦਿੱਤੀ ਸੀ। ਰਾਜਪਾਲ ਨੇ ਮੁੱਖ ਮੰਤਰੀ ਦੀ ਪਤਨੀ ਨੂੰ ਮੈਸੂਰ ਅਰਬਨ ਡਿਵੈੱਲਪਮੈਂਟ ਅਥਾਰਿਟੀ (ਮੂਡਾ) ਵੱਲੋਂ ਅਹਿਮ ਖੇਤਰ ਵਿਚ 14 ਥਾਵਾਂ ਅਲਾਟ ਕੀਤੇ ਜਾਣ ਦੇ ਮਾਮਲੇ ਵਿਚ ਸਿੱਧਾਰਮਈਆ ਖਿਲਾਫ ਜਾਂਚ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਫੈਸਲਾ ਸੁਣਾਉਂਦਿਆਂ ਜਸਟਿਸ ਨਾਗਪ੍ਰਸੰਨਾ ਨੇ ਕਿਹਾ—ਪਟੀਸ਼ਨ ਵਿਚ ਜਿਨ੍ਹਾਂ ਤੱਥਾਂ ਦੀ ਜਾਣਕਾਰੀ ਦਿੱਤੀ ਗਈ ਹੈ, ਬਿਨਾਂ ਸ਼ੱਕ ਉਨ੍ਹਾਂ ਦੀ ਤਫਤੀਸ਼ ਦੀ ਲੋੜ ਹੈ, ਖਾਸਕਰ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਿ ਇਨ੍ਹਾਂ ਸਾਰੀਆਂ ਕਾਰਵਾਈਆਂ ਦਾ ਲਾਭਪਾਤਰੀ ਹੋਰ ਕੋਈ ਨਹੀਂ, ਸਗੋਂ ਪਟੀਸ਼ਨਰ ਦਾ ਪਰਵਾਰ ਹੈ। ਇਸ ਲਈ ਪਟੀਸ਼ਨ ਨੂੰ ਰੱਦ ਕੀਤਾ ਜਾਂਦਾ ਹੈ।

## ਅਮਰਾਸੂਰੀਆ ਸ੍ਰੀਲੰਕਾ ਦੀ ਨਵੀਂ ਪ੍ਰਧਾਨ ਮੰਤਰੀ



**ਕੋਲੰਬੋ** : ਹਰੀਨੀ ਅਮਰਾਸੂਰੀਆ ਨੇ ਮੰਗਲਵਾਰ ਸ੍ਰੀਲੰਕਾ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ। ਨੈਸ਼ਨਲ ਪੀਪਲਜ਼ ਪਾਵਰ (ਐੱਨ ਪੀ ਪੀ) ਦੀ 54 ਸਾਲਾ ਆਗੂ ਨੂੰ ਰਾਸ਼ਟਰਪਤੀ ਅਨੁਰਾ ਕੁਮਾਰਾ ਦੀਸਾਨਾਇਕੇ ਨੇ ਸਹੁੰ ਚੁਕਾਈ। ਅਮਰਾਸੂਰੀਆ ਕੋਲ ਨਿਆਂ, ਸਿੱਖਿਆ, ਕਿਰਤ, ਉਦਯੋਗ, ਵਿਗਿਆਨ ਤੇ ਤਕਨੀਕੀ, ਸਿਹਤ ਅਤੇ ਨਿਵੇਸ਼ ਵਿਭਾਗ ਹੋਣਗੇ। ਅਧਿਕਾਰ ਕਾਰਕੁਨ ਅਤੇ ਯੂਨੀਵਰਸਿਟੀ ਲੈਕਚਰਾਰ ਅਮਰਾਸੂਰੀਆ ਦੇਸ਼ ਦੇ ਇਤਿਹਾਸ 'ਚ ਤੀਜੀ ਮਹਿਲਾ ਪ੍ਰਧਾਨ ਮੰਤਰੀ ਹੈ। ਇਸ ਦੌਰਾਨ ਐੱਨ ਪੀ ਪੀ ਦੇ ਸੰਸਦ ਮੈਂਬਰ ਵਿਜਿਤਾ ਹੇਰਾਥ ਅਤੇ ਲਕਸ਼ਮਣ ਨਿਪੁਨਾਰਚੀ ਨੇ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕੀ ਹੈ।

### ਜੰਮੂ-ਕਸ਼ਮੀਰ 'ਚ ਵੋਟਾਂ ਦਾ ਦੂਜਾ ਗੇੜ ਅੱਜ

**ਸ੍ਰੀਨਗਰ** : ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਤਹਿਤ ਦੂਜੇ ਗੇੜ ਵਿਚ 26 ਸੀਟਾਂ ਲਈ ਬੁੱਧਵਾਰ ਨੂੰ ਵੋਟਾਂ ਪੈਣਗੀਆਂ। ਕਰੀਬ 25 ਲੱਖ ਵੋਟਰ 239 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ, ਜਿਨ੍ਹਾਂ ਵਿਚ ਉਮਰ ਅਬਦੁੱਲਾ, ਜੰਮੂ ਕਸ਼ਮੀਰ ਕਾਂਗਰਸ ਕਮੇਟੀ ਦੇ ਪ੍ਰਧਾਨ ਤਾਰਿਕ ਅਹਿਮਦ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਰਵਿੰਦਰ ਰੈਨਾ ਵੀ ਹਨ। ਦੂਜੇ ਗੇੜ ਤਹਿਤ ਛੇ ਜ਼ਿਲ੍ਹਿਆਂ ਅਧੀਨ ਆਉਂਦੀਆਂ 26 ਸੀਟਾਂ 'ਤੇ ਵੋਟਾਂ ਪੈਣੀਆਂ ਹਨ।

### ਮਨੀਪੁਰ ਦੀਆਂ ਪਹਾੜੀਆਂ 'ਚੋਂ ਅਸਲਾ ਬਰਾਮਦ

**ਇੰਫਾਲ** : ਮਨੀਪੁਰ ਪੁਲਸ ਨੇ ਦੱਸਿਆ ਕਿ ਸੋਮਵਾਰ ਬਿਸ਼ਣੁਪੁਰ ਜ਼ਿਲ੍ਹੇ ਦੀਆਂ ਮਾਚਿਨ ਮਾਨੋ ਪਹਾੜੀਆਂ ਵਿਚ ਤਲਾਸ਼ੀ ਮੁਹਿੰਮ ਦੌਰਾਨ ਇਕ ਮੈਗਜ਼ੀਨ ਨਾਲ ਰਾਈਫਲ, ਦੋ ਰਾਕੇਟ ਦੇ ਗੋਲੇ, ਆਰ ਪੀ ਜੀ ਚਾਰਜਰ, ਤਿੰਨ ਐੱਚ ਈ ਹੱਥਗੋਲੇ ਅਤੇ ਇਕ ਚੀਨੀ ਹੱਥਗੋਲਾ ਬਰਾਮਦ ਕੀਤਾ ਗਿਆ। ਮਨੀਪੁਰ ਵਿਚ ਇੰਫਾਲ ਘਾਟੀ ਦੇ ਮੇਤੇਈ ਸਮੁਦਾਇ ਅਤੇ ਨਜ਼ਦੀਕੀ ਪਹਾੜੀ ਇਲਾਕਿਆਂ ਵਿਚ ਰਹਿਣ ਵਾਲੇ ਕੁੱਕੀ ਸਮੁਦਾਇ ਵਿਚਕਾਰ ਜਾਰੀ ਜਾਤੀਗਤ ਹਿੰਸਾ ਵਿਚ 200 ਤੋਂ ਜ਼ਿਆਦਾ ਲੋਕ ਮਾਰੇ ਗਏ ਹਨ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ।

### ਹੁਣ ਪ੍ਰਸ਼ਾਦ 'ਚ ਚੂਹੇ ਦੇ ਬੱਚੇ

**ਮੁੰਬਈ** : ਤਿਰੁਪਤੀ ਮੰਦਰ ਦੇ ਲੱਡੂਆਂ 'ਚ ਪਸ਼ੂਆਂ ਦੀ ਚਰਬੀ ਦੀ ਮਿਲਾਵਟ ਦੇ ਮਾਮਲੇ ਦਰਮਿਆਨ ਮੁੰਬਈ ਦੇ ਸਿੱਧੀਵਿਨਾਇਕ ਮੰਦਰ ਦੇ ਪ੍ਰਸਾਦ ਦੀ ਸ਼ੁੱਧਤਾ 'ਤੇ ਵੀ ਸਵਾਲ ਖੜ੍ਹੇ ਹੋ ਗਏ ਹਨ। ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਸਿੱਧੀਵਿਨਾਇਕ ਮੰਦਰ ਦੇ ਪ੍ਰਸਾਦ ਦੇ ਪੈਕੇਟ 'ਚ ਚੂਹਿਆਂ ਦੇ ਬੱਚੇ ਮਿਲੇ ਹਨ। ਸਿੱਧੀਵਿਨਾਇਕ ਗਣਪਤੀ ਮੰਦਰ ਟਰੱਸਟ ਦੇ ਪ੍ਰਧਾਨ ਸਦਾ ਸਰਵਣਕਰ ਨੇ ਕਿਹਾ ਕਿ ਇਹ ਵੀਡੀਓ ਉਨ੍ਹਾਂ ਦੇ ਮੰਦਰ ਦੀ ਨਹੀਂ ਹੈ।

### ਮਾਲ ਗੱਡੀ ਪਟੜੀਓਂ ਉੱਤਰੀ

**ਕੋਲਕਾਤਾ** : ਪੱਛਮੀ ਬੰਗਾਲ ਦੇ ਜਲਪਾਈਗੁੜੀ ਜ਼ਿਲ੍ਹੇ ਦੇ ਨਿਊਮੈਨਾਗੁੜੀ ਰੇਲਵੇ ਸਟੇਸ਼ਟਨ 'ਤੇ ਮੰਗਲਵਾਰ ਸਵੇਰ ਖਾਲੀ ਮਾਲ ਗੱਡੀ ਦੇ ਪੰਜ ਡੱਬੇ ਲੀਹ ਤੋਂ ਉੱਤਰ ਗਏ। ਗੁਹਾਟੀ ਤੋਂ ਆ ਰਹੀ ਮਾਲ ਗੱਡੀ ਨਿਊਜਲਪਾਈਗੁੜੀ ਜਾ ਰਹੀ ਸੀ।

## ਭਾਜਪਾ ਵੱਲੋਂ ਫੈਲਾਈ ਬੇਰੁਜ਼ਗਾਰੀ ਦੀ ਬਿਮਾਰੀ ਦੀ ਲੱਖਾਂ ਪਰਵਾਰ ਕੀਮਤ ਚੁਕਾ ਰਹੇ : ਰਾਹੁਲ

**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਹਰਿਆਣਾ ਵਿਚ ਬੇਰੁਜ਼ਗਾਰੀ ਦੇ ਮੁੱਦੇ ਉਤੇ ਮੰਗਲਵਾਰ ਭਾਜਪਾ ਨੂੰ ਸਵਾਲ ਕੀਤਾ ਕਿ ਆਖਰ ਸੂਬੇ ਦੇ ਨੌਜਵਾਨ 'ਡੰਕੀ' ਬਣਨ ਲਈ ਕਿਉਂ ਮਜਬੂਰ ਹਨ? ਉਨ੍ਹਾ ਕਿਹਾ ਕਿ ਹਰਿਆਣਾ ਵਿਚ ਕਾਂਗਰਸ ਸਰਕਾਰ ਬਣਨ ਉਤੇ ਅਜਿਹਾ ਢਾਂਚਾ ਬਣਾਇਆ ਜਾਵੇਗਾ ਕਿ ਨੌਜਵਾਨਾਂ ਨੂੰ ਆਪਣੇ ਸੁਪਨੇ ਸਾਕਾਰ ਕਰਨ ਲਈ ਆਪਣਿਆਂ ਤੋਂ ਦੂਰ ਨਾ ਜਾਣਾ ਪਵੇ।

ਉਨ੍ਹਾ ਕਿਹਾ ਕਿ ਭਾਜਪਾ ਨੇ ਨੌਜਵਾਨਾਂ ਤੋਂ ਰੁਜ਼ਗਾਰ ਦੇ ਮੌਕੇ ਖੋਹ ਕੇ ਸਾਰੇ ਦੇਸ਼ ਦੇ ਨੌਜਵਾਨਾਂ ਨਾਲ ਹੀ ਭਾਰੀ ਨਾਇਨਸਾਫੀ ਕੀਤੀ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣੀ ਜਾਨ ਜੋਖਮ ਵਿਚ ਪਾ ਕੇ ਵਿਦੇਸ਼ਾਂ ਦੇ ਮੁਸੀਬਤਾਂ ਭਰੇ ਸਫਰ ਉਤੇ ਨਿਕਲਣਾ ਪੈਂਦਾ ਹੈ। ਉਨ੍ਹਾ ਇਹ ਟਿੱਪਣੀਆਂ ਹਰਿਆਣਾ ਦੇ ਕੁਝ ਨੌਜਵਾਨਾਂ ਨਾਲ ਅਮਰੀਕਾ ਵਿਚ ਕੀਤੀ ਮੁਲਾਕਾਤ ਦੀ ਮੰਗਲਵਾਰ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉਤੇ ਵੀਡੀਓ ਸ਼ੇਅਰ ਕਰਦਿਆਂ ਕੀਤੀਆਂ। ਇਨ੍ਹਾਂ ਨੌਜਵਾਨਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਭਾਰਤ-ਹਰਿਆਣਾ ਵਿਚ ਬੇਰੁਜ਼ਗਾਰੀ ਕਾਰਨ ਅਮਰੀਕਾ ਜਾਣ ਲਈ ਮਜਬੂਰ ਹੋਣਾ ਪਿਆ ਅਤੇ ਇਸ ਦੌਰਾਨ ਉਨ੍ਹਾਂ ਨੂੰ ਇਸ ਵਿਦੇਸ਼ੀ ਧਰਤੀ ਉਤੇ ਭਾਰੀ ਮੁਸ਼ਕਲਾਂ ਵੀ ਝੱਲਣੀਆਂ ਪਈਆਂ। ਇਸ ਪੋਸਟ, ਜਿਸ ਨਾਲ ਵੀਡੀਓ ਵੀ ਨੱਥੀ ਹੈ, ਵਿਚ ਰਾਹੁਲ ਗਾਂਧੀ ਨੇ ਕਿਹਾ—ਹਰਿਆਣਾ ਦੇ ਨੌਜਵਾਨ 'ਡੰਕੀ' ਕਿਉਂ ਬਣੇ? ਭਾਜਪਾ ਵੱਲੋਂ ਫੈਲਾਈ ਗਈ 'ਬੇਰੁਜ਼ਗਾਰੀ ਦੀ ਬਿਮਾਰੀ' ਦੀ ਕੀਮਤ ਲੱਖਾਂ ਪਰਵਾਰ ਆਪਣਿਆਂ ਤੋਂ ਦੂਰ ਹੋ ਕੇ ਚੁਕਾ ਰਹੇ ਹਨ।

ਗੌਰਤਲਬ ਹੈ ਕਿ 'ਡੰਕੀ'/ਡੌਂਕੀ ਦਾ ਮਤਲਬ ਹੁੰਦਾ ਹੈ 'ਡੰਕੀ ਉਡਾਣਾਂ' ਲੈ ਕੇ ਗੈਰਕਾਨੂੰਨੀ ਅਤੇ ਖਤਰਨਾਕ ਹਾਲਾਤ ਵਿਚ ਪੱਛਮੀ ਮੁਲਕਾਂ ਵਿਚ ਰੁਜ਼ਗਾਰ ਲਈ ਪਰਵਾਸ ਕਰਨਾ। ਇਸ ਮੁੱਦੇ ਉਤੇ ਅਤੇ ਇਸੇ ਸਿਰਲੇਖ 'ਡੰਕੀ' ਵਾਲੀ ਬੀਤੇ ਸਾਲ ਸ਼ਾਹਰੁਖ ਖਾਨ ਦੀ ਅਦਾਕਾਰੀ ਵਾਲੀ ਰਾਜਕੁਮਾਰ ਹੀਰਾਨੀ ਦੀ ਫਿਲਮ ਵੀ ਆਈ ਸੀ।

## ਕੇਜਰੀਵਾਲ ਦੇ ਹਨੂੰਮਾਨ



**ਨਵੀਂ ਦਿੱਲੀ** : ਟਰਾਂਸਪੋਰਟ ਮੰਤਰੀ ਦਾ ਮੰਗਲਵਾਰ ਚਾਰਜ ਸੰਭਾਲਣ ਵੇਲੇ ਕੈਲਾਸ਼ ਗਹਿਲੋਤ ਨੇ ਕਿਹਾ ਕਿ ਉਹ ਅਧੂਰੇ ਪ੍ਰੋਜੈਕਟ ਪੂਰੇ ਕਰਨ ਲਈ ਹਨੂੰਮਾਨ ਵਾਂਗ ਕੰਮ ਕਰਨਗੇ, ਕਿਉਂਕਿ ਉਹ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਰਾਮ ਤੁਲ ਤੇ ਕੌਮੀ ਰਾਜਧਾਨੀ ਨੂੰ ਉਨ੍ਹਾ ਦੇ ਰਾਮ ਰਾਜ ਸਮਝਦੇ ਹਨ। ਨਜਫਗੜ੍ਹ ਤੋਂ ਦੋ ਵਾਰ ਵਿਧਾਇਕ ਚੁਣੇ ਗਏ ਗਹਿਲੋਤ ਨੇ ਆਪਣੇ ਟੇਬਲ 'ਤੇ ਹਨੂੰਮਾਨ ਦੀ ਮੂਰਤੀ ਵੀ ਰੱਖੀ ਹੈ। ਸੋਮਵਾਰ ਆਤਿਸ਼ੀ ਨੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਵੇਲੇ ਨਾਲ ਇੱਕ ਕੁਰਸੀ ਖਾਲੀ ਰੱਖੀ ਸੀ ਤੇ ਕਿਹਾ ਸੀ ਕਿ ਉੱਥੇ ਫਰਵਰੀ ਦੀਆਂ ਅਸੰਬਲੀ ਚੋਣਾਂ ਵਿਚ ਜਿੱਤ ਹਾਸਲ ਕਰਕੇ ਕੇਜਰੀਵਾਲ ਮੁੜ ਮੁੱਖ ਮੰਤਰੀ ਵਜੋਂ ਬੈਠਣਗੇ। ਓਨਾ ਚਿਰ ਉਹ ਭਰਤ ਵਾਂਗ ਸਰਕਾਰ ਚਲਾਏਗੀ।

## ਆਪਣੇ ਰਾਜ 'ਚ !



**ਨਵੀਂ ਦਿੱਲੀ** : ਦਿੱਲੀ ਅਰਬਨ ਆਰਟਸ ਕਮਿਸ਼ਨ ਨੇ ਕੌਮੀ ਰਾਜਧਾਨੀ ਦੇ ਝੰਡੇਵਾਲਾਨ ਇਲਾਕੇ ਵਿਚ ਆਰ ਐੱਸ ਐੱਸ ਦੇ ਨਵੇਂ 12 ਮੰਜ਼ਲਾ ਹੈੱਡਕੁਆਰਟਰ ਨੂੰ ਨੋ-ਆਬਜੈਕਸ਼ਨ ਸਰਟੀਫਿਕੇਟ (ਐੱਨ ਓ ਸੀ) ਦੇ ਦਿੱਤਾ ਹੈ। ਕਮਿਸ਼ਨ ਨੇ ਕੇਸ਼ਵ ਕੁੰਜ ਨਾਂਅ ਦੇ ਹੈੱਡਕੁਆਰਟਰ ਨੂੰ ਐੱਨ ਓ ਸੀ ਦੇਣ ਬਾਰੇ ਇਕ ਅਗਸਤ ਦੀ ਬੈਠਕ ਵਿਚ ਵਿਚਾਰ ਕੀਤੀ ਸੀ, ਪਰ ਦਸਤਾਵੇਜ਼ਾਂ ਦੀ ਘਾਟ ਕਾਰਨ ਐੱਨ ਓ ਸੀ ਨਹੀਂ ਦਿੱਤੀ ਸੀ। 29 ਅਗਸਤ ਦੀ ਬੈਠਕ ਵਿਚ ਸਰਟੀਫਿਕੇਟ ਦੇਣ ਨੂੰ ਮਨਜ਼ੂਰੀ ਦੇ ਦਿੱਤੀ। ਹੁਣ ਛੇਤੀ ਹੀ ਇਸ ਦਾ ਉਦਘਾਟਨ ਕੀਤਾ ਜਾ ਸਕਦਾ ਹੈ। ਹੈੱਡਕੁਆਰਟਰ ਦੀਆਂ ਇਮਾਰਤਾਂ ਕਰੀਬ ਢਾਈ ਏਕੜ ਰਕਬੇ ਵਿਚ ਨਵੇਂ ਸਿਰਿਓਂ ਬਣਾਈਆਂ ਗਈਆਂ ਹਨ। ਪਹਿਲਾਂ ਵੀ ਦਫਤਰ ਇੱਥੇ ਹੀ ਹੁੰਦਾ ਸੀ, ਹੁਣ ਇੱਥੇ ਤਿੰਨ ਟਾਵਰ ਬਣਾਏ ਗਏ ਹਨ ਤੇ ਹਰ ਟਾਵਰ ਵਿਚ ਗਰਾਊਂਡ ਫਲੋਰ ਪਲੱਸ 12 ਫਲੋਰ ਹਨ। ਪਹਿਲੇ ਤੇ ਦੂਜੇ ਟਾਵਰ ਵਿਚ ਪੰਜ-ਪੰਜ ਤੇ ਤੀਜੇ ਵਿਚ ਤਿੰਨ ਲਿਫਟਾਂ ਹਨ। ਹਰ ਟਾਵਰ ਵਿਚ ਇਕ ਸਰਵਿਸ ਲਿਫਟ ਵੀ ਹੈ। ਇਕ ਹਨੂੰਮਾਨ ਮੰਦਰ ਤੇ 20 ਬੈੱਡ ਦਾ ਹਸਪਤਾਲ ਵੀ ਬਣਾਇਆ ਗਿਆ ਹੈ। 200 ਤੋਂ ਵੱਧ ਗੱਡੀਆਂ ਪਾਰਕ ਹੋ ਸਕਣਗੀਆਂ। ਗਿਆਰਵੀਂ ਮੰਜ਼ਲ 'ਤੇ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਦੀ ਰਿਹਾਇਸ਼ ਹੋਵੇਗੀ। ਭਾਜਪਾ ਨੂੰ ਆਰ ਐੱਸ ਐੱਸ ਦੀ 'ਔਲਾਦ' ਮੰਨਿਆ ਜਾਂਦਾ ਹੈ, ਜਿਹੜੀ ਦੇਸ਼ 'ਤੇ 10 ਸਾਲ ਤੋਂ ਵੱਧ ਸਮੇਂ ਤੋਂ ਰਾਜ ਕਰ ਰਹੀ ਹੈ।

# ਮਾਮਾ, ਤਾਈ, ਤਾਇਆ ਨਹੀਂ ਚੱਲਣਗੇ

## ਮੈਡੀਕਲ ਕੋਰਸਾਂ 'ਚ ਦਾਖਲਿਆਂ ਲਈ ਐੱਨ ਆਰ ਆਈ ਦੀ ਪਰਿਭਾਸ਼ਾ ਦਾ ਦਾਇਰਾ ਵਧਾਉਣ ਦਾ ਪੰਜਾਬ ਸਰਕਾਰ ਦਾ ਫੈਸਲਾ ਸੁਪਰੀਮ ਕੋਰਟ ਵੱਲੋਂ ਵੀ ਰੱਦ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੂਬੇ ਦੇ ਮੈਡੀਕਲ ਕਾਲਜਾਂ ਵਿਚ ਐੱਮ ਬੀ ਬੀ ਐੱਸ ਅਤੇ ਬੀ ਡੀ ਐੱਸ ਕੋਰਸਾਂ 'ਚ ਦਾਖਲਿਆਂ ਲਈ 'ਐੱਨ ਆਰ ਆਈ ਕੋਟੇ' ਦੀ ਪ੍ਰੀਭਾਸ਼ਾ ਬਦਲਣ ਦੀ ਕਾਰਵਾਈ ਨੂੰ ਰੱਦ ਕਰਨ ਦੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਖਿਲਾਫ ਪੰਜਾਬ ਸਰਕਾਰ ਵੱਲੋਂ ਦਾਇਰ ਅਪੀਲ ਨੂੰ ਮੰਗਲਵਾਰ ਖਾਰਜ ਕਰ ਦਿੱਤਾ। ਸੁਪਰੀਮ ਕੋਰਟ ਨੇ ਇਸ ਨੂੰ ਪੂਰੀ ਤਰ੍ਹਾਂ ਧੋਖਾਧੜੀ ਅਤੇ ਪੈਸੇ ਕਮਾਉਣ ਦਾ ਜ਼ਰੀਆ ਕਰਾਰ ਦਿੱਤਾ ਹੈ।



ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ—ਇਹ ਐੱਨ ਆਰ ਆਈ ਬਿਜ਼ਨਸ ਫਰਾਡ ਹੈ। ਇਹ ਹੁਣ ਬੰਦ। ਜਿਨ੍ਹਾਂ ਵਿਦਿਆਰਥੀਆਂ ਨੇ ਤਿੰਨ ਗੁਣਾ ਵੱਧ ਅੰਕ ਲਏ ਸਨ, ਉਹ ਦਾਖਲੇ ਤੋਂ ਰਹਿ ਜਾਣਗੇ। ਅਸੀਂ ਇਸ ਗੈਰਕਾਨੂੰਨੀ ਵਰਤਾਰੇ ਦੀ ਹਮਾਇਤ ਨਹੀਂ ਕਰ ਸਕਦੇ।

ਪੰਜਾਬ ਸਰਕਾਰ ਨੇ 20 ਅਗਸਤ ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਵਿਚ ਐੱਨ ਆਰ ਆਈ ਉਮੀਦਵਾਰ ਦੀ ਪ੍ਰੀਭਾਸ਼ਾ ਚੌੜੇਰੀ ਕਰਕੇ ਕਿਹਾ ਸੀ ਕਿ ਐੱਨ ਆਰ ਆਈਜ਼ ਦੇ ਦੂਰ ਦੇ ਰਿਸ਼ਤੇਦਾਰ ਵੀ 15 ਫੀਸਦੀ ਐੱਨ ਆਰ ਆਈ ਕੋਟੇ ਵਿਚ ਦਾਖਲਾ ਲੈ ਸਕਦੇ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 10 ਸਤੰਬਰ ਨੂੰ ਨੋਟੀਫਿਕੇਸ਼ਨ ਰੱਦ ਕਰਦਿਆਂ ਕਿਹਾ ਸੀ ਕਿ ਨਵੀਂ ਪ੍ਰੀਭਾਸ਼ਾ ਦਾ ਗਲਤ ਇਸਤੇਮਾਲ ਹੋਵੇਗਾ ਤੇ ਹੱਕਦਾਰ ਉਮੀਦਵਾਰ ਦਾਖਲੇ ਤੋਂ ਵਿਰਵੇ ਰਹਿ ਜਾਣਗੇ। ਹਾਈ ਕੋਰਟ ਦੇ ਫੈਸਲੇ ਨਾਲ ਸਹਿਮਤ ਹੁੰਦਿਆਂ ਸੁਪਰੀਮ ਕੋਰਟ ਨੇ ਕਿਹਾ—ਸਾਨੂੰ ਇਸ ਐੱਨ ਆਰ ਆਈ ਕੋਟਾ ਬਿਜ਼ਨਸ ਨੂੰ ਹੁਣੇ ਬੰਦ ਕਰਨਾ ਪਵੇਗਾ। ਇਹ ਸਰੀਹਨ ਫਰਾਡ ਹੈ ਤੇ ਅਸੀਂ ਇਸ ਤਰ੍ਹਾਂ ਵਿਦਿਅਕ ਪ੍ਰਣਾਲੀ ਨਾਲ ਖਿਲਵਾੜ ਕਰ ਰਹੇ ਹਾਂ। ਜੱਜਾਂ ਨੂੰ ਪਤਾ ਹੁੰਦਾ ਹੈ ਕਿ ਉਹ ਕਿਹੜੇ ਮਾਮਲੇ ਨਾਲ ਨਜਿੱਠ ਰਹੇ ਹਨ ਤੇ ਹਾਈ ਕੋਰਟ ਨੇ ਬਾਰੀਕੀ ਨਾਲ ਮਾਮਲਾ ਨਜਿੱਠਿਆ ਹੈ।

ਸੁਪਰੀਮ ਕੋਰਟ ਨੇ ਕਿਹਾ—ਇਸ ਨੀਤੀ ਦੇ ਖਤਰਨਾਕ ਨਤੀਜਿਆਂ ਨੂੰ ਦੇਖੋ। ਜਿਹੜੇ ਉਮੀਦਵਾਰਾਂ ਨੇ ਨੀਟ- ਯੂ ਜੀ ਵਿਚ ਤਿੰਨ ਗੁਣਾ ਵੱਧ ਅੰਕ ਲਏ, ਉਹ ਦਾਖਲੇ ਤੋਂ ਰਹਿ ਜਾਣਗੇ। ਹਾਈ ਕੋਰਟ ਦਾ ਫੈਸਲਾ ਪੂਰੀ ਤਰ੍ਹਾਂ ਸਹੀ ਹੈ।

ਬੈਂਚ, ਜਿਸ ਵਿਚ ਜਸਟਿਸ ਜੇ ਬੀ ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਸਨ, ਨੇ ਕਿਹਾ—ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਐੱਨ ਆਰ ਆਈ ਦੇ ਕਰੀਬੀ ਰਿਸ਼ਤੇਦਾਰ ਨੂੰ ਕੋਟੇ ਤਹਿਤ ਦਾਖਲੇ ਲਈ ਵਿਚਾਰਿਆ ਜਾਵੇਗਾ। ਬੱਚਾ ਬੱਚਾ ਹੁੰਦਾ ਹੈ, ਕਿਸੇ ਦਾ ਵੀ ਹੋ ਸਕਦਾ ਹੈ। ਇਹ ਕੀ ਹੈ? ਇਹ ਸੂਬੇ ਦਾ ਪੈਸੇ ਕਮਾਉਣ ਦਾ ਜ਼ਰੀਆ ਹੈ। ਐੱਨ ਆਰ ਆਈ ਦੀ ਪ੍ਰੀਭਾਸ਼ਾ ਦਾ ਦਾਇਰਾ ਵਧਾਉਣ ਨਾਲ ਬਾਹਰ ਰਹਿੰਦੇ ਕਿਸੇ ਮਾਮੇ, ਤਾਈ, ਤਾਏ ਦਾ ਦੂਰ ਦਾ ਰਿਸ਼ਤੇਦਾਰ ਹੋਣਹਾਰ ਵਿਦਿਆਰਥੀ ਨੂੰ ਪਿੱਛੇ ਛੱਡ ਕੇ ਦਾਖਲਾ ਲੈ ਜਾਵੇ, ਇਸ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਸ਼ਾਦਾਨ ਫਰਾਸਤ ਨੇ ਨੋਟੀਫਿਕੇਸ਼ਨ ਦਾ ਬਚਾਅ ਕਰਦਿਆਂ ਕਿਹਾ ਕਿ ਹਿਮਾਚਲ, ਯੂ ਪੀ ਤੇ ਚੰਡੀਗੜ੍ਹ ਐੱਨ ਆਰ ਆਈ ਦੀਆਂ ਇਸੇ ਤਰ੍ਹਾਂ ਦੀ ਪ੍ਰੀਭਾਸ਼ਾ ਤਹਿਤ ਦਾਖਲੇ ਦਿੰਦੇ ਹਨ, ਪਰ ਸੁਪਰੀਮ ਕੋਰਟ ਸਹਿਮਤ ਨਹੀਂ ਹੋਈ।

## ਅੱਜ-ਨਾਮਾ

ਆਦਿੱਤਿਆ ਨਾਥ ਨਾ ਅੜੀ ਤੋਂ ਹਟੇ ਪਿੱਛੇ,<br>
ਹੁਕਮ ਸਖਤ ਜਿਹੇ ਕਰੀ-ਕਰਾਈ ਜਾਂਦਾ।<br>
ਨੌਕਰ-ਮਾਲਕ ਦੇ ਲਿਖੋ ਨਾਂਅ ਬੋਰਡਾਂ 'ਤੇ,<br>
ਏਦਾਂ ਦੇ ਹੁਕਮ ਛੱਡ ਸਾਹ ਸੁਕਾਈ ਜਾਂਦਾ।<br>
ਦਿੱਸਣਾ ਧਰਮ ਦਾ ਫਰਕ ਆ ਬੋਰਡਾਂ 'ਤੇ,<br>
ਮੁੱਦਾ ਲੋਕਾਂ ਦੀ ਸਮਝ ਸਭ ਆਈ ਜਾਂਦਾ।<br>
ਸੁੱਖਾਂ ਨਾਲ ਵੱਸਦੇ ਲੋਕ ਨਾ ਰਹਿਣ ਦਿੰਦਾ,<br>
ਫਾਸਲਾ ਧਰਮ ਦੇ ਫਰਕ ਦਾ ਪਾਈ ਜਾਂਦਾ।<br>
ਅਦਾਲਤੀ ਹੁਕਮ ਦੀ ਬਾਤ ਵੀ ਸੋਚਦਾ ਨਾ,<br>
ਨਿਯਮ-ਕਾਨੂੰਨਾਂ ਤੋਂ ਪਾਸੇ ਵੀ ਜਾਏ ਯੋਗੀ।<br>
ਜਿਹੜੀ ਸੋਚ ਜਿਹੀ ਚਿਰਾਂ ਦੀ ਸਿਰ ਅੰਦਰ,<br>
ਅਮਲ ਤਾਂ ਉਹਦੇ ਹੀ ਕਰੇ-ਕਰਾਏ ਯੋਗੀ।

-ਤੀਸ ਮਾਰ ਖਾਂ

# 586 ਹੋਰ ਨੌਜਵਾਨਾਂ ਨੂੰ ਨਿਯੁਕਤੀ ਪੱਤਰ

**ਚੰਡੀਗੜ੍ਹ (ਕ੍ਰਿਸ਼ਨ ਗਰਗ)**

ਪੰਜਾਬ ਸਰਕਾਰ ਨੇ ਆਪਣੇ ਕਾਰਜਕਾਲ ਦੇ ਮਹਿਜ਼ 30 ਮਹੀਨਿਆਂ ਵਿੱਚ ਨੌਜਵਾਨਾਂ ਨੂੰ 45560 ਸਰਕਾਰੀ ਨੌਕਰੀਆਂ ਪ੍ਰਦਾਨ ਕਰਕੇ ਇੱਕ ਵੱਡਾ ਮੀਲ ਪੱਥਰ ਹਾਸਲ ਕੀਤਾ ਹੈ।



ਟੈਗੋਰ ਥੀਏਟਰ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਤਰਫੋਂ ਸਿਹਤ ਤੇ ਪਰਵਾਰ ਭਲਾਈ ਵਿਭਾਗ ਵਿੱਚ ਨਵੇਂ ਭਰਤੀ ਹੋਏ 586 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਨੂੰ ਵੱਡੀ ਪ੍ਰਾਪਤੀ ਦੱਸਿਆ, ਜੋ ਨੌਜਵਾਨਾਂ ਦੀ ਤਕਦੀਰ ਬਦਲਣ ਵਿੱਚ ਅਹਿਮ ਸਿੱਧ ਹੋਵੇਗੀ। ਉਨ੍ਹਾ ਕਿਹਾ ਕਿ 'ਮਿਸ਼ਨ ਰੁਜ਼ਗਾਰ' ਨੌਜਵਾਨਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹਣ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਡਾਕਟਰ ਬਲਬੀਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਨੂੰ ਹੋਰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਪੜਾਅਵਾਰ 1390 ਡਾਕਟਰਾਂ ਦੀਆਂ ਅਸਾਮੀਆਂ ਭਰੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚੋਂ ਪਹਿਲੇ ਪੜਾਅ ਵਿੱਚ 400 ਅਸਾਮੀਆਂ ਲਈ ਇਸ਼ਤਿਹਾਰ ਜਾਰੀ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ 435 ਹਾਊਸ ਸਰਜਨਾਂ ਦੀ ਨਿਯੁਕਤੀ ਵੀ ਪ੍ਰਕਿਰਿਆ ਅਧੀਨ ਹੈ।ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਿਹਤ ਵਿਭਾਗ ਵਿੱਚ ਮੰਗਲਵਾਰ ਭਰਤੀ ਹੋਏ 586 ਉਮੀਦਵਾਰਾਂ ਸਮੇਤ ਕੁੱਲ 1910 ਨਵੇਂ ਉਮੀਦਵਾਰਾਂ ਦੀ ਭਰਤੀ ਕੀਤੀ ਗਈ ਹੈ। ਸਿਹਤ ਮੰਤਰੀ ਨੇ ਦੱਸਿਆ ਕਿ ਸਿਹਤ ਵਿਭਾਗ ਵਿੱਚ ਨਵੀਂ ਭਰਤੀ ਤਹਿਤ ਮਲਟੀਪਰਪਜ਼ ਹੈੱਲਥ ਵਰਕਰਾਂ (ਮਹਿਲਾਵਾਂ) ਦੀਆਂ ਕੁੱਲ 986 ਰੈਗੂਲਰ ਭਰਤੀਆਂ ਹੋਈਆਂ ਹਨ, ਜਿਨ੍ਹਾਂ ਵਿੱਚੋਂ 586 ਵਿਭਾਗ ਵਿੱਚ ਜੁਆਇਨ ਕਰ ਰਹੇ ਹਨ, ਜਦੋਂਕਿ 428 ਹੋਰ ਉਮੀਦਵਾਰਾਂ ਨੂੰ ਜਲਦ ਹੀ ਨਿਯੁਕਤੀ ਪੱਤਰ ਸੌਂਪੇ ਜਾਣਗੇ।ਉਹਨਾ ਦੱਸਿਆ ਕਿ ਸੂਬੇ ਵਿੱਚ 30 ਨਵੇਂ ਆਮ ਆਦਮੀ ਕਲੀਨਿਕ ਸ਼ੁਰੂ ਹੋਣ ਦੇ ਨਾਲ ਹੀ 30 ਮਹੀਨਿਆਂ ਵਿੱਚ ਕਲੀਨਿਕਾਂ ਦੀ ਕੁੱਲ ਗਿਣਤੀ 872 ਹੋ ਗਈ ਹੈ ਅਤੇ 2 ਕਰੋੜ ਤੋਂ ਵੱਧ ਲੋਕ ਇਨ੍ਹਾਂ ਕਲੀਨਿਕਾਂ ਤੋਂ ਆਪਣਾ ਇਲਾਜ ਕਰਵਾ ਚੁੱਕੇ ਹਨ।

## ਨਵੇਂ ਮੰਤਰੀਆਂ ਨੂੰ ਮਿਸ਼ਨਰੀ ਉਤਸ਼ਾਹ ਨਾਲ ਕੰਮ ਕਰਨ ਦਾ ਮੰਤਰ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬਾਈ ਕੈਬਨਿਟ ਵਿੱਚ ਸ਼ਾਮਲ ਹੋਏ ਨਵੇਂ ਮੰਤਰੀਆਂ ਨੂੰ ਸਲਾਹ ਦਿੱਤੀ ਕਿ ਉਹ ਆਪਣਾ ਕੰਮ ਪੂਰੀ ਦਿਆਨਤਦਾਰੀ, ਸਮਰਪਣ, ਸੰਜੀਦਗੀ ਤੇ ਵਚਨਬੱਧਤਾ ਨਾਲ ਕਰਨ ਤਾਂ ਕਿ ਲੋਕ-ਪੱਖੀ ਸਕੀਮਾਂ ਦਾ ਲਾਭ ਜ਼ਮੀਨੀ ਪੱਧਰ ਉਤੇ ਲੋਕਾਂ ਤੱਕ ਪੁੱਜਣਾ ਯਕੀਨੀ ਬਣੇ।

ਆਪਣੀ ਰਿਹਾਇਸ਼ ਉਤੇ ਕੈਬਨਿਟ ਮੰਤਰੀਆਂ ਨਾਲ ਗੱਲਬਾਤ ਕਰਦਿਆਂ ਮਾਨ ਨੇ ਕਿਹਾ ਕਿ ਲੋਕਾਂ ਨੇ ਵੱਡਾ ਫਤਵਾ ਦੇ ਕੇ ਵੱਡੀ ਜ਼ਿੰਮੇਵਾਰੀ ਸਾਡੇ ਸਾਰਿਆਂ ਦੇ ਮੋਢਿਆਂ ਉਤੇ ਪਾਈ ਹੈ। ਹਰੇਕ ਮੰਤਰੀ ਦਾ ਫ਼ਰਜ਼ ਬਣਦਾ ਹੈ ਕਿ ਲੋਕਾਂ ਦੀ ਭਲਾਈ ਅਤੇ ਸੂਬੇ ਦੀ ਤਰੱਕੀ ਲਈ ਮਿਹਨਤ ਕਰਨ। ਉਨ੍ਹਾ ਕਿਹਾ ਕਿ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨਾ ਅਤੇ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣਾ ਸਮੇਂ ਦੀ ਲੋੜ ਹੈ।ਮੁੱਖ ਮੰਤਰੀ ਨੇ ਕਿਹਾ ਕਿ

ਬਾਕੀ ਸਫ਼ਾ 2 'ਤੇ

## ਸੰਤ ਸੰਤ ਰਾਮ ਗੁਰੂਕੁਲ ਨੇ ਜ਼ੋਨਲ ਐਥਲੈਟਿਕ ਮੀਟ 'ਚੋਂ 24 ਤਮਗੇ ਜਿੱਤੇ



**ਜਗਰਾਉਂ (ਸੰਜੀਵ ਅਰੋੜਾ)**-ਇਲਾਕੇ ਦੀ ਨਾਮਵਰ ਸੰਸਥਾ ਸੰਤ ਸੰਤ ਰਾਮ ਗੁਰੂਕੁਲ ਬਜ਼ੁਰਗ ਦੇ ਵਿਦਿਆਰਥੀਆਂ ਨੇ ਜ਼ੋਨਲ ਐਥਲੈਟਿਕ ਮੀਟ ਜੋ ਕਿ ਕਮਾਲਪੁਰਾ ਵਿਖੇ ਕਰਵਾਈ ਗਈ ਸੀ, ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੇ ਚੇਅਰਮੈਨ ਰਾਜਵਿੰਦਰ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਬਬਨਪ੍ਰੀਤ ਕੌਰ ਤੇ ਅਸੀਸ ਕੌਰ ਨੇ ਡਿਸਕਸ ਥ੍ਰੋ ਵਿੱਚੋਂ ਕ੍ਰਮਵਾਰ ਦੂਜਾ ਤੇ ਤੀਜਾ, ਡਿਸਕਸ ਥ੍ਰੋ ਵਿੱਚੋਂ ਹੀ ਹਮਰਾਜ ਕੌਰ ਨੇ ਦੂਜਾ, 1500 ਮੀਟਰ ਵਿੱਚੋਂ ਹਰਮੀਤ ਕੌਰ ਤੇ ਤੀਸਰਾ, 600 ਮੀਟਰ ਵਿੱਚੋਂ ਨਵਨੀਤ ਕੌਰ ਨੇ ਤੀਜਾ, ਟ੍ਰਿਪਲ ਜੰਪ ਵਿੱਚੋਂ ਅਸੀਸ ਕੌਰ ਨੇ ਪਹਿਲਾ, ਰਵਨੀਤ ਕੌਰ ਨੇ ਦੂਸਰਾ ਵਾਕ ਰੇਲ ਵਿੱਚੋਂ ਹਰਵੀਰ ਕੌਰ ਨੇ ਪਹਿਲਾ, 3000 ਮੀਟਰ ਰੇਸ ਵਿੱਚੋਂ ਹਰਲੀਨ ਕੌਰ ਨੇ ਦੂਸਰਾ, 400 ਮੀਟਰ ਰੇਸ ਵਿੱਚੋਂ ਅਰਮਾਨਪ੍ਰੀਤ ਕੌਰ ਨੇ ਤੀਸਰਾ, ਹਰਡਲ ਰੇਸ ਵਿੱਚੋਂ ਸੀਰਤ ਕੌਰ ਨੇ ਦੂਸਰਾ, ਹਰਵੀਰ ਕੌਰ ਨੇ ਤੀਸਰਾ, ਸ਼ਾਟਪੁੱਟ ਵਿੱਚੋਂ ਰਬਲੀਨ ਕੌਰ ਤੇ ਰੁਪਨੀਤ ਕੌਰ ਨੇ ਪਹਿਲਾ, ਜੈਸਮੀਨ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਰਲੇਰ ਇਸ ਵਿੱਚੋਂ ਹਰਲੀਨ ਕੌਰ, ਰਵਲੀਨ ਕੌਰ, ਅਰਮਾਨਪ੍ਰੀਤ ਕੌਰ ਅਤੇ ਜੈਸਮੀਨ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਡਿਸਕਸ ਥ੍ਰੋ (ਲੜਕੇ) ਵਿੱਚੋਂ ਦਿਲਰਾਜ ਸਿੰਘ ਨੇ ਤੀਸਰਾ, ਸ਼ਾਟਪੁੱਟ ਵਿੱਚੋਂ ਦਿਲਰਾਜ ਸਿੰਘ ਨੇ ਤੀਸਰਾ, ਗੁਰਸਹਿਜ ਸਿੰਘ ਨੇ ਤੀਸਰਾ, 100 ਮੀਟਰ ਤੇ 200 ਮੀਟਰ ਰੇਸ ਵਿੱਚੋਂ ਏਕਨੂਰਸੁਲਤਾਨ ਸਿੰਘ ਨੇ ਦੂਸਰਾ ਤੇ ਤੀਸਰਾ, ਹੈਮਰ ਥ੍ਰੋ ਵਿੱਚੋਂ ਗੁਰਸਹਿਜ ਸਿੰਘ ਤੇ ਸਨਦੀਪ ਸਿੰਘ ਨੇ ਕ੍ਰਮਵਾਰ ਪਹਿਲਾਂ 'ਤੇ ਦੂਸਰਾ ਸਥਾਨ ਹਾਸਲ ਕੀਤਾ। ਰੀਲੇਅ ਰੇਸ ਵਿੱਚੋਂ ਗੁਰਸਹਿਜ ਸਿੰਘ, ਏਕਨੂਰਸੁਲਤਾਨ, ਗੁਰਜੋਤ ਸਿੰਘ ਤੇ ਪ੍ਰਭਜੋਤ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਜਿੱਤ ਦਾ ਸਿਹਰਾ ਵਿਦਿਆਰਥੀਆਂ ਦੀ ਮਿਹਨਤ ਤੇ ਅਧਿਆਪਕਾਂ ਦੀ ਯੋਗ ਰਹਿਨੁਮਾਈ ਨੂੰ ਦਿੱਤਾ। ਇਸ ਮੌਕੇ ਮੈਡਮ ਕਿਰਨਦੀਪ ਕੌਰ, ਮੈਡਮ ਰਵਨੀਤ ਕੌਰ ਤੇ ਕਾਦਰਬਖ਼ਸ਼ ਸਿੰਘ ਆਦਿ ਹਾਜ਼ਰ ਸਨ।

## ਵੇਟ ਲਿਫਟਿੰਗ 'ਚ ਜਗਰਾਉਂ ਦੇ 3 ਖਿਡਾਰੀਆਂ ਨੇ ਗੋਲਡ ਮੈਡਲ ਜਿੱਤੇ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਖੇਡਾਂ ਵਤਨ ਪੰਜਾਬ ਦੀਆਂ 'ਚ ਹੋਏ ਵੇਟ ਲਿਫਟਿੰਗ ਮੁਕਾਬਲੇ 'ਚ ਜਗਰਾਉਂ ਦੇ 3 ਨੌਜਵਾਨਾਂ ਨੇ ਗੋਲਡ ਮੈਡਲ ਜਿੱਤਦਿਆਂ ਇਲਾਕੇ ਦਾ ਨਾਮ ਰੋਸ਼ਨ ਕੀਤਾ।ਪੰਜਾਬ ਪੱਧਰ 'ਤੇ ਗੋਲਡ ਮੈਡਲ ਜਿੱਤਣ ਵਾਲੇ ਗੁਰਕੀਰਤ ਸਿੰਘ ਨੇ ਇੱਕ ਵਾਰ ਫਿਰ ਵੇਟ ਲਿਫਟਿੰਗ ਵਿੱਚ ਆਪਣੀ ਤਾਕਤ ਦਾ ਲੋਹਾ ਮਨਵਾਉਂਦਿਆਂ ਗੋਲਡ ਮੈਡਲ ਆਪਣੇ ਨਾਮ ਕੀਤਾ।ਖਿਡਾਰੀ ਗੁਰਕੀਰਤ ਦੇ ਪਿਤਾ ਕੋਚ ਰਣਜੀਤ ਸਿੰਘ ਦੀ ਅਗਵਾਈ ਹੇਠ ਤਿੰਨੇ ਖਿਡਾਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਸਿੱਧਵਾਂ ਖੁਰਦ ਤੇ ਸਰਕਾਰੀ ਸੀਨੀਅਰ ਸੈਕੰਡਰੀ ਜਗਰਾਉਂ ਵੱਲੋਂ ਵੇਟ ਲਿਫਟਿੰਗ ਮੁਕਾਬਲੇ 'ਚ ਖੇਡਣ ਪੁੱਜੇ।ਖੰਨਾ ਵਿਖੇ ਹੋਏ ਇਨ੍ਹਾਂ ਮੁਕਾਬਲਿਆਂ 'ਚ ਗੁਰਕੀਰਤ ਸਿੰਘ ਨੇ ਅੰਡਰ-17 ਦੇ 89 ਕਿੱਲੋ 'ਚ 105 ਕਿੱਲੋ ਸਨੈਚ ਤੇ 132 ਕਿੱਲੋ ਕਲੀਨ ਐਂਡ ਜਰਕ ਚੁੱਕਦਿਆਂ ਇਹ ਮੁਕਾਬਲਾ ਆਪਣੇ ਨਾਮ ਕੀਤਾ।ਇਸੇ ਤਰ੍ਹਾਂ ਅੰਡਰ-17 'ਚ ਹੀ 49 ਕਿੱਲੋ 'ਚ ਪਿੰਡ ਕਾਉਂਕੇ ਕਲਾਂ ਦੇ ਹਰਦੇਵ ਸਿੰਘ ਨੇ 53 ਕਿੱਲੋ ਸਨੈਚ ਤੇ 65 ਕਿੱਲੋ ਕਲੀਨ ਐਂਡ ਜਰਕ 'ਚ ਗੋਲਡ ਮੈਡਲ ਜਿੱਤਿਆ।ਇਸ ਤੋਂ ਇਲਾਵਾ 62 ਕਿੱਲੋ 'ਚ ਨਵਦੀਪ ਸਿੰਘ ਜਗਰਾਉਂ ਨੇ 87 ਕਿੱਲੋ ਸਨੈਚ ਤੇ 105 ਕਿੱਲੋ ਕਲੀਨ ਐਂਡ ਜਰਕ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ ਜਿੱਤਿਆ।ਤਿੰਨੇ ਹੀ ਖਿਡਾਰੀਆਂ ਵੱਖ-ਵੱਖ ਕਿੱਲੋਵਰਗ 'ਚ ਗੋਲਡ ਮੈਡਲ ਜਿੱਤ ਕੇ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।ਕੋਚ ਰਣਜੀਤ ਸਿੰਘ ਨੇ ਕਿਹਾ ਕਿ ਬਹੁਤ ਘੱਟ ਸਹੂਲਤਾਂ 'ਚ ਇਨ੍ਹਾਂ ਨੌਜਵਾਨਾਂ ਨੇ ਜੋ ਪ੍ਰਦਰਸ਼ਨ ਕੀਤਾ ਹੈ, ਉਹ ਬਾਕਮਾਲ ਹੈ।ਸਰਕਾਰ ਨੂੰ ਅਜਿਹੇ ਮਿਹਨਤੀ ਖਿਡਾਰੀਆਂ ਦੀ ਬਾਂਹ ਫੜਨੀ ਚਾਹੀਦੀ ਹੈ, ਕਿਉਂਕਿ ਅਜਿਹੇ ਬਹੁਤੇ ਹੀਰੇ ਖਿਡਾਰੀ ਆਰਥਿਕ ਕਮਜ਼ੋਰੀ ਕਾਰਨ ਤਰਾਸ਼ੇ ਨਹੀਂ ਜਾ ਰਹੇ, ਜਿਸ 'ਤੇ ਸਰਕਾਰਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

## ਵਿਧਾਇਕਾ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ

**ਸੰਗਰੂਰ (ਪ੍ਰਵੀਨ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਹਲਕਾ ਵਿਧਾਇਕ ਸੰਗਰੂਰ ਨਰਿੰਦਰ ਕੌਰ ਭਰਾਜ ਦੀ ਅਗਵਾਈ ਵਿੱਚ ਨਾਭਾ ਗੇਟ, ਨੇੜੇ ਸ਼ਾਹੀ ਸਮਾਧਾਂ ਵਿਖੇ ਸਵੱਛ ਭਾਰਤ ਮਿਸ਼ਨ ਤਹਿਤ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ।ਇਸ ਮੌਕੇ ਲੋਕਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਇਸ ਪ੍ਰੋਜੈਕਟ ਦੀ ਸ਼ੁਰੂਆਤ ਦਾ ਮੁੱਖ ਮਕਸਦ ਸ਼ਹਿਰ ਵਿੱਚ ਕੂੜੇ ਦੀ ਮਿਕਦਾਰ ਨੂੰ ਖਤਮ ਕਰਨਾ ਤੇ ਸ਼ਹਿਰ ਨੂੰ ਸਾਫ-ਸੁਥਰਾ ਰੱਖਣਾ ਹੈ।ਇਸ ਸਮੇਂ ਵਿਧਾਇਕ ਵੱਲੋਂ ਹੋਰਨਾਂ ਅਧਿਕਾਰੀਆਂ ਤੇ ਪਾਰਟੀ ਅਹੁਦੇਦਾਰਾਂ ਸਮੇਤ ਨਾਭਾ ਗੇਟ, ਸ਼ਾਹੀ ਸਮਾਧਾਂ ਦੇ ਸਾਹਮਣੇ ਬਣੇ ਕੂੜੇ ਦੇ ਸੈਕੰਡਰੀ ਡੰਪ ਉਤੇ ਕੂੜਾ ਨਾ ਸੁੱਟਣ ਸਬੰਧੀ ਆਮ ਲੋਕਾਂ ਨੂੰ ਪ੍ਰੇਰਿਤ ਕੀਤਾ ਗਿਆ ਅਤੇ ਘਰ ਘਰ ਜਾ ਕੇ ਲੋਕਾਂ ਨੂੰ ਸਹਿਯੋਗ ਲਈ ਉਤਸ਼ਾਹਤ ਕੀਤਾ ਗਿਆ।ਵਿਧਾਇਕ ਨਰਿੰਦਰ ਕੌਰ ਭਰਾਜ ਨੇ ਦੱਸਿਆ ਇਸ ਡੰਪ ਨੂੰ ਖਤਮ ਕਰਨ ਉਪਰੰਤ ਇਸ ਜਗ੍ਹਾ ਨੂੰ ਵਧੀਆ ਦਿੱਖ ਦੇਣ ਦੀ ਦਿਸ਼ਾ ਵਿੱਚ ਢੁੱਕਵੇਂ ਕਦਮ ਪੁੱਟੇ ਜਾਣਗੇ।ਉਨ੍ਹਾਂ ਕਿਹਾ ਕਿ ਇਹ ਸ਼ਹਿਰ ਤੇ ਬੱਸ ਸਟੈਂਡ ਦਾ ਮੁੱਖ ਰਸਤਾ ਹੋਣ ਕਰਕੇ ਸ਼ਹਿਰ ਵਿੱਚ ਆਉਣ-ਜਾਣ ਵਾਲੇ ਲੋਕਾਂ ਦੇ ਮਨਾਂ ਵਿੱਚ ਸ਼ਹਿਰ ਦੀ ਦਿੱਖ ਪ੍ਰਤੀ ਬੁਰਾ ਪ੍ਰਭਾਵ ਪੈਂਦਾ ਹੈ। ਇਸ ਸਬੰਧ ਵਿੱਚ ਲਹਿਲ ਕਲੋਨੀ ਆਦਿ ਏਰੀਏ ਵਿੱਚ ਡੋਰ-ਟੂ-ਡੋਰ ਜਾ ਕੇ ਲੋਕਾਂ ਨੂੰ ਕੂੜੇ ਦੀ ਸੈਗਰੀਗੇਸ਼ਨ ਕਰਨ (ਗਿੱਲਾ ਤੇ ਸੁੱਕਾ ਕੂੜਾ ਵੱਖਰਾ-ਵੱਖਰਾ ਕਰਨ) ਤੇ ਕੂੜਾ ਸੈਕੰਡਰੀ ਡੰਪ 'ਤੇ ਨਾ ਸੁੱਟਣ ਸਬੰਧੀ ਪ੍ਰੇਰਿਤ ਕੀਤਾ।ਇਸ ਸਬੰਧੀ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਉਨ੍ਹਾਂ ਦੀ ਸਹੂਲਤ ਲਈ ਡੋਰ-ਟੂ-ਡੋਰ ਜਾ ਕੇ ਸੈਗਰੀਗੇਸ਼ਨ ਕੀਤਾ, ਕੂੜਾ ਚੁੱਕਣ ਲਈ 15 ਟੈਂਪੂ ਲਗਾਏ ਗਏ ਹਨ।ਇਸ ਲਈ ਸਵੱਛ ਭਾਰਤ ਮਿਸ਼ਨ ਦੀਆਂ ਹਦਾਇਤਾਂ ਤਹਿਤ ਪਬਲਿਕ ਤੋਂ ਉਮੀਦ ਕੀਤਾ ਜਾਂਦੀ ਹੈ ਕਿ ਉਹ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਲਈ ਸਹਿਯੋਗ ਕਰਨ।ਇਸ ਸਮੇਂ ਗੁਰਿੰਦਰ ਸਿੰਘ ਕਾਰਜ ਸਾਧਕ ਅਫਸਰ ਨਗਰ ਕੌਂਸਲ ਸੰਗਰੂਰ, ਸਮੂਹ ਮੋਟੀਵੇਟਰ ਤੇ ਸਫਾਈ ਸੇਵਕ, ਪਾਰਟੀ ਵਰਕਰ ਆਦਿ ਹਾਜ਼ਰ ਸਨ।

## ਕਾਂਗਰਸ ਤੇ ਖੱਬੇ-ਪੱਖੀ ਗੱਠਜੋੜ ਦੇ ਆਉਣਗੇ ਸਾਰਥਕ ਨਤੀਜੇ : ਬਲਵੀਰ ਕੌਰ ਗਾਂਧੀ

### ਸਾਂਝੇ ਉਮੀਦਵਾਰ ਕਾਮਰੇਡ ਓਮ ਪ੍ਰਕਾਸ਼ ਨੂੰ ਮਿਲ ਰਿਹੈ ਭਾਰੀ ਸਮਰਥਨ



**ਸਿਰਸਾ (ਸੁਰਿੰਦਰਪਾਲ ਸਿੰਘ)**
ਭਿਵਾਨੀ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਸਾਂਝੇ ਉਮੀਦਵਾਰ ਕਾਮਰੇਡ ਓਮ ਪ੍ਰਕਾਸ਼ ਦੇ ਹੱਕ ਵਿੱਚ ਉੱਤਰੇ ਸਿਰਸਾ ਦੇ ਜ਼ਿਲ੍ਹਾ ਸਕੱਤਰ ਕਾ: ਵਿਜੇ ਧੁਕੜਾ, ਜ਼ਿਲ੍ਹਾ ਕਮੇਟੀ ਮੈਂਬਰ ਐਡਵੋਕੇਟ ਬਲਵੀਰ ਕੌਰ ਗਾਂਧੀ, ਕਾ: ਸੁਰਜੀਤ ਸਿੰਘ ਧਾਲੀਵਾਲ ਤੇ ਕਾ: ਗੁਰਬਖ਼ਸ਼ ਮੋਗਾ ਨੇ ਕਿਹਾ ਕਿ ਯੂਕੋ ਬੈਂਕ ਦੇ ਚੀਫ਼ ਮੈਨੇਜਰ ਦੇ ਅਹੁਦੇ ਤੋਂ ਸੇਵਾਮੁਕਤੀ ਲੈ ਕੇ ਆਪਣਾ ਜੀਵਨ ਪਾਰਟੀ ਤੇ ਲੋਕਾਂ ਦੇ ਸੰਘਰਸ਼ਾਂ ਨੂੰ ਸਮਰਪਤ ਕਰਨ ਵਾਲੇ ਕਾ: ਓਮ ਪ੍ਰਕਾਸ਼ ਸੱਚੇ, ਇਮਾਨਦਾਰ ਤੇ ਲੜਾਕੂ ਨੇਤਾ ਵਜੋਂ ਪੂਰੇ ਭਿਵਾਨੀ ਜ਼ਿਲ੍ਹੇ ਵਿੱਚ ਪ੍ਰਸਿੱਧ ਹਨ। ਉਨ੍ਹਾਂ ਨੂੰ ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਸੰਘਰਸ਼ਾਂ ਵਿੱਚ ਅਗਵਾਈ ਵਾਲੀ ਮਜ਼ਬੂਤ ਆਵਾਜ਼ ਲਈ ਜਾਣਿਆ ਜਾਂਦਾ ਹੈ ਅਤੇ ਕਮਿਊਨਿਸਟ ਹੋਣ ਦੇ ਨਾਤੇ ਕਾਮਰੇਡ ਓਮ ਪ੍ਰਕਾਸ਼ ਵਿਰੁੱਧ ਜਾਤੀਵਾਦ ਦਾ ਪੱਤਾ ਵੀ ਬੇਅਸਰ ਹੈ। ਉਨ੍ਹਾਂ ਕਿਹਾ ਕਿ ਹੁਣ ਭਾਜਪਾ ਦੇ ਫਿਰਕੂ ਪੱਤੇ ਦੀ ਹਕੀਕਤ ਸੂਝਵਾਨ ਵੋਟਰ ਹੁਣ ਜਾਣ ਚੁੱਕੇ ਹਨ। ਇਨ੍ਹਾਂ ਖੱਬੇ ਪੱਖੀ ਆਗੂਆਂ ਨੇ ਦਾਅਵਾ ਕੀਤਾ ਕਿ ਕਾਂਗਰਸ ਦੀ ਪੁਰਜ਼ੋਰ ਹਮਾਇਤ ਸਦਕਾ ਹੁਣ ਹਲਕਾ ਭਿਵਾਨੀ ਦੀ ਜੰਤਾ ਭਾਜਪਾ ਨੂੰ ਹਰਾ ਕੇ ਇਹ ਸੀਟ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਝੋਲੀ ਪਾਉਣ ਲਈ ਤੱਤਪਰ ਹੈ।

## ਗੁਰੂ ਨਾਨਕ ਕਾਲਜ ਵਿਖੇ ਮੈਟਲੈਬ ਸੰਬੰਧੀ ਚਾਰ ਰੋਜ਼ਾ ਵਰਕਸ਼ਾਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੁਜ)**-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਪੋਸਟ ਗਰੈਜੂਏਟ ਗਣਿਤ ਵਿਭਾਗ ਨੇ ਡੀ ਬੀ ਟੀ ਸਟਾਰ ਕਾਲਜ ਸਕੀਮ ਗ੍ਰਾਂਟ ਦੁਆਰਾ ਸਪਾਂਸਰ ਕੀਤੀ ਮੈਟਲੈਬ 'ਤੇ ਚਾਰ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ।ਵਿਭਾਗ ਦੇ ਮੁਖੀ ਡਾ. ਸਤਿੰਦਰਪਾਲ ਕੌਰ ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ ਅਤੇ ਵਰਕਸ਼ਾਪ ਦੌਰਾਨ ਐੱਸ ਐੱਲ ਆਈ ਈ ਟੀ ਲੌਂਗੋਵਾਲ ਤੋਂ ਡਾ. ਵਿਜੇ ਕੁਮਾਰ ਕੁਕਰੇਜਾ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾ. ਦਿਲਬਾਗ ਸਿੰਘ ਵੱਲੋਂ ਬਤੌਰ ਮੁੱਖ ਵਕਤਾ ਭੂਮਿਕਾ ਨਿਭਾਈ ਗਈ।ਉਨ੍ਹਾਂ ਨੇ ਗਣਿਤ ਦੇ 2 ਡੀ ਤੇ 3 ਡੀ ਅੰਕੜਿਆਂ ਦੀ ਵਿਜ਼ੂਅਲਾਈਜ਼ੇਸ਼ਨ ਤੇ ਸਭ ਵਿੱਚ ਮੈਟਲੈਬ ਦੀ ਵਰਤੋਂ ਬਾਰੇ ਦੱਸਿਆ।ਇਸ ਤੋਂ ਇਲਾਵਾ ਉਨ੍ਹਾਂ ਨੇ ਗਣਿਤਿਕ ਮਾਡਲਿੰਗ ਤੇ ਅਸਲ ਜੀਵਨ ਦੀਆਂ ਸਥਿਤੀਆਂ ਦੀਆਂ ਵੱਖ-ਵੱਖ ਸਮੱਸਿਆਵਾਂ ਵਿੱਚ ਸੌਫਟਵੇਅਰ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ।ਵਰਕਸ਼ਾਪ ਦੌਰਾਨ ਵਿਦਿਆਰਥੀਆਂ ਦੀ ਬਿਹਤਰ ਸਮਝ ਲਈ ਸਿਖਲਾਈ ਸੈਸ਼ਨਾਂ ਦਾ ਆਯੋਜਨ ਕੀਤਾ ਗਿਆ।ਕਾਲਜ ਦੇ ਡੀਨ ਅਕਾਦਮਿਕ ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨੀਨਾ ਮਹਿਤਾ ਵੱਲੋਂ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਵਿਧਾਇਕ ਵੱਲੋਂ ਬੀਰੇਵਾਲਾ ਡੋਗਰਾਂ, ਮਲਕਪੁਰ ਭੀਮੜਾ ਤੇ ਲੱਖੀਵਾਲਾ ਵਿਖੇ ਆਮ ਆਦਮੀ ਕਲੀਨਿਕਾ ਦਾ ਉਦਘਾਟਨ



**ਬੁਢਲਾਡਾ/ਮਾਨਸਾ (ਅਸ਼ੋਕ ਲਾਕੜਾ/ਆਤਮਾ ਸਿੰਘ ਪਮਾਰ)**-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਮ ਆਦਮੀ ਕਲੀਨਿਕਾਂ ਰਾਹੀਂ ਪਿੰਡ ਪੱਧਰ 'ਤੇ ਸਿਹਤ ਸੇਵਾਵਾਂ ਲੋਕਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ, ਜਿਸ ਦਾ ਦੂਰ ਦੁਰਾਡੇ ਪਿੰਡਾਂ ਵਿੱਚ ਬੈਠੇ ਲੋਕਾਂ ਨੂੰ ਬਹੁਤ ਫਾਇਦਾ ਹੋ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਬੁਢਲਾਡਾ ਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਬੁੱਧ ਰਾਮ ਨੇ ਪਿੰਡ ਬੀਰੇਵਾਲਾ ਡੋਗਰਾ, ਮਲਕਪੁਰ ਭੀਮੜਾ ਤੇ ਲੱਖੀਵਾਲਾ ਵਿਖੇ ਨਵੇਂ ਬਣੇ ਆਮ ਆਦਮੀ ਕਲੀਨਿਕ ਲੋਕਾਂ ਦੇ ਸਪੁਰਦ ਕਰਨ ਮੌਕੇ ਕੀਤਾ।ਵਿਧਾਇਕ ਬੁੱਧ ਰਾਮ ਨੇ ਕਿਹਾ ਕਿ ਪਿੰਡ ਪੱਧਰ 'ਤੇ ਲੋਕਾਂ ਦੇ ਘਰਾਂ ਦੇ ਨਜ਼ਦੀਕ ਸਿਹਤ ਸੇਵਾਵਾਂ ਪਹੁੰਚਾਉਣ ਲਈ ਆਮ ਆਦਮੀ ਕਲੀਨਿਕ ਕਾਰਗਰ ਸਾਬਿਤ ਹੋਏ ਹਨ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ ਹੁਣ ਆਮ ਆਦਮੀ ਕਲੀਨਿਕਾਂ ਦੀ ਗਿਣਤੀ 28 ਹੋ ਗਈ ਹੈ, ਜਿੱਥੇ ਤਾਇਨਾਤ ਸਿਹਤ ਅਮਲੇ ਵੱਲੋਂ ਲੋਕਾਂ ਨੂੰ ਲੋੜੀਂਦੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਮੋਹਤਬਰ ਵਿਅਕਤੀ, ਪੰਚ-ਸਰਪੰਚ, ਕਲੱਬਾਂ ਦੇ ਨੁਮਾਇੰਦੇ, ਆਸ਼ਾ ਵਰਕਰਜ਼ ਤੇ ਸਿਹਤ ਵਿਭਾਗ ਦੇ ਵੱਖ-ਵੱਖ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਮਹਿੰਗਾਈ ਭੱਤੇ ਦੀਆਂ ਬਕਾਇਆ ਪਈਆਂ 12 ਫੀਸਦੀ ਤਿੰਨ ਕਿਸ਼ਤਾਂ ਤੁਰੰਤ ਜਾਰੀ ਕਰੇ ਮਾਨ ਸਰਕਾਰ

**ਕੋਟਕਪੂਰਾ (ਰਛਪਾਲ ਭੁੱਲਰ)**
ਪੰਜਾਬ ਪੈਨਸ਼ਨਰਜ਼ ਯੂਨੀਅਨ (ਸਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ) ਜ਼ਿਲ੍ਹਾ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਪੁਰਾਣਾ ਕਿਲਾ ਵਿਖੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਚਾਨੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪੈਨਸ਼ਨਰ ਆਗੂ ਅਸ਼ੋਕ ਕੌਸ਼ਲ, ਜਨਰਲ ਸਕੱਤਰ ਇਕਬਾਲ ਸਿੰਘ ਮੰਘੇੜਾ, ਵਿੱਤ ਸਕੱਤਰ ਸੋਮ ਨਾਥ ਅਰੋੜਾ, ਤਰਸੇਮ ਨਰੂਲਾ, ਸੁਖਦੇਵ ਸਿੰਘ ਗਿੱਲ ਫਰੀਦਕੋਟ, ਅਮਰਜੀਤ ਕੌਰ ਛਾਬੜਾ, ਮੁਖਤਿਆਰ ਸਿੰਘ ਮੱਤਾ ਤੇ ਮਦਨ ਲਾਲ ਸ਼ਰਮਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮਹਿੰਗਾਈ ਭੱਤੇ ਦੀਆਂ ਬਕਾਇਆ ਪਈਆਂ 12 ਫ਼ੀਸਦੀ ਤਿੰਨ ਕਿਸ਼ਤਾਂ ਤੁਰੰਤ ਦਿੱਤੀਆਂ ਜਾਣ।ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਦੋਸ਼ ਲਾਇਆ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਗਿਣੀ ਮਿਥੀ ਸਾਜਿਸ਼ ਤਹਿਤ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂਆਂ ਨਾਲ ਮੀਟਿੰਗਾਂ ਤੈਅ ਕਰਕੇ ਵਾਰ ਵਾਰ ਮੁਲਤਵੀ ਕੀਤੀਆਂ ਗਈਆਂ ਹਨ।

ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਸਾਰੇ ਪੇ ਸਾਲਾਂ ਦਾ ਬਣਦਾ ਬਕਾਇਆ ਤੁਰੰਤ ਦਿੱਤਾ ਜਾਵੇ, ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਲਾਗੂ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਬਹਾਲ ਕੀਤੀ ਜਾਵੇ, ਸਮੂਹ ਕੱਚੇ, ਠੇਕਾ ਆਧਾਰਤ ਅਤੇ ਆਊਟ ਸੋਰਸ ਮੁਲਾਜ਼ਮਾਂ ਤੇ ਪਿਕਟਸ ਅਧੀਨ ਕੰਮ ਕਰਦੇ ਕੰਪਿਊਟਰ ਅਧਿਆਪਕਾਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ, ਪੰਜਾਬ ਤੇ ਹਰਿਆਣਾ ਹਾਈਕੋਰਟ ਤੇ ਹੋਰ ਅਦਾਲਤਾਂ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹੱਕ ਵਿੱਚ ਕੀਤੇ ਗਏ ਸਾਰੇ ਫ਼ੈਸਲੇ ਜਨਲਾਈਜ ਕਰਕੇ ਲਾਗੂ ਕੀਤੇ ਜਾਣ।

ਆਗੂਆਂ ਨੇ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਆਗੂਆਂ ਨਾਲ ਤੁਰੰਤ ਮੀਟਿੰਗ ਕਰਕੇ ਸਾਰੇ ਮਸਲੇ ਹੱਲ ਕੀਤੇ ਜਾਣ।

## ਐੱਨ ਐੱਸ ਐੱਸ ਦਿਵਸ ਮਨਾਏ ਜਾਣ ਸਮੇਂ ਗੋਬਿੰਦਪੁਰਾ ਸਕੂਲ ਦੇ ਬੈੱਸਟ ਵਲੰਟੀਅਰ ਸਨਮਾਨਤ




**ਨਰਿਹਾ ਮੁਹੱਬਤ (ਭੀਮ ਸੈਨ ਹਦਵਾਰੀਆ)**
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.) ਬਠਿੰਡਾ ਸ਼ਿਵਪਾਲ ਗੋਇਲ ਤੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਬਠਿੰਡਾ ਰਘਵੀਰ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਪ੍ਰਧਾਨਗੀ ਤੇ ਲੈਕ. ਅਰਥਸ਼ਾਸਤਰ ਡਾ. ਰਣਜੋਧ ਸਿੰਘ (ਪ੍ਰੋਗਰਾਮ ਅਫ਼ਸਰ ਐਨ.ਐਸ.ਐਸ. ਯੂਨਿਟ) ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵਿਖੇ ਐੱਨ.ਐੱਸ.ਐੱਸ. ਦਿਵਸ ਮਨਾਇਆ ਗਿਆ।

ਡਾ. ਰਣਜੋਧ ਸਿੰਘ ਨੇ ਦਿਵਸ ਦੀ ਮਹੱਤਤਾ ਬਾਰਦੱਸਿਆ ਕਿ ਐੱਨ.ਐੱਸ.ਐੱਸ. ਨੂੰ ਮਹਾਤਮਾ ਗਾਂਧੀ ਜੀ ਦੇ ਜਨਮ ਦੇ ਸਾਲ ਨੂੰ ਮੁੱਖ ਰੱਖਦੇ ਹੋਏ ਦੇਸ਼ ਦੇ ਸਕੂਲਾਂ ਤੇ ਕਾਲਜਾਂ ਵਿੱਚ 24 ਸਤੰਬਰ 1969 ਨੂੰ ਚੁਣਿੰਦਾ ਸਕੂਲਾਂ ਤੇ ਕਾਲਜਾਂ ਵਿੱਚ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਤੋਂ ਲਗਾਤਾਰ ਇਸ ਯੋਜਨਾ ਅਧੀਨ ਦੇਸ਼ ਵਿਚ ਵੱਡੀ ਗਿਣਤੀ 'ਚ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਸਮੇਤ ਹੋਰ ਵੱਖ-ਵੱਖ ਸੰਸਥਾਵਾਂ 'ਚ ਵਲੰਟੀਅਰਾਂ ਵਿੱਚ ਸਮਾਜਿਕ ਚੇਤਨਤਾ ਪੈਦਾ ਕਰਨ ਤੇ ਉਨ੍ਹਾਂ ਨੂੰ ਜੀਵਨ ਸੇਧ ਦੇਣ ਦੇ ਨਾਲ-ਨਾਲ ਦੇਸ਼ ਸੇਵਾ ਦੀ ਭਾਵਨਾ ਦਾ ਜਜ਼ਬਾ ਪੈਦਾ ਕੀਤਾ ਜਾ ਰਿਹਾ ਹੈ।

ਪ੍ਰਿੰ. ਜਸਵੀਰ ਸਿੰਘ ਨੇ ਸਮੂਹ ਵਲੰਟੀਅਰਾਂ ਨੂੰ ਐੱਨ.ਐੱਸ.ਐੱਸ. ਦੇ ਲੋਗੋ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦੇ ਹੋਏ ਇਸ ਸਕੀਮ ਅਧੀਨ ਵਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਹੁਣ ਤੱਕ ਦੇ ਸਕੂਲ ਦੇ ਐੱਨ.ਐੱਸ.ਐੱਸ. ਯੂਨਿਟ ਦੇ ਬੈਸਟ ਵਲੰਟੀਅਰਾਂ ਰਾਜਵੀਰ ਸਿੰਘ ਤੇ ਰਮਨਦੀਪ ਕੌਰ (ਸ਼੍ਰੇਣੀ ਬਾਰ੍ਹਵੀਂ) ਨੂੰ ਟਰਾਫ਼ੀ ਦੇ ਕੇ ਸਨਮਾਨਤ ਕੀਤਾ। ਸਹਾਇਕ ਪ੍ਰੋਗਰਾਮ ਅਫ਼ਸਰ ਵਿਪਨ ਕੁਮਾਰ (ਹਿਸਾਬ ਮਾਸਟਰ) ਦੁਆਰਾ ਵੀ ਵਿਦਿਆਰਥੀਆਂ ਨੂੰ ਹੱਥੀਂ ਕੰਮ ਕਰਨ ਲਈ ਉਤਸ਼ਾਹਤ ਕੀਤਾ ਗਿਆ। ਪ੍ਰੋਗਰਾਮ ਵਿੱਚ ਐੱਨ. ਐੱਸ. ਐੱਸ. ਕਮੇਟੀ ਮੈਂਬਰਜ਼ ਚਮਕੌਰ ਸਿੰਘ (ਲੈਕ. ਰਾਜਨੀਤੀ ਸ਼ਾਸਤਰ), ਸੁਖਵਿੰਦਰ ਕੌਰ (ਲੈਕ. ਪੰਜਾਬੀ) ਅਤੇ ਰਾਜਦੀਪ ਕੌਰ ਵੀ ਮੌਜੂਦ ਸਨ।

## ਖੇਡਾਂ 'ਚ ਮੱਲਾਂ ਮਾਰਨ ਵਾਲੇ ਬੱਚਿਆਂ ਤੇ ਪੀ ਟੀ ਆਈ ਦਾ ਸਨਮਾਨ



**ਬਰੇਟਾ (ਗੋਬਿੰਦ ਸ਼ਰਮਾ)**-ਬੀਤੇ ਦਿਨ ਹੋਏ ਕਬੱਡੀ ਕੱਪ ਧਰਮਪੁਰਾ ਵਿੱਚ ਪਿੰਡ ਦੇ ਐੱਨ ਆਰ ਆਈ, ਫੌਜੀ ਜਵਾਨਾਂ ਵੱਲੋਂ ਧਰਮਪੁਰਾ ਦੇ ਸਕੂਲੀ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਗਿਆ ਅਤੇ ਬੱਚਿਆਂ ਨੂੰ ਮਿਹਨਤ ਕਰਵਾਉਣ ਵਾਲੇ ਕੋਚ ਸੰਦੀਪ ਸਿੰਘ ਪੀ ਟੀ ਆਈ ਦਾ ਵੀ ਕੱਪ ਨਾਲ ਸਨਮਾਨ ਕੀਤਾ ਗਿਆ। ਇਸ ਦੇ ਨਾਲ ਯਾਦਵਿੰਦਰ ਸਿੰਘ, ਜਸਵੀਰ ਸਿੰਘ, ਨਿਰਮਲ ਸਿੰਘ, ਜਗਦੀਪ ਸਿੰਘ, ਕੁਲਵਿੰਦਰ ਸਿੰਘ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਨੌਜਵਾਨ ਟੀਮ ਮੈਂਬਰ ਕੇਸਰ (ਬਿੱਲਾ), ਬੱਬੂ, ਅਮਰਜੀਤ, ਗੁਰਪਿਆਰ, ਬਿੰਦਰੀ, ਗੁਰਪ੍ਰੀਤ ਸਿੰਘ ਗਰੇਵਾਲ ਮੀਤ ਪ੍ਰਧਾਨ ਪੰਜਾਬ ਕਬੱਡੀ ਐਸੋਸੀਏਸ਼ਨ ਮਾਨਸਾ, ਕੋਕੀ, ਬੂਟਾ, ਕਾਲਾ, ਬਿੱਟੂ ਤੇ ਕਲੱਬ ਦੇ ਬਾਕੀ ਮੈਂਬਰ ਹਾਜ਼ਰ ਰਹੇ, ਜਿਨ੍ਹਾਂ ਦੀ ਦੇਖ ਰੇਖ ਹੇਠ ਇਹ ਪੂਰਾ ਟੂਰਨਾਮੈਂਟ ਨੂੰ ਕਰਵਾਇਆ ਗਿਆ।

## ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ...



**ਸ਼ਾਹਕੋਟ (ਗਿਆਨ ਸੈਦਪੁਰੀ)**
ਸਾਬਕਾ ਫੌਜੀ ਅਧਿਕਾਰੀ ਅਤੇ ਨਿਰੋਗ ਯੋਗ ਸੰਸਥਾ ਸ਼ਾਹਕੋਟ ਦੇ ਸਰਪ੍ਰਸਤ ਦੇਵਰਾਜ ਸ਼ਰਮਾ ਨੂੰ ਵੱਖ ਵੱਖ ਸਿਆਸੀ ਤੇ ਸਮਾਜੀ ਆਗੂਆਂ ਨੇ ਭਰਪੂਰ ਸ਼ਰਧਾਂਜਲੀਆਂ ਭੇਟ ਕੀਤੀਆਂ। ਉਹ 14 ਸਤੰਬਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਮੰਗਲਵਾਰ ਨੂੰ ਸਥਾਨਕ ਲਕਸ਼ਮੀ ਨਰਾਇਣ ਮੰਦਰ ਵਿੱਚ ਉਨ੍ਹਾਂ ਨਮਿੱਤ ਗਰੁੜ ਪੁਰਾਣ ਦੇ ਪਾਠ ਦੇ ਭੋਗ ਪੈਣ ਉਪਰੰਤ ਵੱਖ-ਵੱਖ ਆਗੂਆਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼ਰਧਾ ਦੇ ਫੁੱਲ ਭੇਟ ਕਰਨ ਵਾਲਿਆਂ ਨੇ ਉਨ੍ਹਾਂ ਦੀ ਬਹੁਪੱਖੀ ਸ਼ਖ਼ਸ਼ੀਅਤ ਤੇ ਉਨ੍ਹਾਂ ਦੇ ਦੇਸ਼, ਸਮਾਜ ਤੇ ਪਰਵਾਰ ਲਈ ਕੀਤੇ ਗਏ ਕੰਮਾਂ ਦਾ ਵਿਸਥਾਰ ਨਾਲ ਵਰਨਣ ਕੀਤਾ।ਉਨ੍ਹਾਂ ਦੇ ਸਦੀਵੀ ਵਿਛੋੜੇ 'ਤੇ ਉਨ੍ਹਾਂ ਦੇ ਵਿਅਕਤੀਤਵ 'ਤੇ ਝਾਤ ਪਾਉਂਦਿਆਂ ਬੁਲਾਰਿਆਂ ਨੇ ਵੱਡੇ ਸ਼ਾਇਰਾਂ ਦੇ ਸ਼ੇਅਰਾਂ ਦੀ ਬੜੀ ਢੁੱਕਵੀ ਵਰਤੋਂ ਕੀਤੀ। ਇਨ੍ਹਾਂ ਵਿੱਚੋਂ 'ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ, ਬੜੀ ਮੁਸ਼ਕਿਲ ਸੇ ਚਮਨ ਮੇਂ ਹੋਤਾ ਹੈ ਦੀਦਾਵਰ ਪੈਦਾ' ਸ਼ੇਅਰ ਵੱਖ-ਵੱਖ ਬੁਲਾਰਿਆਂ ਨੇ ਤਿੰਨ ਵਾਰ ਬੋਲਿਆ।ਦੇਵਰਾਜ ਸ਼ਰਮਾ ਨੂੰ ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿੱਚ ਕਰਨਲ ਮਨਮੋਹਣ ਸਿੰਘ, ਆਮ ਆਦਮੀ ਪਾਰਟੀ ਹਲਕਾ ਸ਼ਾਹਕੋਟ ਦੇ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪੜੋਰੀ, ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ, ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ, ਭਾਜਪਾ ਦੇ ਸੀਨੀਅਰ ਆਗੂ ਐਡਵੋਕੇਟ ਦੀਪਕ ਸ਼ਰਮਾ, ਉੱਘੇ ਸਮਾਜ ਸੇਵਕ ਮਾਸਟਰ ਜਤਿੰਦਰ ਪਾਲ ਸਿੰਘ ਬੱਲ੍ਹਾ ਆਦਿ ਸ਼ਾਮਿਲ ਹਨ।ਇਸ ਮੌਕੇ ਬਹੁਤ ਸਾਰੀਆਂ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਵੱਲੋਂ ਸੋਗ ਸੰਦੇਸ਼ ਆਏ। ਸ਼ਰਧਾਂਜਲੀ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਬੀਬੀ ਮਨਜਿੰਦਰ ਕੌਰ ਸ਼ੇਰੋਵਾਲੀਆ, ਡਾਕਟਰ ਅਭੀਰੂਪ ਕੌਰ ਸ਼ੇਰੋਵਾਲੀਆ, ਸੁਲੱਖਣ ਸਿੰਘ ਨਿਮਾਜੀਪੁਰ ਹਲਕਾ ਇੰਚਾਰਜ ਅਕਾਲੀ ਦਲ (ਅੰਮ੍ਰਿਤਸਰ), ਬਲਕਾਰ ਸਿੰਘ ਚੱਠਾ ਚੇਅਰਮੈਨ ਮਾਰਕਿਟ ਕਮੇਟੀ ਮਹਿਤਪੁਰ, ਪ੍ਰਿੰਸੀਪਲ ਜਸਵੀਰ ਸਿੰਘ ਵਿਰਦੀ, ਯਸ਼ਪਾਲ ਗੁਪਤਾ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ, ਬੂਟਾ ਸਿੰਘ ਕਲਸੀ ਪ੍ਰਧਾਨ ਆਜ਼ਾਦ ਸਪੋਰਟਸ ਕਲੱਬ ਸ਼ਾਹਕੋਟ, ਸੁਖਦੀਪ ਸਿੰਘ ਕੰਗ ਪੀ.ਏ, ਹਰਦੇਵ ਸਿੰਘ ਪੀਟਾ ਸਾਬਕਾ ਐਮ. ਸੀ, ਗਗਨ ਜਿੰਦਲ, ਬੰਟੀ ਬਠੱਲਾ ਪ੍ਰਧਾਨ ਅਰੋੜਾ ਮਹਾਂ ਸਭਾ ਸ਼ਾਹਕੋਟ, ਲਛਮਣ ਸੋਬਤੀ, ਟਿੰਪੀ ਕੁਮਰਾ, ਪ੍ਰਵੀਨ ਗਰੋਵਰ, ਡਾ. ਰਮੇਸ਼ ਹੰਸ, ਕੁਲਦੀਪ ਸਿੰਘ ਦੀਦ, ਗੁਰਮੀਤ ਸਿੰਘ ਬਜਾਜ, ਨਵਨੀਤ ਸਹੋਤਾ ਆਦਿ ਸ਼ਾਮਲ ਸਨ।

## ਕਬੱਡੀ 'ਚ ਸੀਬਾ ਇੰਟਰਨੈਸ਼ਨਲ ਸਕੂਲ ਦੀ ਟੀਮ ਦਾ ਦੂਜਾ ਸਥਾਨ



**ਲਹਿਰਾਗਾਗਾ (ਪੱਤਰ ਪ੍ਰੇਰਕ)**-ਪੰਜਾਬ ਸਰਕਾਰ ਵੱਲੋਂ ਸੰਗਰੂਰ 'ਚ ਕਰਾਈਆਂ ਜਾ ਰਹੀਆਂ ਜ਼ਿਲ੍ਹਾ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਦੌਰਾਨ ਸੀਬਾ ਇੰਟਰਨੈਸ਼ਨਲ ਸਕੂਲ ਦੀ ਕਬੱਡੀ ਟੀਮ ਨੇ ਬਲਾਕ ਲਹਿਰਾਗਾਗਾ ਵੱਲੋਂ ਖੇਡਦਿਆਂ ਦੂਜਾ ਸਥਾਨ ਹਾਸਲ ਕੀਤਾ। ਮਸਤੂਆਣਾ ਸਾਹਿਬ ਵਿਖੇ ਹੋਏ ਮੁਕਾਬਲਿਆਂ ਦੌਰਾਨ ਤਿੰਨ ਖਿਡਾਰਨਾਂ ਚਾਰੂ ਭਾਈ ਕੀ ਪਿਸ਼ੌਰ, ਪਾਰਸਪ੍ਰੀਤ ਕੌਰ ਭੁਟਾਲ ਖੁਰਦ ਤੇ ਰਮਨਪ੍ਰੀਤ ਕੌਰ ਕੱਲਰ-ਭੈਣੀ ਦੀ ਚੋਣ ਸੂਬਾ-ਪੱਧਰੀ ਮੁਕਾਬਲੇ ਲਈ ਕੀਤੀ ਗਈ।ਇਸੇ ਦੌਰਾਨ ਵਾਰ ਹੀਰੋਜ਼ ਸਟੇਡੀਅਮ ਸੰਗਰੂਰ ਵਿਖੇ ਹੋਏ ਕਿੱਕ ਬਾਕਸਿੰਗ ਮੁਕਾਬਲਿਆਂ ਦੌਰਾਨ ਨਵਜੋਤ ਕੌਰ ਨੇ ਅੰਡਰ-17 ਵਰਗ, 55 ਕਿਲੋ ਭਾਰ ਵਰਗ ਤਹਿਤ ਗੋਲਡ ਮੈਡਲ ਹਾਸਲ ਕੀਤਾ, ਜਦੋਂਕਿ ਜਸ਼ਨਪ੍ਰੀਤ ਕੌਰ ਭੁਟਾਲ ਕਲਾਂ ਨੇ 65 ਕਿਲੋ ਭਾਰ ਵਰਗ ਤਹਿਤ ਸਿਲਵਰ ਮੈਡਲ ਜਿੱਤਿਆ।ਸਕੂਲ ਪਹੁੰਚਣ 'ਤੇ ਦੋਵਾਂ ਟੀਮਾਂ ਦਾ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ।ਸਕੂਲ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ, ਮੈਡਮ ਅਮਨ ਢੀਂਡਸਾ, ਪ੍ਰਿੰਸੀਪਲ ਸੁਨੀਤਾ ਨੰਦਾ, ਖੇਡ ਇੰਚਾਰਜ ਨਰੇਸ਼ ਚੌਧਰੀ ਤੇ ਸੁਭਾਸ਼ ਮਿੱਤਲ ਨੇ ਖਿਡਾਰਨਾਂ ਨੂੰ ਸਨਮਾਨਤ ਕੀਤਾ।ਕੰਵਲਜੀਤ ਸਿੰਘ ਢੀਂਡਸਾ ਨੇ ਕਿਹਾ ਕਿ ਮਿਹਨਤ ਹਮੇਸ਼ਾ ਰੰਗ ਲਿਆਉਂਦੀ ਹੈ।

## ਸੈਂਟਰ ਤੇ ਬਲਾਕ ਪੱਧਰੀ ਖੇਡਾਂ 'ਚ ਪ੍ਰਾਇਮਰੀ ਸਕੂਲ ਕੋਠੇ ਚੇਤ ਸਿੰਘ ਦੀ ਚੜ੍ਹਾਈ



**ਦੋਦਾ (ਵਕੀਲ ਸਿੰਘ)**-ਸੈਂਟਰ ਤੇ ਬਲਾਕ ਪੱਧਰੀ ਖੇਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਚੇਤ ਸਿੰਘ ਦੀ ਚੜ੍ਹਾਈ ਰਹੀ। ਇਨ੍ਹਾਂ ਖੇਡਾਂ ਵਿੱਚੋਂ ਕਬੱਡੀ ਨੈਸ਼ਨਲ ਲੜਕੇ, ਰੱਸਾਕਸੀ ਵਿੱਚੋਂ ਪਹਿਲਾ ਸਥਾਨ, ਕਬੱਡੀ ਸਰਕਲ ਵਿੱਚੋਂ ਦੂਜਾ, ਫੁੱਟਬਾਲ ਕੁੜੀਆਂ ਵਿੱਚੋਂ ਪਹਿਲਾ ਸਥਾਨ, ਲੰਮੀ ਛਾਲ ਵਿੱਚੋਂ ਬੇਅੰਤ ਕੌਰ ਨੇ ਦੂਜਾ, ਘੋਲ ਵਿੱਚੋਂ 28 ਕਿੱਲੋ ਵਜਨੀ ਕਰਨ ਸਿੰਘ ਨੇ ਪਹਿਲਾ ਸਥਾਨ, ਬਲਾਕ ਪੱਧਰੀ ਫੁੱਟਬਾਲ ਵਿੱਚੋਂ ਕੁੜੀਆਂ ਨੇ ਪਹਿਲਾ ਸਥਾਨ। ਖਿਡਾਰੀਆਂ ਵਿੱਚੋਂ ਹਰਮੰਦਰ ਸਿੰਘ ਤੇ ਬੇਅੰਤ ਕੌਰ ਨੂੰ ਵਧੀਆ ਪ੍ਰਦਰਸ਼ਨ ਕਾਰਨ ਬੈਸਟ ਐਥਲੀਟ ਐਲਾਨਿਆ ਗਿਆ। ਜੇਤੂ ਖਿਡਾਰੀ ਵਿਦਿਆਰਥੀਆਂ ਨੂੰ ਰਾਮ ਸਿੰਘ ਰੁਪਾਣਾ, ਅੰਮ੍ਰਿਤਪਾਲ ਕੌਰ, ਮੰਦਰ ਸਿੰਘ ਵੱਲੋਂ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।

## ਹੋਲੀ ਹਾਰਟ ਦੇ ਬੱਚਿਆਂ ਨੇ ਪ੍ਰਤਿਭਾ ਦੀ ਖੋਜ ਸੰਸਥਾ ਦੇ ਪੇਪਰ 'ਚ ਮਾਰੀਆਂ ਮੱਲਾਂ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਪ੍ਰਤਿਭਾ ਦੀ ਖੋਜ ਸੰਸਥਾ ਦੁਆਰਾ ਸੱਤਵੀਂ ਕਲਾਸ ਤੋਂ ਲੈ ਕੇ ਦਸਵੀਂ ਕਲਾਸ ਦੇ ਬੱਚਿਆਂ ਤੋਂ ਮੈਥ ਤੇ ਸਾਇੰਸ ਦਾ ਪੇਪਰ ਲਿਆ ਗਿਆ, ਜਿਸ 'ਚ ਬੱਚਿਆਂ ਨੇ ਇਸ ਪੇਪਰ ਵਿੱਚ ਬਹੁਤ ਵਧੀਆ ਨੰਬਰ ਹਾਸਲ ਕਰਕੇ ਮੈਡਲ ਤੇ ਸਰਟੀਫਿਕੇਟ ਹਾਸਲ ਕੀਤੇ।ਸੱਤਵੀਂ ਕਲਾਸ ਦੇ ਅੰਸ਼ਪ੍ਰੀਤ ਸਿੰਘ ਨੇ ਪਹਿਲਾ, ਸੌਰਵ ਕੁਮਾਰ ਨੇ ਦੂਜਾ ਤੇ ਗੁਰਸ਼ਰਨ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।ਅੱਠਵੀਂ ਕਲਾਸ ਦੇ ਵਿੱਚੋਂ ਜਸਲੀਨ ਕੌਰ ਨੇ ਪਹਿਲਾ, ਗੁਰਜੋਤ ਕੌਰ ਨੇ ਦੂਜਾ ਤੇ ਜਸਮਨਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।ਨੌਵੀਂ ਕਲਾਸ ਦੇ ਵਿਦਿਆਰਥੀ ਅਵਨੀਤ ਕੌਰ ਨੇ ਪਹਿਲਾ, ਸੁਪਰੀਤ ਕੌਰ ਨੇ ਦੂਜਾ ਤੇ ਪ੍ਰਭਜੋਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਦਸਵੀਂ ਕਲਾਸ ਵਿੱਚੋਂ ਪ੍ਰਭਜੋਤ ਕੌਰ ਨੇ ਪਹਿਲਾ, ਆਂਚਲਪ੍ਰੀਤ ਨੇ ਦੂਜਾ ਤੇ ਅਨਮੋਲਦੀਪ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਬੱਚਿਆਂ ਨੂੰ ਸਰਟੀਫਿਕੇਟ ਤੇ ਮੈਡਲ ਪਹਿਨਾਏ ਅਤੇ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਤਰ੍ਹਾਂ ਹੀ ਬੱਚੇ ਅੱਗੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਂਅ ਰੌਸ਼ਨ ਕਰਦੇ ਰਹਿਣ।

## ਕਿੰਡਰ ਗਾਰਟਨ ਸਕੂਲ ਨੇ ਜਿੱਤਿਆ ਗੋਲਡ ਮੈਡਲ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਸੈਂਟਰ ਪੱਧਰ 'ਤੇ ਪ੍ਰਾਇਮਰੀ ਖੇਡ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਕਿੰਡਰ ਗਾਰਟਨ ਐਂਡ ਸੀ. ਸੈ. ਸਕੂਲ ਸਮਰਾਲਾ ਦੇ ਖਿਡਾਰੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ।ਇਸ ਦੌਰਾਨ ਫੁੱਟਬਾਲ ਦੇ ਹੋਏ ਮੁਕਾਬਲਿਆਂ ਵਿੱਚ ਸਕੂਲ ਦੀ ਅੰਡਰ-11 ਲੜਕੀਆਂ ਫੁੱਟਬਾਲ ਟੀਮ ਨੇ ਭਾਗ ਲਿਆ ਤੇ ਇਨ੍ਹਾਂ ਵਿਦਿਆਰਥਣਾਂ ਨੇ ਵਧੀਆ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਹਾਸਲ ਕਰਕੇ ਸੈਂਟਰ ਪੱਧਰ ਦੀਆਂ ਖੇਡਾਂ ਵਿੱਚੋਂ ਗੋਲਡ ਮੈਡਲ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਗੋਲਾ ਸੁੱਟਣ ਮੁਕਾਬਲੇ ਵਿੱਚ ਦਿਲਮਨ ਨੇ ਪਹਿਲਾ, ਲੰਬੀ ਛਾਲ ਮੁਕਾਬਲੇ ਵਿੱਚ ਤਾਨੀਆ ਨੇ ਦੂਜਾ, 100 ਮੀਟਰ ਦੌੜ ਵਿੱਚ ਤਾਨੀਆ ਨੇ ਦੂਜਾ ਤੇ 600 ਮੀਟਰ ਦੌੜ ਵਿੱਚ ਮੁਹੰਮਦ ਨੇ ਤੀਜਾ ਸਥਾਨ ਹਾਸਲ ਕੀਤਾ।ਇਨ੍ਹਾਂ ਵਿਦਿਆਰਥੀਆਂ ਨੇ ਮੈਡਲ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ।ਸਕੂਲ ਦੇ ਚੇਅਰਮੈਨ ਸ੍ਰ. ਦਲਜੀਤ ਸਿੰਘ ਸ਼ਾਹੀ, ਡਾਇਰੈਕਟਰ ਮੈਡਮ ਸਰਬਜੀਤ ਕੌਰ, ਪ੍ਰਿੰਸੀਪਲ ਮੈਡਮ ਰਣਜੋਤ ਕੌਰ ਤੇ ਸਮੂਹ ਸਟਾਫ ਨੇ ਬੱਚਿਆਂ ਅਤੇ ਡੀ ਪੀ ਮੈਡਮ ਹਰਪ੍ਰੀਤ ਕੌਰ ਤੇ ਜਸ਼ਨਪ੍ਰੀਤ ਕੌਰ ਨੂੰ ਵਧਾਈਆਂ ਦਿੱਤੀਆਂ ਤੇ ਬੱਚਿਆਂ ਨੂੰ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

## ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਬਡਾਲੀ ਆਲਾ ਸਿੰਘ ਦੀ ਹੱਦ ਅਧੀਨ ਪੈਂਦੇ ਜ਼ਿਲ੍ਹੇ ਦੇ ਪਿੰਡ ਕਮਾਲੀ ਦੇ ਰਹਿਣ ਵਾਲੇ ਇੱਕ ਵਿਅਕਤੀ ਵਿਰੁੱਧ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਧਾਰਮਿਕ ਭਾਵਨਾਵਾਂ ਭੜਕਾਉਣ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਮੁੱਕਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਪਰਗਟ ਸਿੰਘ ਵਾਸੀ ਪਿੰਡ ਕਮਾਲੀ ਜੋ ਕਿ ਸਿੱਖ ਰਵਾਇਤਾਂ ਮੁਤਾਬਕ ਬਾਣਾ ਪਹਿਨਦਾ ਹੈ, ਜਦੋਂ ਬੀਤੀ ਸ਼ਾਮ ਪਿੰਡ ਦੀ ਦੁੱਧ ਵਾਲੀ ਡਾਇਰੀ 'ਤੇ ਦੁੱਧ ਲੈਣ ਗਿਆ ਤਾਂ ਉੱਥੇ ਮੌਜੂਦ ਪਿੰਡ ਕਮਾਲੀ ਦੇ ਹੀ ਰਹਿਣ ਵਾਲੇ ਵਰਿੰਦਰ ਸਿੰਘ ਵੱਲੋਂ ਪਰਗਟ ਸਿੰਘ ਦੇ ਬਾਣੇ ਪ੍ਰਤੀ ਤੇ ਸਿੱਖ ਗੁਰੂ ਸਾਹਿਬਾਨਾਂ ਪ੍ਰਤੀ ਮਾੜੀ ਸ਼ਬਦਾਵਲੀ ਵਰਤੀ ਗਈ।ਪਰਗਟ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਨੇ ਵਰਿੰਦਰ ਸਿੰਘ ਵਾਸੀ ਪਿੰਡ ਕਮਾਲੀ ਵਿਰੁੱਧ ਅ/ਧ 298,351(1) ਬੀਐੱਨਐਸ ਤਹਿਤ ਮੁੱਕਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਮੁਤਾਬਿਕ ਪਿੰਡ ਕਮਾਲੀ ਵਿਖੇ ਇਕੱਠੇ ਹੋਏ ਪਿੰਡ ਵਾਸੀਆਂ ਨੇ ਇਸ ਘਟਨਾ ਪ੍ਰਤੀ ਸਖਤ ਰੋਸ ਜਤਾਉਂਦੇ ਹੋਏ ਵਰਿੰਦਰ ਸਿੰਘ ਤੇ ਉਸ ਦੇ ਪਰਵਾਰ ਦਾ ਬਾਈਕਾਟ ਕੀਤੇ ਜਾਣ ਦਾ ਐਲਾਨ ਕਰ ਦਿੱਤਾ ਹੈ, ਹਾਲਾਂਕਿ ਇਸ ਕਥਿਤ ਬਾਈਕਾਟ ਦੀ ਖ਼ਬਰ ਲਿਖੇ ਜਾਣ ਤੱਕ ਪੁਸ਼ਟੀ ਨਹੀਂ ਸੀ ਹੋ ਸਕੀ।

## ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰ ਯੂਨੀਅਨ ਦੀ ਮੀਟਿੰਗ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨ ਯੂਨੀਅਨ ਸਰਕਲ ਸੰਗਰੂਰ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਸਾਥੀ ਹਰਮੇਲ ਸਿੰਘ ਮਹਿਰੋਕ ਦੀ ਪ੍ਰਧਾਨਗੀ ਹੇਠ ਲਹਿਰਾਗਾਗਾ ਵਿਖੇ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਨਿਖੇਧੀ ਮਤਾ ਪਾਸ ਕੀਤਾ ਗਿਆ। ਮੀਟਿੰਗ ਵਿੱਚ ਸਾਥੀ ਸੁਰਿੰਦਰ ਸਿੰਘ, ਅਮਰੀਕ ਸਿੰਘ ਉਗਰਾਹਾਂ, ਗਮਦੂਰ ਸਿੰਘ, ਗੁਰਮੇਲ ਸਿੰਘ ਲਹਿਰਾਂ, ਮਨਜੀਤ ਕੁਮਾਰ, ਜਗਜੀਤ ਸਿੰਘ, ਬਲਬੀਰ ਸਿੰਘ, ਜਗਜੀਤ ਸਿੰਘ, ਅਮਰੀਕ ਸਿੰਘ ਚੀਮਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਨ੍ਹਾਂ ਸਾਰੇ ਆਗੂਆਂ ਨੇ ਕਿਹਾ ਕਿ ਸਟੇਟ ਕਮੇਟੀ ਵੱਲੋਂ ਦਿੱਤੇ ਸੰਘਰਸ਼ ਨੂੰ ਪੂਰੇ ਜੋਸ਼ ਨਾਲ ਲਾਗੂ ਕੀਤਾ ਜਾਵੇਗਾ, 2 ਅਕਤੂਬਰ ਨੂੰ ਅੰਬਾਲਾ ਸ਼ਹਿਰ ਵਿੱਚ ਆਮ ਆਦਮੀ ਪਾਰਟੀ ਦੇ ਝੂਠੇ ਪ੍ਰਚਾਰ ਦਾ ਭਾਂਡਾ ਭੰਨਿਆ ਜਾਵੇਗਾ।

## ਸਰਕਾਰ ਗ਼ੈਰ-ਪੰਜਾਬੀਆਂ ਨੂੰ ਜ਼ਮੀਨ ਲੈਣ, ਵੋਟਰ ਬਣਨ ਤੇ ਸਰਕਾਰੀ ਨੌਕਰੀ ਪ੍ਰਾਪਤ ਕਰਨਾ ਰੋਕੇ : ਟਿਵਾਣਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਜੇਕਰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਸਰਕਾਰ ਸਹੀ ਮਾਇਨਿਆਂ ਵਿੱਚ ਪੰਜਾਬੀਆਂ ਦੀ ਆਉਣ ਵਾਲੇ ਸਮੇਂ ਵਿੱਚ ਚਹੁਤਰਫ਼ੀ ਬਿਹਤਰੀ, ਮਾਲੀ ਤੇ ਸਮਾਜਿਕ ਤੌਰ 'ਤੇ ਮਜ਼ਬੂਤੀ ਦੀ ਇਮਾਨਦਾਰੀ ਨਾਲ ਚਾਹਵਾਨ ਹੈ ਤਾਂ ਭਗਵੰਤ ਮਾਨ ਦੀ ਪੰਜਾਬ ਸਰਕਾਰ ਨੂੰ ਬਿਨਾਂ ਕਿਸੇ ਦੇਰੀ ਕੀਤਿਆਂ ਜਿਵੇਂ ਹਿਮਾਚਲ, ਜੰਮੂ-ਕਸ਼ਮੀਰ ਤੇ ਰਾਜਸਥਾਨ ਦੀਆਂ ਸਰਕਾਰਾਂ ਨੇ ਬਾਹਰਲੇ ਸੂਬਿਆਂ ਦੇ ਨਿਵਾਸੀਆਂ ਵੱਲੋਂ ਆਪਣੇ ਸੂਬਿਆਂ ਵਿੱਚ ਜ਼ਮੀਨ ਪ੍ਰਾਪਤ ਕਰਨ, ਵੋਟਰ ਬਣਨ ਤੇ ਸਰਕਾਰੀ ਨੌਕਰੀ ਵਿਚ ਦਾਖਲ ਹੋਣ ਤੇ ਕਾਨੂੰਨੀ ਰੋਕ ਲਾਉਣ ਹਿੱਤ ਆਪੋ ਆਪਣੇ ਸੂਬਿਆਂ ਦੇ ਕਾਨੂੰਨ ਬਣਾਏ ਹੋਏ ਹਨ, ਉਸੇ ਤਰ੍ਹਾਂ ਭਗਵੰਤ ਮਾਨ ਸਰਕਾਰ ਆਪਣਾ ਪਰਮ ਧਰਮ ਫ਼ਰਜ਼ ਸਮਝਦੇ ਹੋਏ ਪੰਜਾਬ ਦੀ ਵਿਧਾਨ ਸਭਾ ਅਸੈਂਬਲੀ ਦਾ ਵਿਸ਼ੇਸ਼ ਸਦਨ ਬੁਲਾ ਕੇ ਇਸ ਖਰੜੇ ਉਤੇ ਵਿਚਾਰ-ਵਟਾਂਦਰਾ ਕਰਦੇ ਹੋਏ ਇਸ ਨੂੰ ਕਾਨੂੰਨੀ ਰੂਪ ਦੇਵੇ, ਜਿਸ ਅਨੁਸਾਰ ਬਾਹਰਲੇ ਸੂਬਿਆਂ ਵਿਚੋ ਪ੍ਰਵਾਸੀ ਮਜ਼ਦੂਰ ਜਾਂ ਨਿਵਾਸੀ ਇਥੇ ਆ ਕੇ ਮਿਹਨਤ, ਮੁਸ਼ੱਕਤ ਤਾਂ ਕਰ ਸਕਦੇ ਹੋਣ, ਪਰ ਉਹ ਇਥੇ ਜ਼ਮੀਨਾਂ ਖਰੀਦ ਕੇ, ਪੰਜਾਬ ਸੂਬੇ ਦੇ ਵੋਟਰ ਬਣ ਕੇ ਤੇ ਸਾਡੀਆਂ ਪੰਜਾਬ ਦੀਆਂ ਸਰਕਾਰੀ ਅਸਾਮੀਆਂ ਵਿੱਚ ਆ ਕੇ ਇਥੋਂ ਦੇ ਸਮੁੱਚੇ ਸੰਤੁਲਨ ਨੂੰ ਵਿਗਾੜ ਨਾ ਸਕਣ ਤੇ ਇਥੋਂ ਦੀ ਆਬੋ ਹਵਾ ਨੂੰ ਗੰਧਲਾ ਕਰਕੇ ਸਾਡੇ ਅਮੀਰ ਪੰਜਾਬੀ ਤੇ ਸਿੱਖ ਸੱਭਿਆਚਾਰ ਨੂੰ ਕਿਸੇ ਤਰ੍ਹਾਂ ਵੀ ਪ੍ਰਭਾਵਤ ਨਾ ਕਰ ਸਕਣ।

ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਗਵੰਤ ਸਿੰਘ ਮਾਨ ਸਰਕਾਰ ਤੇ ਪੂਰੀ ਕੈਬਨਿਟ ਨੂੰ ਪੰਜਾਬੀਆਂ ਅਤੇ ਸਿੱਖ ਕੌਮ ਦੇ ਬਿਨ੍ਹਾ 'ਤੇ ਪਹਿਲ ਦੇ ਆਧਾਰ 'ਤੇ ਉਪਰੋਕਤ ਗੰਭੀਰ ਵਿਸ਼ੇ ਉਤੇ ਕਾਨੂੰਨ ਬਣਾ ਕੇ ਬਾਹਰਲੇ ਬਸ਼ਿੰਦਿਆਂ ਨੂੰ ਪੱਕੇ ਬਸ਼ਿੰਦੇ ਬਣਨ 'ਤੇ ਰੋਕ ਲਾਉਣ ਦੀ ਸੰਜੀਦਾ ਅਪੀਲ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਨੂੰ ਹੋਂਦ ਵਿੱਚ ਆਏ ਢਾਈ ਸਾਲ ਦੇ ਕਰੀਬ ਸਮਾਂ ਬੀਤ ਚੁੱਕਿਆ ਹੈ।

ਪੰਜਾਬ ਦੇ ਨਿਵਾਸੀਆਂ ਨੇ ਰਵਾਇਤੀ ਪਾਰਟੀਆਂ ਤੇ ਆਗੂਆਂ ਨੂੰ ਰਾਜ ਭਾਗ ਤੋਂ ਦੂਰ ਕਰਨ ਹਿੱਤ ਹੀ ਆਮ ਆਦਮੀ ਪਾਰਟੀ ਨੂੰ 92 ਸੀਟਾਂ ਜਿਤਾ ਕੇ ਬਹੁਮਤ ਦਿੱਤਾ ਸੀ ਤਾਂ ਜੁ ਆਮ ਆਦਮੀ ਪਾਰਟੀ, ਪੰਜਾਬ ਵਿੱਚ ਵੱਸਣ ਵਾਲੇ ਆਮ ਆਦਮੀ ਨੂੰ ਹੇਠਲੇ ਪੱਧਰ ਤੋਂ ਲੈ ਕੇ ਉਪਰਲੇ ਪੱਧਰ ਤੱਕ ਆਉਣ ਵਾਲੀਆਂ ਮੁਸ਼ਕਲਾਂ ਦਾ ਇਹ ਬਣਿਆ ਨਵਾਂ ਬਦਲ ਹੱਲ ਕਰ ਸਕੇ ਤੇ ਪੰਜਾਬ ਸੂਬਾ ਜੋ ਨਸ਼ਿਆ ਦੇ ਗਲਤਾਨ ਵਿਚ ਘਿਰਿਆ ਹੋਇਆ ਹੈ, ਜਿਥੋਂ ਦੀ 40 ਲੱਖ ਦੀ ਬੇਰੁਜਗਾਰੀ ਮੂੰਹ ਅੱਡੀ ਖੜੀ ਹੈ, ਜਿਥੋਂ ਦਾ ਪ੍ਰਸ਼ਾਸਨਿਕ ਢਾਂਚਾ ਬਹੁਗਿਣਤੀ ਵੱਡੀਆਂ-ਵੱਡੀਆਂ ਰਿਸ਼ਵਤਖੋਰੀਆਂ, ਘਪਲਿਆਂ ਵਿੱਚ ਗ੍ਰਸਤ ਹਨ, ਜਿਥੇ ਆਮ ਆਦਮੀ ਨੂੰ ਇਨਸਾਫ਼ ਨਹੀਂ ਮਿਲ ਰਿਹਾ ਤੇ ਕਾਨੂੰਨੀ ਵਿਵਸਥਾ ਡਾਵਾਂਡੋਲ ਸੀ, ਉਹ ਹਰ ਪੱਖੋ ਠੀਕ ਹੋ ਸਕੇ ਅਤੇ ਸਮੁੱਚਾ ਨਿਜ਼ਾਮੀ ਪ੍ਰਬੰਧ ਸਹੀ ਦਿਸ਼ਾ ਵੱਲ ਚੱਲ ਸਕੇ।

## ...ਸ਼ਫ਼ਾ 1 ਦੇ ਬਾਕੀ

### ਨਵੇਂ ਮੰਤਰੀਆਂ ਨੂੰ...

ਸੂਬਾਈ ਕੈਬਨਿਟ ਵਿੱਚ ਨੌਜਵਾਨ ਚਿਹਰੇ ਸ਼ਾਮਲ ਹੋਏ ਹਨ ਅਤੇ ਇਹ ਨਵੇਂ ਮੰਤਰੀ ਆਪਣੀ ਮਿਹਨਤ ਨਾਲ ਸੂਬੇ ਨੂੰ ਸਿਖ਼ਰ ਉਤੇ ਪਹੁੰਚਾਉਣਗੇ। ਉਨ੍ਹਾ ਮੰਤਰੀਆਂ ਨੂੰ ਕਿਹਾ ਕਿ ਉਹ ਮਿਸ਼ਨਰੀ ਉਤਸ਼ਾਹ ਨਾਲ ਲੋਕਾਂ ਦੀ ਸੇਵਾ ਕਰਨ ਤਾਂ ਕਿ ਜਨਤਕ ਮਹੱਤਵ ਵਾਲੇ ਮਸਲੇ ਛੇਤੀ ਹੱਲ ਹੋਣ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਕਈ ਵਿਕਾਸਮੁਖੀ ਤੇ ਲੋਕ-ਪੱਖੀ ਸਕੀਮਾਂ ਸ਼ੁਰੂ ਕੀਤੀਆਂ ਹਨ। ਉਨ੍ਹਾ ਉਮੀਦ ਜਤਾਈ ਕਿ ਨਵੇਂ ਮੰਤਰੀ ਇਨ੍ਹਾਂ ਸਕੀਮਾਂ ਨੂੰ ਬਾਰੀਕਬੀਨੀ ਨਾਲ ਲਾਗੂ ਕਰਨਾ ਯਕੀਨੀ ਬਣਾਉਣਗੇ।

ਨਵੇਂ ਮੰਤਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਸੂਬੇ ਦੇ ਲੋਕਾਂ ਦੀ ਪੂਰੇ ਉਤਸ਼ਾਹ ਤੇ ਸਮਰਪਣ ਨਾਲ ਸੇਵਾ ਕਰਨ। ਉਨ੍ਹਾਂ ਉਮੀਦ ਪ੍ਰਗਟਾਈ ਕਿ ਸੁਤੰਤਰਤਾ ਸੈਨਾਨੀਆਂ ਅਤੇ ਕੌਮੀ ਨਾਇਕਾਂ ਦੇ ਸੁਪਨਿਆਂ ਵਾਲਾ ਸੂਬਾ ਬਣਾਉਣ ਲਈ ਨਵੇਂ ਮੰਤਰੀ ਪੂਰੀ ਲਗਨ ਨਾਲ ਕੰਮ ਕਰਨਗੇ। ਭਗਵੰਤ ਸਿੰਘ ਮਾਨ ਨੇ ਆਸ ਪ੍ਰਗਟਾਈ ਕਿ ਨਵੇਂ ਮੰਤਰੀ ਸੂਬਾ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਪੂਰੀ ਤੇਜ਼ੀ ਨਾਲ ਤੇ ਸਹੀ ਦਿਸ਼ਾ ਵਿੱਚ ਲਾਗੂ ਕਰਨ ਲਈ ਪ੍ਰੇਰਕ ਵਜੋਂ ਕੰਮ ਕਰਨਗੇ।

## ਪਰਸਨੈਲਿਟੀ ਡਿਵੈਲਪਮੈਂਟ ਤੇ 'ਟੂ ਲਾਈਵਜ਼' ਪੁਸਤਕ ਦੀ ਸਮੀਖਿਆ ਦਾ ਸਮਾਗਮ ਹੋਇਆ




**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**
ਦੇਵ ਸਮਾਜ ਕਾਲਜ ਫਾਰ ਵਿਮਨ, ਫ਼ਿਰੋਜ਼ਪੁਰ ਅਕਾਦਮਿਕ, ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ 'ਏ' ਗ੍ਰੇਡ ਪ੍ਰਾਪਤ ਕਾਲਜ ਹੈ।ਇਹ ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੀ ਛਤਰ-ਛਾਇਆ ਤੇ ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਪ੍ਰਿੰਸੀਪਲ ਦੀ ਅਗਵਾਈ ਵਿੱਚ ਨਿਰੰਤਰ ਤਰੱਕੀ ਦੀ ਰਾਹ ਤੇ ਅਗਰਸਰ ਹੈ।ਇਸੇ ਲੜੀ ਤਹਿਤ ਪੰਜਾਬ ਸਰਕਾਰ ਦੀ 'ਚਲੋ ਲਾਇਬ੍ਰੇਰੀ' ਮੁਹਿੰਮ ਵਜੋਂ, ਕਾਲਜ ਦੇ ਲਾਇਬ੍ਰੇਰੀ ਵਿਭਾਗ ਵੱਲੋਂ ਪੁਸਤਕ ਸਮੀਖਿਆ ਸੈਸ਼ਨਾਂ ਦੀ ਲੜੀ ਦਾ ਆਯੋਜਨ ਜਾ ਰਿਹਾ ਹੈ।ਇਨ੍ਹਾਂ ਸੈਸ਼ਨਾਂ ਦੇ ਪੰਜਵੇਂ ਦਿਨ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਦੇ ਸਹਾਇਕ ਪ੍ਰੋਫ਼ੈਸਰ ਡਾ. ਮਨਜੋਤ ਨੇ ਕਿਤਾਬ ਦੀ ਸਮੀਖਿਆ ਕੀਤੀ।

ਡਾ. ਮਨਜੋਤ ਨੇ ਪਰਸਨੈਲਿਟੀ ਡਿਵੈਲਪਮੈਂਟ ਬਾਰੇ ਦੱਸਿਆ ਕਿ 'ਸ਼ਖ਼ਸੀਅਤ ਵਿਕਾਸ' ਪੁਸਤਕ ਦੁਆਰਾ ਡਾ. ਐੱਮ. ਸ਼ੋਭਾ ਰਾਣੀ ਤੇ ਐੱਮ. ਰਤਨ ਜਯੋਤੀ ਵਿਅਕਤੀ ਦੀ ਸ਼ਖ਼ਸੀਅਤ ਨੂੰ ਸਮਝਣ ਤੇ ਸੁਧਾਰਨ ਲਈ ਇੱਕ ਵਿਆਪਕ ਅਤੇ ਸੂਝਵਾਨ ਮਾਰਗਦਰਸ਼ਕ ਹਨ।ਲੇਖਕ ਸ਼ਖ਼ਸੀਅਤ ਦੀ ਧਾਰਨਾ, ਇਸਦੇ ਭਾਗਾਂ ਅਤੇ ਇਸ ਨੂੰ ਪ੍ਰਭਾਵਤ ਕਰਨ ਵਾਲੇ ਕਾਰਕਾਂ ਦੀ ਪੂਰੀ ਖੋਜ ਪ੍ਰਦਾਨ ਕਰਦੇ ਹਨ।ਪੁਸਤਕ ਦੀ ਇਕ ਖੂਬੀ ਸ਼ਖ਼ਸੀਅਤ ਦੇ ਵਿਕਾਸ ਦੇ ਵਿਹਾਰਕ ਕਾਰਜਾਂ 'ਤੇ ਇਸ ਦਾ ਧਿਆਨ ਕੇਂਦਰਤ ਕਰਨਾ ਹੈ। ਲੇਖਕ ਭਾਵਨਾਤਮਕ ਬੁੱਧੀ, ਸੰਚਾਰ ਹੁਨਰ ਤੇ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਕਾਰਜਸ਼ੀਲ ਰਣਨੀਤੀਆਂ ਤੇ ਤਕਨੀਕਾਂ ਪ੍ਰਦਾਨ ਕਰਦੇ ਹਨ।ਕੁੱਲ ਮਿਲਾ ਕੇ 'ਸ਼ਖ਼ਸੀਅਤ ਵਿਕਾਸ' ਕਿਸੇ ਵੀ ਵਿਅਕਤੀ ਲਈ ਇੱਕ ਕੀਮਤੀ ਸਰੋਤ ਹੈ, ਜੋ ਆਪਣੇ ਤੇ ਦੂਜਿਆਂ ਬਾਰੇ ਡੂੰਘੀ ਸਮਝ ਪ੍ਰਾਪਤ ਕਰਨਾ ਚਾਹੁੰਦਾ ਹੈ।ਇਹ ਨਿੱਜੀ ਤੇ ਪੇਸ਼ੇਵਰ ਵਿਕਾਸ ਲਈ ਇੱਕ ਸ਼ਾਨਦਾਰ ਮਾਰਗਦਰਸ਼ਕ ਹੈ ਤੇ ਇਸਦੇ ਸਿਧਾਂਤ ਜੀਵਨ ਦੇ ਵੱਖ-ਵੱਖ ਪਹਿਲੂਆਂ ਵਿੱਚ ਲਾਗੂ ਕੀਤੇ ਜਾ ਸਕਦੇ ਹਨ।

ਛੇਵੇਂ ਦਿਨ ਡਾ. ਗੀਤਾਂਜਲੀ, ਸਹਾਇਕ ਪ੍ਰੋਫ਼ੈਸਰ, ਪੋਸਟ ਗ੍ਰੇਜੂਏਟ ਬੋਟਨੀ ਵਿਭਾਗ ਨੇ ਇੱਕ ਭਾਰਤੀ ਕਵੀ ਤੇ ਨਾਵਲਕਾਰ ਵਿਕਰਮ ਸੇਠ ਦੁਆਰਾ 'ਟੂ ਲਾਈਵਜ਼' ਦੀ ਇੱਕ ਪੁਸਤਕ ਦੀ ਸਮੀਖਿਆ ਕੀਤੀ। 'ਟੂ ਲਾਈਵਜ਼' ਪਰਵਾਰਕ ਇਤਿਹਾਸ, ਸਮਾਜਿਕ ਟਿੱਪਣੀ ਤੇ ਇਤਿਹਾਸਕ ਸੰਦਰਭ ਦਾ ਇੱਕ ਵਿਲੱਖਣ ਮਿਸ਼ਰਣ ਹੈ।'ਟੂ ਲਾਈਵਜ਼' ਸੰਖੇਪ ਵਿੱਚ ਦੋ ਵੱਖ-ਵੱਖ ਸਭਿਆਚਾਰਾਂ ਤੋਂ ਆਉਣ ਵਾਲੇ ਦੋ ਲੋਕਾਂ ਦੀ ਲੰਬੀ ਸੰਗਤ ਦੀਆਂ ਜਟਿਲਤਾਵਾਂ ਦਾ ਇੱਕ ਸੂਖਮ ਚਿੱਤਰਣ ਹੈ।

ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਪੰਜਵੇਂ ਤੇ ਛੇਵੇਂ ਸੈਸ਼ਨ ਦੌਰਾਨ ਡਾ. ਮਨਜੋਤ ਤੇ ਡਾ. ਗੀਤਾਂਜਲੀ ਨਾਲ ਮਿਲ ਕੇ ਉਨ੍ਹਾਂ ਦੁਆਰਾ ਸਮੀਖਿਆ ਕੀਤੀਆਂ ਪੁਸਤਕਾਂ ਨੂੰ ਪੜ੍ਹਨ ਲਈ ਸੈਸ਼ਨ ਵਿੱਚ ਪਹੁੰਚੇ ਅਧਿਆਪਕਾਂ ਅਤੇ ਵਿਦਿਆਰਥਣਾਂ ਨੂੰ ਪੜ੍ਹਨ ਲਈ ਪ੍ਰੇਰਤ ਕੀਤਾ ਅਤੇ ਲਾਇਬ੍ਰੇਰੀ ਵਿਭਾਗ ਦੁਆਰਾ ਪ੍ਰੋਗਰਾਮ ਦੇ ਸਫਲ ਆਯੋਜਨ ਲਈ ਵਧਾਈ ਦਿੱਤੀ।ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।


ਭਾਰਤੀ ਰੇਲ

"ਸਾਰਵਜਨਿਕ ਅਧਿਸੂਚਨਾ"

ਰੇਲਵੇ ਲਾਇਨਾਂ ਅਤੇ ਪਰਿਸਰਾਂ ਦੇ ਸਾਰੇ ਉਪਭੋਕਤਾਵਾਂ ਨੂੰ ਇਸ ਦੁਵਾਰਾ ਸੂਚਨਾ ਦਿਤੀ ਜਾਂਦੀ ਹੈ ਕਿ ਰੇਲਵੇ ਦੇ ਹੇਠਾ ਲਿਖੇ ਖੰਡ ਉਤੇ 25,000 ਵੋਲਟਰਸ 50 ਹਰਟਰਜ ਏਸੀ ਸ਼ਿਰੋਪਰੀ ਕਰਸ਼ਣ ਤਾਰਾਂ ਨੂੰ ਖੰਡ ਦੇ ਸਾਮਨੇ ਵਿਨਿਦਰਿਸ਼ਟ ਮਿਤੀ ਨੂੰ ਜਾਂ ਬਾਦ ਵਿਚ ਉਰਜਿਤ ਕੀਤਾ ਜਾਵੇਗਾ। ਉਸ ਮਿਤੀ ਅਤੇ ਉਸ ਮਿਤੀ ਦੇ ਬਾਦ ਸਾਰੇ ਸ਼ਿਰੋਪਰੀ ਕਰਸ਼ਣ ਲਾਇਨਾਂ ਨੂੰ ਹਰ ਸਮੇਂ ਵਿਯੁਤਮਯ ਮੰਨਿਆ ਜਾਵੇਗਾ ਅਤੇ ਕੋਈ ਵੀ ਅਨਧਿਕ੍ਰਿਤ ਵਿਅਕਤੀ ਉਸ ਸ਼ਿਰੋਪਰੀ ਲਾਇਨ ਦੇ ਨਜ਼ਦੀਕ ਦਾਖਿਲ ਨਾ ਹੋਵੇ ਜਾਂ ਕੰਮ ਕਰਨ ਨਹੀਂ ਜਾਵੇ।

| ਖੰਡ | ਮਿਤੀ |
|---|---|
| "ਉੱਤਰ ਰੇਲਵੇ ਵਿਚ ਫ਼ਿਰੋਜ਼ਪੁਰ ਮੰਡਲ ਦੇ ਲੁਧਿਆਣਾ - ਫ਼ਿਰੋਜ਼ਪੁਰ ਖੰਡ ਵਿਚ ਬਦਦੋਵਾਲ ਦੇ ਡਾਊਨ ਮੇਨ ਲਾਇਨ ਦੀ ਲੋਕੇਸ਼ਨ ਨੰ: 10/30 (ਕਿ.ਮੀ. ਚੈਨੇਜ 10/919.00) ਤੋਂ ਲੁਧਿਆਣਾ ਦੇ ਡਾਊਨ ਮੇਨ ਲਾਇਨ ਦੀ ਲੋਕੇਸ਼ਨ ਨੰ: FZR-1/13 (ਕਿ.ਮੀ. ਚੈਨੇਜ 01/243.20) ਨੂੰ ਸਬੰਧਿਤ ਕਰੋਸ ਓਵਰ, ਏ.ਟੀ. ਅਤੇ ਮਾਡਲ ਗ੍ਰਾਮ ਐਸਐਸਪੀ ਸਹਿਤ। | 30.09.2024 |

ਏਸੀ 25 ਕੇ ਵੀ ਕਰਸ਼ਣ ਨੂੰ ਚਾਲੂ ਕਰਨਾ

"ਸੜਕ ਉਪਯੋਗਕਰਤਾਵਾਂ ਦੇ ਲਈ ਚੇਤਾਵਨੀ"

ਜਨਸਾਧਾਰਣ ਦੀ ਸੂਚਨਾ ਦੇ ਲਈ ਅਧਿਸੂਚਿਤ ਕੀਤਾ ਜਾਂਦਾ ਹੈ ਕਿ **"ਉੱਤਰ ਰੇਲਵੇ ਵਿਚ ਫ਼ਿਰੋਜ਼ਪੁਰ ਮੰਡਲ ਦੇ ਲੁਧਿਆਣਾ - ਫ਼ਿਰੋਜ਼ਪੁਰ ਖੰਡ ਵਿਚ ਬਦਦੋਵਾਲ ਦੇ ਡਾਊਨ ਮੇਨ ਲਾਇਨ ਦੀ ਲੋਕੇਸ਼ਨ ਨੰ: 10/30 (ਕਿ.ਮੀ. ਚੈਨੇਜ 10/919.00) ਤੋਂ ਲੁਧਿਆਣਾ ਦੇ ਡਾਊਨ ਮੇਨ ਲਾਇਨ ਦੀ ਲੋਕੇਸ਼ਨ ਨੰ: FZR-1/13 (ਕਿ.ਮੀ. ਚੈਨੇਜ 01/243.20) ਨੂੰ ਸਬੰਧਿਤ ਕਰੋਸ ਓਵਰ, ਏ.ਟੀ. ਏਤ ਮਾਡਲ ਗ੍ਰਾਮ ਐਸਐਸਪੀ ਸਹਿਤ** ਨੂੰ 25 ਕੇ ਵੀ ਏਸੀ ਵਿਯੁਤ ਕਰਸ਼ਣ ਸ਼ੁਰੂ ਕਰਨ ਦੇ ਲਈ ਸਾਰੇ ਸਮਪਾਰਾਂ ਉਤੇ ਸੜਕ ਸਤਹ ਉਤੇ ਜ਼ਿਆਦਾ ਤੋਂ ਜ਼ਿਆਦਾ 4.78 ਮੀ. ਦੀ ਸਪੱਸ਼ਟ ਉਚਾਈ ਉਤੇ ਉਚਾਈ ਗੇਜਾਂ ਲਗਾਈ ਗਈ ਹੈ ਤਾਕਿ ਬਹੁਤ ਜ਼ਿਆਦਾ ਉਚਾਈ ਵਾਲੇ ਲੋਡ ਨੂੰ ਵਿਯੁਤਮਯ ਕਰਸ਼ਣ ਤਾਰ ਦੀ ਖਤਰਨਾਗ ਨਜ਼ਦੀਕਤਾ ਜਾਂ ਸੰਪਰਕ ਵਿਚ ਆਉਣ ਤੋਂ ਰੋਕਿਆ ਜਾਂ ਸਕੇ।

ਜਨਸਾਧਾਰਣ ਨੂੰ ਇਸ ਦੁਵਾਰਾ ਅਧਿਸੂਚਿਤ ਕੀਤਾ ਜਾਂਦਾ ਹੈ ਕਿ ਵਾਹਨਾਂ ਦੇ ਲਦਾਨ ਦੇ ਪ੍ਰਯੋਜਨ ਦੇ ਲਈ ਉਕਤ ਵਿਨਿਦਰਿਸ਼ਟ ਉਚਾਈ ਦਾ ਪਾਲਨ ਕਰੇ ਅਤੇ ਇਹ ਦੇਖੇ ਕਿ ਸੜਕ ਵਾਹਨ ਵਿਚ ਢੋਏ ਜਾਂ ਰਹੇ ਲੋਡ ਤੋਂ ਕਿਸੀ ਵੀ ਸਥਿਤੀ ਤੋਂ ਹਾਇਟ ਗੇਜਾਂ ਦਾ ਅਤਿਲੰਘਨ ਨਾ ਹੋਵੇ।

ਜ਼ਿਆਦਾ ਤੋਂ ਜ਼ਿਆਦਾ ਉਚਾਈ ਦੇ ਲੋਡ ਦੇ ਖਤਰੇ ਹੇਠਾ ਅਨੁਸਾਰ ਹੈ :-
i) ਉਚਾਈ ਗੇਜ ਦੇ ਲਈ ਖਤਰਾ ਅਤੇ ਫਲਸਵਰੂਪ ਸੜਕ ਅਤੇ ਰੇਲਵੇ ਲਾਇਨ ਉਤੇ ਬਾਧਾ।
ii) ਵਾਹਨ ਉਤੇ ਲੈ ਜਾਈ ਜਾਂ ਰਹੀ ਸਾਮਗਰੀਆਂ ਜਾਂ ਉਪਸਕਰ ਨੂੰ ਖਤਰਾ।
iii) ਚਾਲਕਾਂ ਦੀ ਖਤਰਨਾਕ ਨਜ਼ਦੀਕਤਾ ਜਾਂ ਸੰਪਰਕ ਦੇ ਕਾਰਣ ਅੱਗ ਦਾ ਖਤਰਾ ਅਤੇ ਜੀਵਨ ਦੀ ਹਾਨੀ ਦਾ ਖਤਰਾ।

ਉਪ ਮੁੱਖ ਵਿਯੁਤ ਇੰਜੀਨੀਅਰ/ਨਿਰਮਾਣ
ਉੱਤਰ ਰੇਲਵੇ, ਜਲੰਧਰ ਸ਼ਹਿਰ

ਨੰ: 17-ਵਿਯੁਤ ਨਿਰਮਾਣ ਟੀਆਰਡੀ ਜੇਯੂਸੀ 132 Dated: 24.09.2024 2964/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ਼ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

25-SEP-PAGE-3.qxd 9/24/2024 10:35 PM Page 1



# ਜੋਸ਼ੋ-ਖਰੋਸ਼ ਨਾਲ ਮਨਾਇਆ ਜਾਵੇਗਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ : ਮਾੜੀਮੇਘਾ



**ਭਿੱਖੀਵਿੰਡ (ਨਜ਼ਸ)**-ਸੀ. ਪੀ. ਆਈ. ਬਲਾਕ ਭਿੱਖੀਵਿੰਡ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ ਭਿੱਖੀਵਿੰਡ ਅੱਡੇ 'ਤੇ 27 ਮਾਰਚ ਨੂੰ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਹ ਵਿਚਾਰਾਂ ਦਾ ਪ੍ਰਗਟਾਵਾ ਸੀ. ਪੀ. ਆਈ. ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਪਿੰਡ ਬਾਠ ਦੇ ਪਾਰਟੀ ਮੈਂਬਰਾਂ ਤੇ ਹਮਦਰਦਾਂ ਨੂੰ ਸੰਬੋਧਨ ਕਰਦਿਆਂ ਕੀਤਾ।ਮਾੜੀਮੇਘਾ ਨੇ ਕਿਹਾ ਕਿ ਜੇ ਪਰਮਗੁਣੀ ਭਗਤ ਸਿੰਘ ਦੀ ਸੋਚ ਦਾ ਹਿੰਦੁਸਤਾਨ ਆਜ਼ਾਦੀ ਤੋਂ ਬਾਅਦ ਬਣ ਜਾਂਦਾ ਤਾਂ ਅੱਜ ਇਸ ਮੁਲਕ ਨੇ ਸੋਨੇ ਦੀ ਚਿੜੀ ਹੋਣਾ ਸੀ।ਸੋਨੇ ਦੀ ਚਿੜੀ ਦਾ ਭਾਵ ਸਾਡੀ ਜਵਾਨੀ ਵਿਦੇਸ਼ਾਂ ਵਿੱਚ ਧੱਕੇ ਖਾਣ ਦੀ ਥਾਂ ਉਸ ਨੂੰ ਹਿੰਦੁਸਤਾਨ ਵਿੱਚ ਰੁਜ਼ਗਾਰ ਮਿਲਿਆ ਹੋਣਾ ਸੀ।ਅਸੀਂ ਖੁਸ਼ ਤੇ ਬਹੁਤ ਹੁੰਦੇ ਹਾਂ ਕਿ ਸਾਡਾ ਪੁੱਤ-ਧੀ ਵਿਦੇਸ਼ ਚਲਿਆ ਗਿਆ ਹੈ, ਹੁਣ ਕੋਈ ਖਤਰਾ ਨਹੀਂ, ਅਸੀਂ ਪੈਸੇ ਵਿੱਚ ਖੇਡਾਂਗੇ ਪਰ ਸਾਡੀ ਕੌਮ ਦਾ ਵੱਡਾ ਨੁਕਸਾਨ ਹੋ ਰਿਹਾ ਹੈ, ਕਿਉਂਕਿ ਸਾਡੇ ਬੱਚਿਆਂ ਨੂੰ ਮਜ਼ਦੂਰੀ ਤੇ ਮਿਲਦੀ ਹੈ ਪਰ ਸਾਡੇ ਬੱਚੇ ਜਿਸ ਦੇਸ਼ ਵਿੱਚ ਕੰਮ ਕਰਦੇ ਹਨ ਤਰੱਕੀ ਉਥੋਂ ਦੀ ਹੋ ਰਹੀ ਹੈ।ਜੇ ਸਾਡੇ ਹਰੇਕ ਬੱਚੇ ਨੂੰ ਰੁਜ਼ਗਾਰ ਦੇਣ ਵਾਲਾ ਕਾਨੂੰਨ ਹਿੰਦੁਸਤਾਨ ਦੀ ਸਰਕਾਰ ਬਣਾ ਦੇਵੇ ਤਾਂ ਹਰੇਕ ਵਿਅਕਤੀ ਨੂੰ ਰੁਜ਼ਗਾਰ ਮਿਲੇਗਾ ਤੇ ਤਰੱਕੀ ਭਾਵ ਖੁਸ਼ਹਾਲੀ ਭਾਰਤ ਦੀ ਹੋਵੇਗੀ।ਭਾਰਤ ਫਿਰ ਦੁਨੀਆ ਵਿੱਚ ਸੋਨੇ ਦੀ ਚਿੜੀ ਕਹਾਵੇਗਾ।ਇਸ ਲਈ ਸੀ. ਪੀ. ਆਈ. ਦੀ ਪੁਰਜ਼ੋਰ ਮੰਗ ਹੈ ਕਿ 18 ਸਾਲ ਦੀ ਉਮਰ ਤੋਂ ਹਰੇਕ ਵਿਅਕਤੀ ਨੂੰ ਰੁਜ਼ਗਾਰ ਦੇਣ ਲਈ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' ਸੰਸਦ ਵਿੱਚ ਪਾਸ ਕੀਤਾ ਜਾਵੇ।ਸਮਾਗਮ ਨੂੰ ਲੋਕਲ ਆਗੂਆਂ ਤੋਂ ਇਲਾਵਾ ਸੀ. ਪੀ. ਆਈ. ਦੀ ਸੂਬਾ ਸਕੱਤਰੇਤ ਮੈਂਬਰ ਦੇਵੀ ਕੁਮਾਰੀ, ਸੀ. ਪੀ. ਆਈ. ਦੀ ਸੂਬਾ ਕੌਂਸਲ ਮੈਂਬਰ ਸੀਮਾ ਸੋਹਲ ਅਤੇ ਪੰਜਾਬ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।ਬਾਠਾਂ ਦੀ ਮੀਟਿੰਗ ਨੂੰ ਪੰਜਾਬ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਰਛਪਾਲ ਸਿੰਘ ਬਾਠ ਨੇ ਵੀ ਸੰਬੋਧਨ ਕੀਤਾ।

# 'ਖੇਡਾਂ ਵਤਨ ਪੰਜਾਬ ਦੀਆਂ' 'ਚ ਸੇਂਟ ਸੋਲਜਰ ਸਕੂਲ ਦੇ ਬੱਚਿਆਂ ਦੇ ਨਾਂਅ ਰਹੀਆਂ ਸ਼ਾਨਦਾਰ ਜਿੱਤਾਂ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਜ਼ਿਲ੍ਹਾ ਲੈਵਲ ਤੇ ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਦੀ ਗਤਕਾ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਅੰਡਰ 14 ਅਤੇ ਅੰਡਰ 17 ਕੈਟਾਗਰੀ ਵਿੱਚ ਸਕੂਲ ਦੇ ਖਿਡਾਰੀਆਂ ਨੇ ਖੇਡ ਦਾ ਮੁਜ਼ਾਹਰਾ ਕਰਦਿਆਂ ਮੈਡਲ ਜਿੱਤੇ।ਅੰਡਰ 17 ਵਿੱਚ ਫਰੀ ਸੋਟੀ ਈਵੈਂਟ ਵਿਚ ਇਸ਼ਦੀਪ ਸਿੰਘ ਗੋਲਡ ਮੈਡਲ, ਗੁਰਸ਼ਾਨ ਸਿੰਘ ਗੋਲਡ ਮੈਡਲ ਅਤੇ ਅਰਮਾਨ ਸਿੰਘ ਨੇ ਵੀ ਗੋਲਡ ਮੈਡਲ ਹਾਸਲ ਕੀਤਾ।ਇਸੇ ਤਰ੍ਹਾਂ ਅੰਡਰ -17 ਸਿੰਗਲ ਸੋਟੀ ਈਵੈਂਟ ਵਿਚ ਪ੍ਰਿੰ. ਸਿੰਘ ਨੇ ਸਿਲਵਰ ਮੈਡਲ ਅਤੇ ਅਨੰਤ ਦੀਪ ਸਿੰਘ ਨੇ ਸਿਲਵਰ ਮੈਡਲ ਹਾਸਿਲ ਕੀਤਾ। ਅੰਡਰ -14 ਦੇ ਮੁਕਾਬਲਿਆਂ ਵਿੱਚ ਫਰੀ ਸੋਟੀ ਈਵੈਂਟ ਵਿੱਚ ਅਰਸ਼ਦੀਪ ਸਿੰਘ ਨੇ ਸਿਲਵਰ ਮੈਡਲ ਅਤੇ ਅਜੇਦੀਪ ਸਿੰਘ ਨੇ ਵੀ ਸਿਲਵਰ ਮੈਡਲ ਹਾਸਲ ਕੀਤਾ। ਅੰਡਰ -14 ਸਿੰਗਲ ਸੋਟੀ ਦੇ ਮੁਕਾਬਲਿਆਂ ਵਿੱਚ ਅੰਸ਼ਦੀਪ ਸਿੰਘ ਨੇ ਸਿਲਵਰ ਮੈਡਲ ਜੁਵਰਾਜ ਸਿੰਘ ਨੇ ਸਿਲਵਰ ਮੈਡਲ ਅਤੇ ਨਵਦੀਪ ਸਿੰਘ ਨੇ ਵੀ ਸਿਲਵਰ ਮੈਡਲ ਹਾਸਲ ਕੀਤਾ।

ਵਿਅਕਤੀਗਤ ਪ੍ਰਦਰਸ਼ਨ ਵਿੱਚ ਫਰੀ ਸੋਟੀ ਵਿੱਚ ਇਸ਼ਦੀਪ ਸਿੰਘ ਨੇ ਸਿਲਵਰ ਮੈਡਲ ਹਾਸਿਲ ਕੀਤਾ ਅਤੇ ਕਿਰਪਾਨ ਫਰਾਈ ਈਵੈਂਟ ਵਿਚ ਨਵਦੀਪ ਸਿੰਘ ਨੇ ਬਰੌਂਜ਼ ਮੈਡਲ ਹਾਸਲ ਕੀਤਾ ਅਤੇ ਅਰਮਾਨ ਸਿੰਘ ਨੇ ਵੀ ਬਰੌਂਜ਼ ਮੈਡਲ ਹਾਸਿਲ ਕੀਤਾ। ਸਿੰਗਲ ਸੋਟੀ ਵਿੱਚ ਅੰਸ਼ਪ੍ਰੀਤ ਸਿੰਘ ਨੇ ਗੋਲਡ ਮੈਡਲ ਹਾਸਲ ਕੀਤਾ।ਸਕੂਲ ਪਹੁੰਚਣ 'ਤੇ ਜੇਤੂ ਬੱਚਿਆਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।

# ਥਾਣੇ ਅੱਗੇ ਝੁਲਸੇ ਨੌਜਵਾਨ ਦੀ 12 ਦਿਨਾਂ ਮਗਰੋਂ ਮੌਤ, ਛੇ ਜਣਿਆਂ ਵਿਰੁੱਧ ਮਾਮਲਾ ਦਰਜ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਝਗੜੇ ਦੇ ਸਬੰਧੀ ਥਾਣਾ ਧਾਰੀਵਾਲ ਆਉਂਦੇ ਸਮੇਂ ਬੀਤੇ ਦਿਨੀਂ ਇਕ 25 ਸਾਲਾ ਨੌਜਵਾਨ ਨੂੰ ਥਾਣੇ ਦੇ ਬਾਹਰਲੇ ਗੇਟ ਅੱਗੇ ਪਹੁੰਚਣ 'ਤੇ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਉਸ ਉਪਰ ਤੇਲ ਛਿੜਕ ਕੇ ਅੱਗ ਲਗਾ ਦਿੱਤੀ, ਜਿਸ ਨਾਲ ਬੁਰੀ ਤਰ੍ਹਾਂ ਝੁਲਸੇ ਨੌਜਵਾਨ ਦੀ ਇਲਾਜ ਦੌਰਾਨ ਕਰੀਬ 12 ਦਿਨਾਂ ਬਾਅਦ ਮੌਤ ਹੋ ਗਈ ਹੈ। ਮ੍ਰਿਤਕ ਮੁਨਾਵਰ ਮਸੀਹ (25) ਪੁੱਤਰ ਪੱਪੂ ਮਸੀਹ ਪਿੰਡ ਕਲਿਆਣਪੁਰ ਦਾ ਰਹਿਣ ਵਾਲਾ ਸੀ। ਮ੍ਰਿਤਕ ਨੌਜਵਾਨ ਦੀ ਮਾਤਾ ਬੀਰੀ ਪਤਨੀ ਪੱਪੂ ਮਸੀਹ ਵਾਸੀ ਕਲਿਆਣਪੁਰ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ 10 ਸਤੰਬਰ 2024 ਨੂੰ ਸਵੇਰੇ ਕਰੀਬ 10 ਵਜੇ ਉਸਦਾ ਰਾਣੀ ਪਤਨੀ ਲਖਵਿੰਦਰ ਮਸੀਹ ਵਾਸੀ ਕਲਿਆਣਪੁਰ ਦੇ ਪਰਿਵਾਰਕ ਮੈਂਬਰਾਂ ਨਾਲ ਝਗੜਾ ਹੋਇਆ ਸੀ। ਉਨ੍ਹਾਂ ਨੇ ਮੇਰੀ ਕੁੱਟਮਾਰ ਕੀਤੀ ਅਤੇ ਗਾਲੀ ਗਲੋਚ ਕੀਤਾ। ਇਸ ਸਬੰਧੀ ਉਹ ਥਾਣਾ ਧਾਰੀਵਾਲ ਵਿਖੇ ਦਰਖਾਸਤ ਦੇਣ ਲਈ ਗਈ ਤਾਂ ਥਾਣੇ ਦੇ ਮੁੱਖ ਅਫਸਰ ਨੇ ਮੈਨੂੰ ਥਾਣੇ ਬਿਠਾ ਕੇ ਦੂਸਰੀ ਪਾਰਟੀ ਨੂੰ ਵੀ ਥਾਣੇ ਬੁਲਾ ਲਿਆ। ਇਸ ਬਾਰੇ ਮੇਰੇ ਛੋਟੇ ਲੜਕੇ ਮੁਨਾਵਰ ਮਸੀਹ ਨੂੰ ਪਤਾ ਲੱਗਾ ਤਾਂ ਉਹ ਆਪਣੇ ਮੋਟਰਸਾਈਕਲ ਤੇ ਸਵਾਰ ਹੋ ਕੇ ਥਾਣੇ ਆਉਂਦੇ ਸਮੇਂ ਜਦੋਂ ਥਾਣੇ ਦੇ ਬਾਹਰ ਵਾਲੇ ਗੇਟ ਨੇੜੇ ਪੁੱਜਾ ਤਾਂ ਉੱਥੇ ਵਿਰੋਧੀ ਧਿਰ ਰਾਣੀ ਅਤੇ ਉਸਦੇ ਰਿਸ਼ਤੇਦਾਰ ਖੜ੍ਹੇ ਸਨ ਜਿਨ੍ਹਾਂ ਵਿੱਚ ਉਸ (ਰਾਣੀ) ਦਾ ਲੜਕਾ ਸੁਮਿਤ ਮਸੀਹ ਅਤੇ ਪਤੀ ਲਖਵਿੰਦਰ ਮਸੀਹ ਨੇ ਮੇਰੇ ਲੜਕੇ ਮੁਨਾਵਰ ਮਸੀਹ ਉਤੇ ਤੇਲ ਛਿੜਕਾਅ ਕੇ ਸੁਮਿਤ ਨੇ ਅੱਗ ਲਗਾ ਦਿੱਤੀ। ਮੈਂ ਉਸ ਸਮੇਂ ਥਾਣੇ ਸੀ ਅਤੇ ਮੈਂ ਤੁਰੰਤ ਆਪਣੇ ਲੜਕੇ ਮੁਨਾਵਰ ਮਸੀਹ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਪਹੁੰਚਾਉਣ ਦੇ ਬਾਅਦ ਅਸੀਂ ਉਸਦੀ ਹਾਲਤ ਨਾਜ਼ੁਕ ਦੇਖਦੇ ਹੋਏ ਉਚੇਰੇ ਇਲਾਜ ਲਈ ਗੁਰਦਾਸਪੁਰ ਦੇ ਇਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ, ਜਿਥੇ ਉਸਦਾ ਇਲਾਜ ਚੱਲਣ 'ਤੇ 19 ਸਤੰਬਰ ਨੂੰ ਡਾਕਟਰ ਨੇ ਛੁੱਟੀ ਦੇ ਕੇ ਘਰ ਭੇਜ ਦਿੱਤਾ ਸੀ। ਪਰ 21 ਸਤੰਬਰ ਦੀ ਰਾਤ ਨੂੰ ਮੇਰੇ ਲੜਕੇ ਮੁਨਾਵਰ ਮਸੀਹ ਦੀ ਹਾਲਤ ਖਰਾਬ ਹੋਣ ਕਰਕੇ ਉਸ ਨੂੰ ਦੁਬਾਰਾ ਹਸਪਤਾਲ ਦਾਖਲ ਕਰਵਾ ਦਿੱਤਾ ਜਿਥੇ ਉਸ ਦੀ ਰਾਤ ਇਲਾਜ ਦੌਰਾਨ ਮੌਤ ਹੋ ਗਈ। ਇਸ ਸਬੰਧੀ ਥਾਣਾ ਧਾਰੀਵਾਲ ਦੇ ਮੁਖੀ ਇੰਸਪੈਕਟਰ ਬਲਜੀਤ ਕੌਰ ਨੇ ਦੱਸਿਆ ਕਿ ਮ੍ਰਿਤਕ ਦੀ ਮਾਤਾ ਬੀਰੀ ਦੇ ਬਿਆਨਾਂ ਅਨੁਸਾਰ ਰਾਣੀ, ਦੇ ਪੁੱਤਰ ਸੁਮਿਤ ਮਸੀਹ, ਪਤੀ ਲਖਵਿੰਦਰ ਮਸੀਹ, ਲੜਕੀ ਕਵਿਤਾ ਵਾਸੀਆਨ ਕਲਿਆਣਪੁਰ ਅਤੇ ਇਨ੍ਹਾਂ ਦੇ ਦੋ ਰਿਸ਼ਤੇਦਾਰਾਂ ਖਿਲਾਫ ਜੁਰਮ 105, 190 ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਮੋਟਰਸਾਈਕਲਾਂ ਦੀ ਭਿਆਨਕ ਟੱਕਰ 'ਚ ਦੋ ਵਿਅਕਤੀ ਜ਼ਖ਼ਮੀ



**ਦੀਨਾਨਗਰ (ਸੰਜੀਵ)**-ਦੀਨਾਨਗਰ ਦੇ ਗੋਬਿੰਦ ਪਬਲਿਕ ਸਕੂਲ ਦੇ ਸਾਹਮਣੇ ਮੇਨ ਰੋਡ 'ਤੇ ਸਵੇਰੇ ਸਵੇਰੇ ਸਕੂਲ ਟਾਈਮ 'ਤੇ ਦੋ ਮੋਟਰਸਾਈਕਲਾਂ ਦੀ ਭਿਆਨਕ ਟੱਕਰ ਹੋ ਗਈ, ਜਿਨ੍ਹਾਂ ਵਿੱਚੋਂ ਇਕ ਮੋਟਰਸਾਈਕਲ ਵਾਲਾ ਵਿਅਕਤੀ ਫਰਾਰ ਦੱਸਿਆ ਜਾਂਦਾ ਹੈ ਤਾਂ ਦੋ ਵਿਅਕਤੀਆਂ ਦੇ ਕਾਫੀ ਸੱਟਾਂ ਲੱਗੀਆਂ ਹੋਈਆਂ ਹਨ। ਇਕ ਵਿਅਕਤੀ ਜਿਸ ਦਾ ਨਾਮ ਸੁੱਖਾ ਹੈ ਅਤੇ ਉਹ ਰਾਜ ਮਿਸਤਰੀ ਦਾ ਕੰਮ ਕਰਦਾ ਹੈ, ਪਿੰਡ ਪਸਿਆਲ ਦਾ ਰਹਿਣ ਵਾਲਾ ਹੈ। ਮੌਕੇ ਤੇ ਪਹੁੰਚੀ ਐਂਬੂਲੈਂਸ ਜ਼ਖਮੀਆਂ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਲੈ ਕੇ ਰਵਾਨਾ ਹੋ ਗਈ। ਦੱਸ ਦੇਈਏ ਕਿ ਸ਼ਹਿਰ ਵਿੱਚ ਸਵੇਰੇ ਅਤੇ ਸਕੂਲ ਛੁੱਟੀ ਦੇ ਟਾਈਮ ਕਾਫੀ ਭੀੜ ਹੁੰਦੀ ਹੈ.ਪਰ ਟ੍ਰੈਫਿਕ ਪੁਲਸ ਵੱਲੋਂ ਕੋਈ ਵੀ ਇਥੇ ਪੁਖਤਾ ਪ੍ਰਬੰਧ ਨਹੀਂ ਹਨ।

# ਟੀ ਸੀ ਇੰਟਰਨੈਸ਼ਨਲ ਸਕੂਲ 'ਚ ਬਾਲ ਅਧਿਕਾਰ ਸੈੱਲ ਨੇ ਬੱਚਿਆਂ ਨੂੰ ਕੀਤਾ ਜਾਗਰੂਕ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਟੀ. ਸੀ. ਇੰਟਰਨੈਸ਼ਨਲ ਸਕੂਲ ਵਿਖੇ ਬਾਲ ਅਧਿਕਾਰ ਸੈੱਲ ਦੀ ਟੀਮ ਨੇ ਵਿਦਿਆਰਥੀਆਂ ਨੂੰ ਬਾਲ ਅਧਿਕਾਰਾਂ ਅਤੇ ਫਰਜ਼ਾਂ ਬਾਰੇ ਜਾਗਰੂਕ ਕੀਤਾ।ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਨੂੰ ਸਮਝਿਆ।ਬਾਲ ਅਧਿਕਾਰ ਸੈੱਲ ਦੇ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਉਹ ਆਪਣੇ ਹੱਕਾਂ ਲਈ ਕਿਵੇਂ ਲੜ ਸਕਦੇ ਹਨ ਅਤੇ ਆਪਣਾ ਫਰਜ਼ ਨਿਭਾ ਸਕਦੇ ਹਨ।ਉਨ੍ਹਾਂ ਬੱਚਿਆਂ ਦੇ ਅਧਿਕਾਰਾਂ ਦੀ ਮਹੱਤਤਾ ਤੇ ਵੀ ਜ਼ੋਰ ਦਿੱਤਾ ਅਤੇ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਨੇ ਕਿਹਾ 'ਸਾਡੇ ਸਮਾਜ ਲਈ ਬਾਲ ਅਧਿਕਾਰਾਂ ਪ੍ਰਤੀ ਜਾਗਰੂਕਤਾ ਬਹੁਤ ਜ਼ਰੂਰੀ ਹੈ।ਸਾਨੂੰ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਫਰਜ਼ਾਂ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਭਵਿੱਖ ਨੂੰ ਸੁਰੱਖਿਅਤ ਅਤੇ ਸਸ਼ਕਤ ਬਣਾਸਕਣ।ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਬਾਲ ਅਧਿਕਾਰਾਂ ਬਾਰੇ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਲੜਨ ਲਈ ਪ੍ਰੇਰਿਤ ਕਰਨਾ ਸੀ।ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਬਾਲ ਅਧਿਕਾਰ ਸੈੱਲ ਦੀ ਟੀਮ ਦਾ ਧੰਨਵਾਦ ਕੀਤਾ।

# ਖੇਤੀਬਾੜੀ ਵਿਭਾਗ ਬਾਬਾ ਬਕਾਲਾ ਵੱਲੋਂ ਖਾਦ ਵਿਕਰੇਤਾਵਾਂ ਦੀ ਅਚਨਚੇਤ ਚੈਕਿੰਗ



**ਰਈਆ (ਡੀ. ਕੇ. ਰੈਡੀ)**-ਮੁੱਖ ਖੇਤਬਾੜੀ ਅਫ਼ਸਰ ਅੰਮ੍ਰਿਤਸਰ ਡਾ. ਤਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਬਲਵਿੰਦਰ ਸਿੰਘ ਛੀਨਾ ਦੀ ਯੋਗ ਅਗਵਾਈ ਹੇਠ ਖ਼ੇਤੀਬਾੜੀ ਵਿਭਾਗ ਦੇ ਅਫਸਰਾਂ ਡਾ. ਹਰਮੀਤ ਸਿੰਘ ਝੰਡ ਅਤੇ ਡਾ. ਵਿਕਰਮਜੀਤ ਸਿੰਘ ਬਰਾੜ ਵੱਲੋਂ ਰਈਆ ਮੰਡੀ ਵਿੱਚ ਡੀਲਰਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ ਅਤੇ ਖਾਦਾਂ, ਦਵਾਈਆਂ ਦੇ ਨਮੂਨੇ ਲਏ ਗਏ।ਕਿਸਾਨਾਂ ਨੂੰ ਮਿਆਰੀ ਖਾਦ, ਬੀਜ ਅਤੇ ਦਵਾਈਆਂ ਉਪਲਬਧ ਕਰਾਉਣ ਹਿੱਤ ਇਸ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ।ਉਨ੍ਹਾਂ ਕਿਸਾਨਾਂ ਨੂੰ ਇਹ ਅਪੀਲ ਵੀ ਕੀਤੀ ਕਿ ਡੀਏਪੀ ਖਾਦ ਦੀ ਸਪਲਾਈ ਘੱਟ ਹੋਣ ਦੀ ਸੂਰਤ ਵਿੱਚ ਹੋਰਨਾਂ ਫੋਸਫਾਟਕ ਖਾਦਾਂ ਜਿਵੇਂ ਕਿ ਐੱਨਪੀਕੇ 12:32:16, 0:46:0, 16:16:16, 20:20:0:13 ਆਦਿ ਦੀ ਵੀ ਵਰਤੋਂ ਕੀਤੀ ਜਾਵੇ।ਇਸ ਮੌਕੇ ਵਿਭਾਗ ਤੋਂ ਤਰਸੇਮ ਸਿੰਘ, ਖੇਤੀਬਾੜੀ ਉਪਨਿਰੀਖਕ ਅਤੇ ਮਨਬੀਰ ਸਿੰਘ ਵੀ ਹਾਜ਼ਰ ਸਨ।

# ਝੋਨੇ ਦੀ ਰਹਿੰਦ-ਖੂੰਹਦ ਨੂੰ ਸਾੜਨ ਤੋਂ ਰੋਕਣ ਸਬੰਧੀ ਸਿਵਲ ਤੇ ਪੁਲਸ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ



**ਗੁਰਦਾਸਪੁਰ, (ਜਨਕ ਮਹਾਜਨ)**-ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐੱਸਡੀਐੱਮ ਦੀਨਾਨਗਰ ਗੁਰਦੇਵ ਸਿੰਘ ਧਾਮ ਦੀ ਰਹਿਨੁਮਾਈ ਹੇਠ ਬਲਾਕ ਖੇਤੀਬਾੜੀ ਅਫਸਰ ਕਮ ਬਲਾਕ ਕੋਆਡੀਨੇਟਰ ਡਾ. ਬਲਜਿੰਦਰ ਸਿੰਘ ਬੈਂਸ ਅਤੇ ਖੇਤੀਬਾੜੀ ਵਿਸਥਾਰ ਅਫਸਰ ਮੋਹਣ ਸਿੰਘ ਵਾਹਲਾ ਦੀ ਦੇਖ-ਰੇਖ ਵਿੱਚ ਐੱਸ. ਐੱਸ. ਐੱਮ. ਕਾਲਜ ਦੀਨਾਨਗਰ ਵਿਖੇ ਸਟੱਬਲ ਬਰਨਿੰਗ ਰੋਕਣ ਸੰਬੰਧੀ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਵੱਖ-ਵੱਖ ਮਹਿਕਮਿਆਂ ਨੇ ਹਿੱਸਾ ਲਿਆ। ਰੈਵੀਨਿਊ ਮਹਿਕਮੇ ਤੋਂ ਤਹਿਸੀਲਦਾਰ ਗੁਰਮੀਤ ਸਿੰਘ ਮੀਚਰਾ, ਨਾਇਬ ਤਹਿਸੀਲਦਾਰ ਸੁਖਵਿੰਦਰ ਸਿੰਘ, ਕਾਨੂੰਨਗੋ ਅਸ਼ੋਕ ਕੁਮਾਰ, ਕੇਸ਼ਵ ਪਾਲ, ਜਸਬੀਰ ਸਿੰਘ, ਰੋਸ਼ਨ ਲਾਲ, ਖੇਤੀਬਾੜੀ ਵਿਭਾਗ ਤੋਂ ਡਾ. ਬਲਜਿੰਦਰ ਸਿੰਘ ਭੁੱਲਰ ਟਰੇਨਿੰਗ ਅਫਸਰ ਗੁਰਦਾਸਪੁਰ, ਖੇਤੀਬਾੜੀ ਵਿਕਾਸ ਅਫਸਰ ਦਿਲਰਾਜ ਸਿੰਘ ਗੁਰਦਾਸਪੁਰ ਟਰੇਨਿੰਗ, ਡਾ. ਮਨਜੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ ਗੁਰਦਾਸਪੁਰ ਸੁਦੇਸ਼ ਕੁਮਾਰ, ਰਾਜੇਸ਼ ਕੁਮਾਰ, ਹਰਮਨਪ੍ਰੀਤ ਸਿੰਘ, ਰਾਵਿੰਦਰ ਸਿੰਘ ਠਾਕੁਰ, ਡਾ. ਪ੍ਰਭਦੀਪ ਸਿੰਘ ਗੁਰਦਸਪੁਰ, ਪੁਲਸ ਵਿਭਾਗ ਦੀਨਾਨਗਰ ਤੋਂ ਡੀਐੱਸਪੀ ਸੁਰਿੰਦਰ ਸਿੰਘ, ਐੱਸ.ਐੱਚ.ਓ. ਦੋਰਾਂਗਲਾ ਦਵਿੰਦਰ ਸ਼ਰਮਾ, ਐੱਸ.ਐੱਚ.ਓ. ਬਹਿਰਾਮਪੁਰ ਸਰਬਜੀਤ ਸਿੰਘ, ਐੱਸ.ਐੱਚ.ਓ. ਪੁਰਾਣਾ ਸਾਲਾ ਮੈਡਮ ਕਰਿਸ਼ਮਾ, ਐੱਸ.ਐੱਚ.ਓ. ਦੀਨਾਨਗਰ ਮਨੋਜ ਕੁਮਾਰ, ਬੀ. ਡੀ. ਪੀ. ਓ. ਦੋਰਾਂਗਲਾ ਦਿਲਬਾਗ ਸਿੰਘ, ਬੀ ਡੀ ਪੀ ਓ ਦੀਨਾਨਗਰ ਮੈਡਮ ਸੁਕਲਾ ਸ਼ਰਮਾ, ਸ਼ਸ਼ੀ ਬਾਲਾ, ਸੁਦੇਸ਼ ਕੁਮਾਰੀ, ਜਤਿੰਦਰ ਕੁਮਾਰ, ਬਹਿਰਾਮਪੁਰ ਤੋਂ ਰਾਜ ਕੁਮਾਰ, ਦੋਰਾਂਗਲਾ ਤੋਂ ਪਲਵਿੰਦਰ ਸਿੰਘ ਤੋਂ ਇਲਾਵਾ ਤਹਿਸੀਲ ਦੀਨਾਨਗਰ ਦੇ ਸਮੂਹ ਕਲਸਟਰ ਇੰਚਾਰਜ, ਨੋਡਲ ਅਫਸਰ ਹਾਜ਼ਰ ਸਨ। ਇਸ ਸੈਮੀਨਾਰ ਵਿਚ ਪ੍ਰਭਦੀਪ ਸਿੰਘ ਨੇ ਉੱਨਤ ਕਿਸਾਨ ਬਾਰੇ ਜਾਣਕਾਰੀ ਦਿੱਤੀ। ਇਸ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਐੱਸ. ਡੀ. ਐੱਮ. ਦੀਨਾਨਗਰ ਨੇ ਸਮੂਹ ਅਧਿਕਾਰੀਆਂ ਕਰਮਚਾਰੀਆਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸਾਰੇ ਮਹਿਕਮਿਆਂ ਦੇ ਸਹਿਯੋਗ ਨਾਲ ਪਰਾਲੀ ਨੂੰ ਅੱਗ ਲੱਗਣ ਤੋਂ ਰੋਕਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਡਾ. ਬਲਜਿੰਦਰ ਸਿੰਘ ਭੁੱਲਰ ਨੇ ਅੱਗ ਲੱਗਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਦਿੱਤੀ। ਸਟੇਜ ਸਕੱਤਰ ਦੀ ਭੂਮਿਕਾ ਡਾ. ਮੋਹਣ ਸਿੰਘ ਵਾਹਲਾ ਨੇ ਨਿਭਾਈ।

# ਸਬ-ਤਹਿਸੀਲ ਝਬਾਲ ਵਿਖੇ ਕਿਸਾਨਾਂ ਦੀ ਹੋ ਰਹੀ ਖੱਜਲ-ਖੁਆਰੀ: ਗੰਡੀਵਿੰਡ, ਚੀਮਾ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਇਹ ਐਲਾਨ ਕੀਤੇ ਜਾ ਰਹੇ ਤਹਿਸੀਲਾਂ ਵਿਚ ਕਿਸਾਨਾਂ ਦੀ ਖੱਜਲ ਖਰਾਬੀ ਨੂੰ ਬੰਦ ਕਰਕੇ ਮਾਲ ਮਹਿਕਮਾ ਬਿਨਾਂ ਰਿਸ਼ਵਤ ਦੇ ਪਿੰਡਾਂ 'ਚ ਜਾ ਕੇ ਇੰਤਰਾਲ ਤੇ ਹੋਰ ਜ਼ਰੂਰੀ ਕੰਮ ਕਰਨਗੇ ਪ੍ਰੰਤੂ ਦੂਸਰੇ ਪਾਸੇ ਪਿੰਡਾਂ ਦੀਆਂ ਸੱਥਾਂ ਦਾ ਤਾਂ ਕਿ ਤਹਿਸੀਲਾਂ, ਪਟਵਾਰ ਖਾਨਿਆਂ 'ਚ ਖੱਜਲ-ਖਰਾਬ ਹੋਣ ਦੇ ਬਾਵਜੂਦ ਵੀ ਲੋਕਾਂ ਦੇ ਕੰਮ ਨਹੀਂ ਹੋ ਰਹੇ, ਜਿਸ ਦੀ ਉਦਾਹਰਨ ਝਬਾਲ ਸਬ ਤਹਿਸੀਲ ਦੀ ਸਾਹਮਣੇ ਆਈ, ਜਿੱਥੇ ਕਿਸਾਨ ਅਤੇ ਆਮ ਲੋਕ ਇਕ ਮਹੀਨੇ ਤੋਂ ਜ਼ਰੂਰੀ ਕਾਗਜ਼ਾਤ ਤੇ ਜ਼ਮੀਨਾਂ ਦੀ ਇੰਤਕਾਲ ਨੂੰ ਲੈ ਕੇ ਖੱਜਲ ਖਰਾਬ ਹੋ ਰਹੇ ਹਨ। ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਆਗੂ ਜਸਵੀਰ ਸਿੰਘ ਗੰਡੀਵਿੰਡ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਮੀਤ ਪ੍ਰਧਾਨ ਜਸਬੀਰ ਸਿੰਘ ਚੀਮਾ ਨੇ ਰੋਸ਼ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਤਹਿਸੀਲਾਂ 'ਚ ਖੱਜ਼ਲ ਖਰਾਬ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸਭ ਤਹਿਸੀਲ ਝਬਾਲ ਵਿਖੇ ਕਾਨੂੰਗੋ ਦੀਆਂ ਤਿੰਨ ਪੋਸਟਾਂ ਹਨ ਜਦੇ ਕਿ ਹਾਜ਼ਰ ਸਿਰਫ ਇਕ ਹੈ ਅਤੇ ਦੋ ਪੋਸਟਾਂ ਖਾਲੀ ਹੋਣ ਕਰਕੇ ਲੋਕ ਖਜ਼ਲ ਖਰਾਬ ਹੋ ਰਹੇ ਹਨ, ਜਦੋਂਕਿ ਸਬ ਤਹਿਸੀਲ ਝਬਾਲ ਵਿਚ ਨਾਇਬ ਤਹਿਸੀਲਦਾਰ ਦੀ ਪੱਕੀ ਪੋਸਟ ਨਾ ਹੋਣ 'ਤੇ ਤਾਇਨਾਤ ਨਾਇਬ ਤਹਿਸੀਲਦਾਰ ਸਿਰਫ ਰਜਿਸਟਰੀ ਹੀ ਕਰ ਸਕਦਾ ਨਾ ਕਿ ਇੰਤਕਾਲ ਜਦੋਂਕਿ ਹੋਰ ਵੀ ਜ਼ਰੂਰੀ ਕੰਮਾ ਨੂੰ ਲੈ ਕੇ ਸਬ ਤਹਿਸੀਲ ਝਬਾਲ ਦਾ ਰੱਬ ਹੀ ਰਾਖਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੀ ਖੱਜਲ-ਖੁਆਰੀ ਬੰਦ ਕੀਤੀ ਜਾਵੇ ਤੇ ਸਬ ਤਹਿਸੀਲ ਝਬਾਲ ਵਿਖੇ ਪੱਕੇ ਤੌਰ ਤੇ ਪੋਸਟਾਂ ਪੁਰ ਕੀਤੀਆਂ ਜਾਣ।

# ਭੂਮੀ ਤੇ ਜਲ ਸੰਭਾਲ ਬਾਬਤ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਜੀਐੱਨਡੀਯੂ ਤੇ ਆਈਆਈਟੀ ਰੋਪੜ ਵਿਚਕਾਰ ਸਮਝੌਤਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ,ਕੰਵਲਜੀਤ ਸਿੰਘ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਨਵੀਆਂ ਤਕਨੀਕੀ ਖੋਜਾਂ ਨੂੰ ਸਮਾਜ ਦੇ ਭਲੇ ਲਈ ਵਰਤਣ ਅਤੇ ਉਤਸ਼ਾਹਿਤ ਕਰਨ ਲਈ ਹਮੇਸ਼ਾ ਉਦਮ ਕੀਤੇ ਜਾਂਦੇ ਰਹਿੰਦੇ ਹਨ।ਇਸੇ ਲੜੀ ਤਹਿਤ ਵਿਗਿਆਨਕ ਵਿਕਾਸ ਰਾਹੀਂ ਖੇਤੀਬਾੜੀ ਅਤੇ ਜਲ ਪ੍ਰਬੰਧਨ ਵਿੱਚ ਦਰਪੇਸ਼ ਮੁਸ਼ਕਲਾਂ ਨੂੰ ਹੱਲ ਕਰਨ ਅਤੇ ਚੰਗੀ ਤੇ ਸਿਹਤਮੰਦ ਜੀਵਨ-ਜਾਂਚ ਪੈਦਾ ਕਰਨ ਦੇ ਉਦੇਸ਼ ਨੂੰ ਪੂਰ ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ.ਆਈ.ਟੀ.) ਰੋਪੜ ਵਿਚਕਾਰ ਇਕ ਅਹਿਮ ਸਮਝੌਤਾ ਹੋਂਦ ਵਿਚ ਆਇਆ ਹੈ।ਯੂਨੀਵਰਸਿਟੀ ਦੇ ਗੋਲਡਨ ਜੁਬਲੀ ਸੈਂਟਰ ਅਤੇ ਆਈ.ਆਈ.ਟੀ. ਰੋਪੜ ਦੇ ਟੈਕਨਾਲੋਜੀ ਐਂਡ ਇਨੋਵੇਸ਼ਨ ਫਾਊਂਡੇਸ਼ਨ ਦਰਮਿਆਨ ਹੋਇਆ ਸਮਝੌਤਾ ਨਵੀਨਤਾ ਅਤੇ ਉੱਦਮਤਾ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗਾ।ਇਸ ਸਮਝੌਤੇ ਅਧੀਨ ਆਈ.ਆਈ.ਟੀ. ਰੋਪੜ ਦਾ ਐਗਰੀਕਲਚਰ ਐਂਡ ਵਾਟਰ ਟੈਕਨਾਲੋਜੀ ਡਿਵੈਲਪਮੈਂਟ ਹੱਬ ਅਤੇ ਯੂਨੀਵਰਸਿਟੀ ਦੇ ਗੋਲਡਨ ਜੁਬਲੀ ਸੈਂਟਰ ਫਾਰ ਇੰਟਰਪਰਿਨਿਉਰਸ਼ਿਪ ਐਂਡ ਇਨੋਵੇਸ਼ਨ ਵੱਲੋਂ ਮਿਲ ਕੇ ਖੋਜ ਅਤੇ ਅਕਾਦਮਿਕਤਾ 'ਚ ਕਾਰਜ ਕੀਤੇ ਜਾਣਗੇ ਤਾਂ ਜੋ ਤਕਨੀਕੀ ਤਰੱਕੀ ਰਾਹੀਂ ਪੰਜਾਬ ਰਾਜ ਦੀ ਖੇਤੀਬਾੜੀ ਅਤੇ ਜਲ ਪ੍ਰਬੰਧਨ ਵਿੱਚ ਚੁਣੌਤੀਆਂ ਦਾ ਹੱਲ ਕੀਤਾ ਜਾ ਸਕੇ।ਵਾਈਸ-ਚਾਂਸਲਰ ਪ੍ਰੋ. (ਡਾ.) ਜਸਪਾਲ ਸਿੰਘ ਸੰਧੂ ਦੀ ਹਾਜ਼ਰੀ ਵਿਚ, ਪ੍ਰੋ. (ਡਾ.) ਕਰਨਜੀਤ ਸਿੰਘ ਕਾਹਲੋਂ, ਰਜਿਸਟਰਾਰ, ਪ੍ਰੋ. (ਡਾ.) ਪ੍ਰੀਤ ਮਹਿੰਦਰ ਸਿੰਘ ਬੇਦੀ, ਕੋਆਰਡੀਨੇਟਰ, ਯੂਨੀਵਰਸਿਟੀ ਇੰਡਸਟਰੀ ਲਿੰਕੇਜ ਪ੍ਰੋਗਰਾਮ ਅਤੇ ਡੀਨ, ਵਿਦਿਆਰਥੀ ਭਲਾਈ ਅਤੇ ਪ੍ਰੋ. (ਡਾ.) ਪ੍ਰਤਾਪ ਕੁਮਾਰ ਪਤੀ, ਕੋਆਰਡੀਨੇਟਰ, ਗੋਲਡਨ ਜੁਬਲੀ ਸੈਂਟਰ ਵੱਲੋਂ ਸਹਿਮਤੀ ਪੱਤਰ 'ਤੇ ਹਸਤਾਖਰ ਕੀਤੇ ਗਏ। ਆਈ.ਆਈ.ਟੀ. ਰੋਪੜ ਦੀ ਨੁਮਾਇੰਦਗੀ ਕਰ ਰਹੇ ਮੁੱਖ ਕਾਰਜਕਾਰੀ ਅਧਿਕਾਰੀ ਡਾ. ਰਾਧਿਕਾ ਤਰਿਖਾ ਨੇ ਸਮਝੌਤੇ 'ਤੇ ਹਸਤਾਖਰ ਕੀਤੇ।ਇਸ ਮੌਕੇ ਪ੍ਰੋ. ਸਰਬਜੋਤ ਸਿੰਘ ਬਹਿਲ, ਆਰਕੀਟੈਕਚਰ ਵਿਭਾਗ ਅਤੇ ਡਾ. ਰਵਿੰਦਰ ਕੁਮਾਰ, ਮੁਖੀ ਇਲੈਕਟ੍ਰੋਨਿਕਸ ਟੈਕਨਾਲੋਜੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# 68ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ ਦੀ ਸਫਲਤਾ ਲਈ ਕਮੇਟੀਆਂ ਤੇ ਸਬ-ਕਮੇਟੀਆਂ ਗਠਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਵਿਖੇ 68ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ ਦੇ ਸੰਬੰਧ ਵਿਚ ਹੋਈ ਇਕੱਤਰਤਾ ਦੌਰਾਨ ਕਾਨਫਰੰਸ ਦੇ ਸਫਲ ਆਯੋਜਨ ਲਈ ਵੱਖ—ਵੱਖ ਕਮੇਟੀਆਂ ਅਤੇ ਸਬ—ਕਮੇਟੀਆਂ ਦਾ ਗਠਨ ਕੀਤਾ ਗਿਆ ਜਿਸ ਵਿਚ ਸੁਆਗਤੀ ਕਮੇਟੀ, ਸਫਾਈ ਕਮੇਟੀ, ਅਨੁਸ਼ਾਸਨ ਕਮੇਟੀ, ਬਿਜਲੀ ਕਮੇਟੀ, ਲੰਗਰ ਕਮੇਟੀ, ਸੈਮੀਨਾਰ ਕਮੇਟੀ, ਨੁਮਾਇਸ਼ਾਂ ਕਮੇਟੀ, ਮੈਡੀਕਲ ਕਮੇਟੀ, ਸਨਮਾਨ ਕਮੇਟੀ, ਲਾਈਟ ਐਂਡ ਸਾਊਂਡ ਅਤੇ ਸਜਾਵਟ ਕਮੇਟੀ, ਨਗਰ ਕੀਰਤਨ, ਪੰਡਾਲ ਅਤੇ ਸਟੇਜ਼ ਕਮੇਟੀ, ਖਰੀਦ ਕਮੇਟੀ, ਰਿਹਾਇਸ਼ ਕਮੇਟੀ, ਟਰਾਂਸਪੋਰਟ ਕਮੇਟੀ ਅਤੇ ਹੋਰ ਸਬ—ਕਮੇਟੀਆਂ ਸ਼ਾਮਲ ਸਨ।ਇਸ ਮੌਕੇ ਮੀਟਿੰਗ ਵਿਚ ਹਾਜ਼ਰ ਡਾਇਰੈਕਟਰ, ਅਸਿਸਟੈਂਟ ਡਾਇਰੈਕਟਰ ਅਤੇ ਵੱਖ—ਵੱਖ ਪ੍ਰਿੰਸੀਪਲਜ਼ ਨਾਲ ਵਿਚਾਰ—ਵਿਟਾਦਰਾਂ ਕਰਦਿਆਂ ਚੀਫ਼ ਖ਼ਾਲਸਾ ਦੀਵਾਨ ਦੇ ਕਾਰਜਕਾਰੀ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਅਤੇ ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ.ਅਮਰਜੀਤ ਸਿੰਘ ਦੂਆ ਨੇ ਕਾਨਫਰੰਸ ਦੇ ਪ੍ਰਬੰਧਾਂ ਅਤੇ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਸਭਨਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।21, 22 ਅਤੇ 23 ਨਵੰਬਰ 2024 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬੀ ਭਾਸ਼ਾ ਦੀ ਮਹਾਨਤਾ ਨੂੰ ਸਮਰਪਿਤ ਕੀਤੀ ਗਈ 68ਵੀਂ ਵਿਸ਼ਵ ਸਿੱਖ ਵਿਦਿਅਕ ਕਾਨਫਰੰਸ ਵਿਚ ਦੀਵਾਨ ਅਧੀਨ ਚੱਲ ਰਹੇ 52 ਅਦਾਰਿਆਂ ਦੇ ਟੀਚਿੰਗ ਅਤੇ ਨਾਨ—ਟੀਚਿੰਗ ਸਟਾਫ ਅਤੇ ਲਗਭਗ 15000 ਵਿਦਿਆਰਥੀਆਂ ਦੀ ਸ਼ਮੂਲੀਅਤ ਯਕੀਨੀ ਬਣਾਈ ਗਈ ਹੈ ਅਤੇ ਇਸਦੇ ਨਾਲ ਹੀ ਵਿਸ਼ਵ ਪੱਧਰ ਤੇ ਪ੍ਰਭਾਵਸ਼ਾਲੀ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਉਘੀਆਂ ਸ਼ਖ਼ਸ਼ੀਅਤਾਂ ਕਾਨਫਰੰਸ ਦੀ ਸ਼ੋਭਾ ਨੂੰ ਚਾਰਚੰਨ ਲਗਾਉਣ ਲਈ ਵਿਸ਼ੇਸ਼ ਤੌਰ ਤੇ ਖ਼ਾਲਸੇ ਦੀ ਜਨਮਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜ ਰਹੀਆਂ ਹਨ।ਇਸ ਮੌਕੇ ਕਾਰਜਕਾਰੀ ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ. ਅਮਰਜੀਤ ਸਿੰਘ ਦੂਆ, ਡਾਇਰੈਕਟਰ ਡਾ. ਏ. ਪੀ. ਐਸ. ਚਾਵਲਾ, ਅਸਿਸਟੈਂਟ ਡਾਇਰੈਕਟਰਜ਼ ਵਿਚ ਸ਼ਾਮਲ ਪ੍ਰਿੰ: ਕਿਰਨਪ੍ਰੀਤ ਕੌਰ ਧਾਮੀ, ਪ੍ਰਿੰ: ਨਿਰਮਲ ਕੌਰ, ਪ੍ਰਿੰ: ਰਿਪੁਦਮਨ ਕੌਰ, ਪ੍ਰਿੰ. ਕੰਵਲਜੀਤ ਕੌਰ, ਪ੍ਰਿੰ.: ਮਨੀਸ਼ਾ ਵਰਮਾ, ਪ੍ਰਿੰ. ਯਸ਼ਪ੍ਰੀਤ ਕੌਰ ਅਤੇ ਹੋਰਨਾਂ ਸੀ. ਕੇ. ਡੀ. ਸਕੂਲਾਂ ਦੇ ਪ੍ਰਿੰਸੀਪਲ ਹਾਜ਼ਰ ਸਨ।

# ਰਾਮਲੀਲਾ ਮੰਚ 'ਤੇ ਅਸ਼ਲੀਲਤਾ ਫੈਲਾਉਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ:ਹਿੰਦੂ ਸੰਗਠਨ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਦੀਨਾਨਗਰ ਦੇ ਸਮੂਹ ਹਿੰਦੂ ਸੰਗਠਨਾਂ ਵੱਲੋਂ ਦੇਸ਼ ਭਰ ਵਿੱਚ ਨਵਰਾਤਰਿਆਂ ਦੇ ਦੌਰਾਨ ਸ਼੍ਰੀ ਰਾਮਲੀਲਾ ਮੰਚ 'ਤੇ ਅਸ਼ਲੀਲਤਾ ਫੈਲਾਉਣ ਵਾਲੇ ਕਲਾਕਾਰਾਂ ਅਤੇ ਰਾਮਲੀਲਾ ਕਰਵਾਉਣ ਵਾਲੇ ਪ੍ਰਬੰਧਕਾਂ ਦੇ ਖਿਲਾਫ ਦੀਨਾਨਗਰ ਦੇ ਡੀਐੱਸਪੀ ਸੁਰਿੰਦਰ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਹਿੰਦੂ ਸੰਗਠਨਾਂ ਨੇ ਮੰਗ ਪੱਤਰ ਵਿੱਚ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਅਸੀਂ ਅਕਸਰ ਸ਼ਿਕਾਇਤਾਂ ਕਰਦੇ ਆ ਰਹੇ ਹਾਂ ਕਿ ਰਾਮਲੀਲਾ ਮੰਚ ਦੇ ਸਮੇਂ ਭਗਵਾਨ ਦਾ ਰੂਪ ਧਾਰਨ ਕਰਕੇ ਹਿੰਦੀ, ਪੰਜਾਬੀ ਗਾਣਿਆਂ 'ਤੇ ਨੱਚਿਆ ਜਾਂਦਾ ਹੈ ਅਤੇ ਅਸ਼ਲੀਲ ਹਰਕਤਾਂ ਕੀਤੀਆਂ ਜਾਂਦੀਆਂ ਹਨ ਜੋ ਕਿ ਹਿੰਦੂ ਧਰਮ ਨੂੰ ਠੇਸ ਪਹੁੰਚਾਉਂਦੀਆਂ ਹਨ।ਉਨ੍ਹਾਂ ਕਿਹਾ ਕਿ ਹਿੰਦੂ ਸੰਗਠਨਾਂ ਦੁਆਰਾ ਰਾਮਲੀਲਾ ਕਰਾਉਣ ਵਾਲੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸ਼੍ਰੀ ਰਾਮ ਲੀਲਾ ਮੰਚ ਦੇ ਦੌਰਾਨ ਗਲਤ ਗਾਣਿਆਂ 'ਤੇ ਅਸ਼ਲੀਲਤਾ ਫੈਲਾਉਣ ਵਾਲਿਆਂ 'ਤੇ ਰੋਕ ਲਾਉਣ ਨਹੀਂ ਤਾਂ ਹਿੰਦੂ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿੱਚ ਧਾਰਾ 295 ਦਾ ਪਰਚਾ ਦਰਜ ਕਰਵਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਮਰਿਆਦਾ ਪੁਰਸ਼ੋਤਮ ਸ਼੍ਰੀ ਰਾਮ ਦੇ ਆਦਰਸ਼ਾਂ ਨੂੰ ਲੋਕਾਂ ਦੇ ਸਾਹਮਣੇ ਚੰਗੇ ਢੰਗ ਨਾਲ ਪੇਸ਼ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਸਮਾਜ ਨੂੰ ਚੰਗੀ ਸਿੱਖਿਆ ਮਿਲੇ।ਇਸ ਮੌਕੇ ਸ਼ਿਵ ਸੈਨਾ ਨੇਤਾ ਉਧਮ ਬਾਲਾ ਸਾਹਿਬ ਠਾਕਰੇ ਵੱਲੋਂ ਅਜੈ ਕੁਮਾਰ, ਸ਼ਿਵਮ ਠਾਕੁਰ, ਅਸ਼ਵਨੀ ਮਹਾਜਨ, ਵਿਨੋਦ ਕੁਮਾਰ, ਸ਼ਿਵ ਸੈਨਾ ਪੰਜਾਬ ਤੋਂ ਸੰਨੀ ਮਹਿਰਾ, ਪਾਵਨ ਵਰਮਾ, ਸ਼ਿਵ ਸੈਨਾ ਸਮਾਜਵਾਦੀ ਤੋਂ ਸੁਮਿਤ ਭਾਰਦਵਾਜ, ਅਨੁਰਾਗ ਮਲਹੋਤਰਾ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਡੀ ਸੀ ਦਫ਼ਤਰ ਅੱਗੇ ਧਰਨਾ ਅੱਜ



**ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)**-ਕਿਰਤੀ ਕਿਸਾਨ ਯੂਨੀਅਨ ਬਲਾਕ ਕਾਹਨੂੰਵਾਨ ਦੀ ਮੀਟਿੰਗ ਜ਼ਿਲ੍ਹਾ ਸਕੱਤਰ ਅਨੋਖ ਸਿੰਘ ਘੋੜੇਵਾਹ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਿੰਘ ਸਭਾ ਪੱਤੀ ਰਾਮਗੜ੍ਹੀਆ ਪਿੰਡ ਘੋੜੇਵਾਹ ਵਿੱਚ ਹੋਈ।ਇਸ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਸਤਬੀਰ ਸਿੰਘ ਸੁਲਤਾਨੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਹਰਜਿੰਦਰ ਸਿੰਘ ਘੋੜੇਵਾਹ ਅਤੇ ਮਨਜੀਤ ਸਿੰਘ ਖੁਸ਼ਹਾਲਪੁਰ ਨੇ ਵੀ ਸੰਬੋਧਨ ਕੀਤਾ।ਸਤਬੀਰ ਸਿੰਘ ਸੁਲਤਾਨੀ ਨੇ ਕਿਰਤੀ ਕਿਸਾਨ ਯੂਨੀਅਨ ਵੱਲੋਂ 25 ਸਤੰਬਰ ਨੂੰ ਜ਼ਿਲ੍ਹਾ ਪੱਧਰੀ ਧਰਨੇ ਪੂਰੇ ਪੰਜਾਬ ਵਿੱਚ ਦੇਣ ਸਬੰਧੀ ਦੱਸਿਆ ਕਿ ਇਸ ਮੌਕੇ ਵਿਸ਼ੇਸ਼ ਮੰਗਾਂ ਜਿਵੇਂ ਬਾਸਮਤੀ ਤੇ ਐੱਮਐੱਸਪੀ ਦੇਣ ਅਤੇ ਖਰੀਦ ਦੀ ਗਰੰਟੀ ਦੇਣਾ ਵਾਹਗਾ ਅਤੇ ਹੁਸੈਨੀਵਾਲਾ ਬਾਰਡਰ ਵਪਾਰ ਲਈ ਖੋਲ ਣ, ਡੀਏਪੀ ਖਾਦ ਦੀ ਸਪਲਾਈ ਆਉਂਦੀਆਂ ਫਸਲਾਂ ਲਈ ਲੋੜ ਅਨੁਸਾਰ ਮੁਹੱਈਆ ਕਰਵਾਉਣਾ, ਨਹਿਰੀ ਪਾਣੀ ਦਾ ਸਿਸਟਮ ਸਹੀ ਢੰਗ ਨਾਲ ਬਹਾਲ ਕਰਕੇ ਹਰ ਖੇਤ ਨੂੰ ਸਪਲਾਈ ਯਕੀਨੀ ਬਣਾਉਣਾ ਆਦਿ ਮੰਗਾਂ ਲਈ ਜਥੇਬੰਦੀ ਸੰਘਰਸ਼ ਕਰ ਰਹੀ ਹੈ।ਇਸ ਮੌਕੇ ਹਾਜ਼ਰ ਮੈਂਬਰਾਂ ਵੱਲੋਂ 25 ਸਤੰਬਰ ਨੂੰ ਵੱਧ-ਚੜ ਕੇ ਜ਼ਿਲ੍ਹਾ ਪੱਧਰੀ ਧਰਨੇ ਵਿੱਚ ਸ਼ਮੂਲੀਅਤ ਕਰਨ ਦਾ ਯਕੀਨ ਦਿਵਾਇਆ ਗਿਆ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਚੰਚਲ ਸਿੰਘ ਬਗੋਲ, ਬਲਵੰਤ ਸਿੰਘ, ਸੰਪੂਰਨ ਸਿੰਘ, ਬਲਦੇਵ ਸਿੰਘ, ਰਣਬੀਰ ਸਿੰਘ, ਰਣਜੀਤ ਸਿੰਘ, ਨਾਨਕ ਸਿੰਘ ਘੋੜੇਵਾਹ, ਸੰਤੋਖ ਸਿੰਘ ਵਧਾਈ, ਨਵਦੀਪ ਸਿੰਘ, ਹਰਦੀਪ ਸਿੰਘ ਭੱਟੀ, ਜਸਬੀਰ ਸਿੰਘ, ਜੋਗਿੰਦਰ ਸਿੰਘ, ਤਰਸੇਮ ਸਿੰਘ, ਸਰਵਣ ਸਿੰਘ ਆਦਿ ਹਾਜ਼ਰ ਸਨ।

# ਸਰਬ ਭਾਰਤ ਨੌਜਵਾਨ ਸਭਾ ਦੇ ਮੈਂਬਰਾਂ ਵੱਲੋਂ ਮੋਗਾ ਰੈਲੀ 'ਚ ਸ਼ਾਮਲ ਹੋਣ ਦਾ ਐਲਾਨ




**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਸਰਬ ਭਾਰਤ ਨੌਜਵਾਨ ਸਭਾ ਸੂਬਾਈ ਆਗੂ ਸੁਭਾਸ਼ ਕੈਰੇ, ਬਲਾਕ ਪ੍ਰਧਾਨ ਮਦਨ ਲਾਲ, ਸਿਟੀ ਪ੍ਰਧਾਨ ਗੁਰਜੀਤ ਸਿੰਘ ਡੋਡੀ, ਰੋਸ਼ਨ ਲਾਲ, ਸ਼ਿਵ ਦੱਤ, ਮੋਹਲ ਲਾਲ ਅਤੇ ਦਰਸ਼ਨ ਕੁਮਾਰ ਆਲੂਵਾਲੀਆ ਆਦਿ ਵਲੋਂ ਇਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਉਹਨਾਂ ਸਾਂਝੇ ਤੌਰ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਰੁਜ਼ਗਾਰ, ਵਿੱਦਿਆ ਅਤੇ ਸਹਿਤ ਸਹੂਲਤਾਂ ਨੂੰ ਲੈ ਕੇ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਤੇ ਮੋਗਾ ਵਿਖੇ ਸੂਬਾਈ ਪੱਧਰ ਉਤੇ ਰੈਲੀ ਕੀਤੀ ਜਾਵੇਗੀ ਅਤੇ ਪੂਰੇ ਸ਼ਹਿਰ ਵਿੱਚ ਮਾਰਚ ਕੱਢਿਆ ਜਾਵੇਗਾ।ਇਸ ਸਬੰਧੀ ਹੋਣ ਵਾਲੀ ਰੈਲੀ ਵਿੱਚ ਦੀਨਾਨਗਰ ਦੇ ਨੌਜਵਾਨ ਵਲੋਂ ਭਾਗ ਲਿਆ ਜਾਵੇਗਾ ਅਤੇ ਰੈਲੀ ਵਿੱਚ ਭਾਗ ਲੈਣ ਲਈ ਨੌਜਵਾਨਾਂ ਵਲੋਂ ਪੂਰੀ ਤਿਆਰੀ ਕਰ ਲਈ ਗਈ ਹੈ।ਇਸ ਮੌਕੇ ਅੱਗੂਆਂ ਨੇ ਕਿਹਾ ਕਿ ਸਾਰੀ ਜਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਅੱਗੇ ਪੁਰਜ਼ੋਰ ਮੰਗ ਰੱਖੀ ਹੈ ਕਿ ਸ਼ਹੀਦ ਭਗਤ ਸਿੰਘ ਦੇ ਨਾਂ ਉੱਤੇ ਰੁਜ਼ਗਾਰ ਗਰੰਟੀ ਕਾਨੂੰਨ ਪਾਰਲੀਮੈਂਟ 'ਚ ਪਾਸ ਕੀਤਾ ਜਾਵੇ ਜਿਸ ਵਿੱਚ ਹਰ ਇੱਕ ਨੌਜਵਾਨ ਨੂੰ 18 ਸਾਲ ਤੋਂ ਲੈ ਕੇ 58 ਸਾਲ ਤੱਕ ਦੇ ਵਿਅਕਤੀ ਨੂੰ ਉਸਦੀ ਯੋਗਤਾ ਮੁਤਾਬਿਕ ਕੰਮ ਦਿੱਤਾ ਜਾਵੇ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਹਰ ਵਿਦਿਆਰਥੀ ਨੂੰ ਉਚ ਵਿੱਦਿਆ ਵੀ ਮੁਫਤ ਦਿੱਤੀ ਜਾਵੇ ਅਤੇ ਹਰ ਇੱਕ ਵਿਅਕਤੀ ਨੂੰ ਸਿਹਤ ਸਹੂਲਤਾਂ ਵੀ ਮੁਫਤ ਦਿੱਤੀਆਂ ਜਾਣ।


## ਹਿੰਦੂਜਾ ਹਾਊਸਿੰਗ ਫਾਇਨਾਂਸ ਲਿਮਟਿਡ

HINDUJA HOUSING FINANCE

ਕਾਰਪੋਰੇਟ ਦਫਤਰ : ਨੰ. 167-169, ਦੂਜੀ ਮੰਜ਼ਲ, ਅੰਨਾ ਸਲਾਏ, ਸੈਦਾਪੇਟ ਚੇਨਈ-600015, ਈ-ਮੇਲ : auction@hindujahousingfinance.com

ਬਰਾਂਚ ਦਫਤਰ : ਇੰਪੀਰੀਆ ਟਾਵਰਜ਼, ਚੌਥੀ ਮੰਜ਼ਲ, ਬੀ-15-79, ਏ/1, ਜੀ. ਟੀ. ਰੋਡ, ਨੇੜੇ ਵਿਸ਼ਵਕਰਮਾ ਚੌਕ ਅਬਾਦੀ ਨਿਰੰਕਾਰੀ ਮੁਹੱਲਾ, ਪਿੰਡ ਸੈਦਾਂ, ਲੁਧਿਆਣਾ-141003 ਵਿਖੇ ਸਥਿਤ

ਏ ਐੱਲ ਐਮ-ਅਰੁਣ ਮੋਹਨ ਸ਼ਰਮਾ, 8800898999, ਆਰ ਆਰ ਐੱਮ-ਅਮਿਤ ਕੌਸ਼ਿਕ, 9587088333, ਸੀ ਐੱਲ ਐਮ-ਨਵਦੀਪ ਸਿੰਘ, 9417228045, ਸੀ ਆਰ ਐੱਮ-ਰਾਹੁਲ ਸ਼ਰਮਾ , 9815400176

### ਸੰਕੇਤਕ ਕਬਜ਼ਾ ਸੂਚਨਾ

ਜਦਕਿ ਨਿਮਨ ਹਸਤਾਖਰੀ ਨੇ ਹਿੰਦੂਜਾ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਓਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਨੰ. 3 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਪ੍ਰਾਪਤ ਤਾਕਤਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਸਾਹਮਣੇ ਮਿਤੀਆਂ ਨੂੰ ਇੱਕ ਡਿਮਾਂਡ ਨੋਟਿਸ ਜਾਰੀ ਕੀਤਾ ਸੀ ਅਤੇ ਕਰਜ਼ਦਾਰ (ਇਸ ਤੋਂ ਬਾਅਦ ਕਰਜ਼ਦਾਰ ਅਤੇ ਗਰੰਟਰਾਂ ਨੂੰ ਸਾਂਝੇ ਰੂਪ 'ਚ "ਕਰਜ਼ਦਾਰਾਂ" ਵਜੋਂ ਹਵਾਲਾ ਦਿੱਤਾ ਗਿਆ) ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਅੰਦਰ ਰਾਸ਼ੀ ਦਾ ਭੁਗਤਾਨ ਕਰਨ ਲਈ ਕਿਹਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ/ਗਰੰਟਰ ਨੂੰ ਖਾਸ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਜਾਇਦਾਦ ਸੰਬੰਧੀ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕੋਈ ਵੀ ਸੌਦੇਬਾਜ਼ੀ ਫੁੱਟਕਲ ਖਰਚਿਆਂ, ਲਾਗਤਾਂ, ਦੇਣਦਾਰੀਆਂ ਆਦਿ ਸਮੇਤ ਠੇਕਾ ਦਰ 'ਤੇ ਦਰਸਾਈ ਗਈ ਰਕਮ ਉਪਰ ਭਵਿੱਖੀ ਵਿਆਜ ਸਹਿਤ ਬਣਦੀ ਰਾਸ਼ੀ ਲਈ ਹਿੰਦੂਜਾ ਹਾਊਸਿੰਗ ਫਾਇਨਾਂਸ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਕਰਜ਼ਦਾਰਾਂ ਦਾ ਸੁਰੱਖਿਆ ਐੱਸਟਸ ਨੂੰ ਛੁਡਾਉਣ ਲਈ ਉਪਲੱਬਧ ਸਮੇਂ ਦੇ ਸੰਬੰਧ ਵਿੱਚ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਧਿਆਨ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰਾਂ/ਗਰੰਟਰਾਂ ਦੇ ਨਾਂਅ | ਡਿਮਾਂਡ ਨੋਟਿਸ ਦੀ ਮਿਤੀ / ਕਬਜ਼ੇ ਦੀ ਮਿਤੀ | ਬਕਾਇਆ ਰਾਸ਼ੀ | ਅਚੱਲ ਜਾਇਦਾਦ ਦੇ ਵੇਰਵੇ |
|---|---|---|---|---|
| 1. | ਅਰਜ਼ੀ ਨੰ. PJ/PTL/PTLA/A000000044 CO/CPC/CPCO/A000000093 ਸ੍ਰੀਮਤੀ ਕਿਰਨਾ ਰਾਣੀ ਅਤੇ ਸ੍ਰੀ ਸੰਜੀਵ ਕੁਮਾਰ ਗਰਗ, ਦੋਵੇਂ ਵਾਸੀ ਵਾਰਡ ਨੰ. 6 ਪ੍ਰੀਤ ਨਗਰ,ਪ੍ਰੀਤ ਨਗਰ, ਸਮਾਣਾ, ਅਰਬਨ, ਪਟਿਆਲਾ, ਪੰਜਾਬ, ਭਾਰਤ-147101 | 08-05-2024 / 23-09-2024 ਸੰਕੇਤਕ | ਰੁ.12,94,945/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਵਾਰਡ ਨੰ. 5, ਪ੍ਰੀਤ ਨਗਰ, ਸਮਾਣਾ, ਅਰਬਨ, ਸਮਾਣਾ, ਪੰਜਾਬ, ਭਾਰਤ-147101 |
| 2. | ਅਰਜ਼ੀ ਨੰ. PJ/PTL/PTLA/A000000094 CO/CPC/CPOF/A000001523 ਸ੍ਰੀ ਰਮਨਦੀਪ ਸਿੰਘ ਅਤੇ ਸ੍ਰੀਮਤੀ ਸੰਦੀਪ ਕੌਰ, ਦੋਵੇਂ ਵਾਸੀ ਖਾਨਪੁਰ ਫਕੀਰਾਂ, ਸੁਨਾਮ, ਸੁਨਾਮ ਸੰਗਰੂਰ ਪੰਜਾਬ, ਰੂਰਲ, ਸੁਨਾਮ, ਪੰਜਾਬ, ਭਾਰਤ-148026 | 03-05-2024 / 23-09-2024 ਸੰਕੇਤਕ | ਰੁ. 12,21,433/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਖਾਨਪੁਰ ਫਕੀਰਾਂ, ਸੁਨਾਮ, ਸੁਨਾਮ, ਸੰਗਰੂਰ, ਰੂਰਲ, ਸੁਨਾਮ, ਪੰਜਾਬ, ਭਾਰਤ-148026 |
| 3. | ਅਰਜ਼ੀ ਨੰ. PJ/PTL/PTLA/A000000120 CO/CPC/CPOF/A000000939 ਸ੍ਰੀ ਹਰਜੀਤ ਸਿੰਘ ਅਤੇ ਸ੍ਰੀਮਤੀ ਕੁਲਵਿੰਦਰ ਕੌਰ ਦੋਵੇਂ ਵਾਸੀ 117/5 ਅਮੀਰ ਕਾਲੋਨੀ ਕਾਲਕਾ ਰੋਡ, ਰਾਜਪੁਰਾ, ਅਰਬਨ, ਰਾਜਪੁਰਾ, ਪੰਜਾਬ, ਭਾਰਤ-140401 | 03-05-2024 / 23-09-2024 ਸੰਕੇਤਕ | ਰੁ. 46,33,089/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | 117/5 ਅਮੀਰ, ਕਾਲੋਨੀ, ਕਾਲਕਾ ਰੋਡ ਅਰਬਨ, ਰਾਜਪੁਰਾ, ਪੰਜਾਬ, ਭਾਰਤ-140401 |
| 4. | ਅਰਜ਼ੀ ਨੰ. PJ/PTL/PTLA/A000000223 CO/CPC/CPOF/A000001592 ਸ੍ਰੀ ਰਣਜੀਤ ਸਿੰਘ ਅਤੇ ਸ੍ਰੀਮਤੀ ਕੁਲਵਿੰਦਰ ਕੌਰ, ਦੋਵੇਂ ਵਾਸੀ ਪਿੰਡ ਬਸਤੀ ਗੋਬਿੰਦ ਨਗਰ, ਸਮਾਣਾ, ਦਿਹਾਤੀ, ਸਮਾਣਾ, ਪੰਜਾਬ, ਭਾਰਤ-147101 | 03-05-2024 / 23-09-2024 ਸੰਕੇਤਕ | ਰੁ. 11,70,843/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਪਿੰਡ ਬਸਤੀ ਗੋਬਿੰਦ ਨਗਰ ਸਮਾਣਾ ਰੂਰਲ, ਸਮਾਣਾ, ਪੰਜਾਬ, ਭਾਰਤ-147101 |
| 5. | ਅਰਜ਼ੀ ਨੰ. PJ/PTL/PTLA/A000000299 CO/CPC/CPOF/A000002309 ਸ੍ਰੀ ਇਕਬਾਲ ਸਿੰਘ ਅਤੇ ਸ੍ਰੀਮਤੀ ਬਲਜੀਤ ਕੌਰ ਦੋਵੇਂ ਵਾਸੀ ਅਚਰਾਲ ਖੁਰਦ ਤਹਿਸੀਲ, ਸਮਾਣਾ ਪਟਿਆਲਾ, ਰੂਰਲ, ਸਮਾਣਾ, ਪੰਜਾਬ, ਭਾਰਤ-147001 | 03-05-2024 / 23-09-2024 ਸੰਕੇਤਕ | ਰੁ. 19,86,820/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਅਚਰਲਾ ਖੁਰਦ, ਤਹਿ. ਸਮਾਣਾ, ਸਮਾਣਾ, ਪਟਿਆਲਾ, ਰੂਰਲ, ਸਮਾਣਾ, ਪੰਜਾਬ, ਭਾਰਤ-147101 |
| 6. | ਅਰਜ਼ੀ ਨੰ. PJ/ZKP/ZKPR/A000000175 CO/CPC/CPCO/A000000099 ਸ੍ਰੀ ਗੁਰਜੰਟ ਸਿੰਘ ਅਤੇ ਸ੍ਰੀਮਤੀ ਬੇਅੰਤ ਕੌਰ, ਦੋਵੇਂ ਵਾਸੀ ਪਿੰਡ ਸਾਧੂਗੜ੍ਹ ਤਹਿ. ਸਮਾਣਾ, ਜ਼ਿਲ੍ਹਾ ਪਟਿਆਲਾ, ਸਮਾਣਾ ਰੂਰਲ, ਪਟਿਆਲਾ 147101, ਪਟਿਆਲਾ, ਅਰਬਨ ਪਟਿਆਲਾ, ਪੰਜਾਬ, ਭਾਰਤ-147101 | 03-05-2024 / 23-09-2024 ਸੰਕੇਤਕ | ਰੁ. 11,81,067/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਪਿੰਡ ਸਾਧੂਗੜ੍ਹ ਤਹਿ. ਸਮਾਣਾ, ਜ਼ਿਲ੍ਹਾ ਪਟਿਆਲਾ, ਸਮਾਣਾ ਰੂਰਲ, ਪਟਿਆਲਾ ਪੰਜਾਬ-147101, ਪਟਿਆਲਾ, ਅਰਬਨ, ਪਟਿਆਲਾ ਪੰਜਾਬ, ਭਾਰਤ-147101 |
| 7. | ਅਰਜ਼ੀ ਨੰ. PJ/ZKP/ZKPR/A000000041 PJ/ZKP/ZKPR/A000000311 ਸ੍ਰੀ ਰਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਅਤੇ ਸ੍ਰੀਮਤੀ ਰੁਪਿੰਦਰ ਕੌਰ, ਦੋਵੇਂ ਵਾਸੀ : ਹਵੇਲੀ ਛੋਟੀ ਰੂਪਨਗਰ, ਰੂਪਨਗਰ ਪੰਜਾਬ, ਰੋਪੜ, ਬੇਲਾ ਰੋਡ ਰੋਪੜ, ਰੂਰਲ, ਰੂਪਨਗਰ, ਪੰਜਾਬ, ਭਾਰਤ-140001 | 08-05-2024 / 23-09-2024 ਸੰਕੇਤਕ | ਰੁ. 16,20,924/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਟੀ ਖੇੜਾਬਾਦ (ਹਦਬਸਤ ਨੰ. 52) ਤਹਿ. ਅਤੇ ਜ਼ਿਲ੍ਹਾ ਰੂਪਨਗਰ ਰਕਬਾ 06 ਮਰਲੇ 2 ਸਰਸਾਹੀ ਅਰਥਾਤ 188 ਵਰਗ ਗਜ਼, ਖੇਵਟ ਨੰ. 56 ਖਤੌਨੀ ਨੰ. 68, ਖਸਰਾ ਨੰ. 2//22/1(8-0) 'ਚ ਸ਼ਾਮਲ, ਆਈਟਮ 1, ਕੁੱਲ ਏਰੀਆ 8-0 ਕਨਾਲ ਵਿੱਚੋਂ 7/180ਵਾਂ ਹਿੱਸਾ ਜੋ 0-6 ਮਰਲੇ 2 ਸਰਸਾਹੀ ਅਰਥਾਤ 188 ਵਰਗ ਗਜ਼ ਬਣਦਾ ਹੈ, ਪਿੰਡ ਖੇੜਾਬਾਦ, ਰੋਪੜ, ਬੇਲਾ ਰੋਡ, ਰੂਰਲ, ਰੂਪਨਗਰ, ਪੰਜਾਬ, ਭਾਰਤ-140001 |
| 8. | ਅਰਜ਼ੀ ਨੰ. PJ/ZKP/ZKPR/A000000073 CO/CPC/CPOF/A000001350 ਸ੍ਰੀ ਅਨੂਪ ਜੋਸ਼ੀ, ਸੁਮਨ ਜੋਸ਼ੀ ਅਤੇ ਸੁਨੀਲ ਦੱਤ, ਸਾਰੇ ਵਾਸੀ : 186 ਨਿਊ ਦਰਸ਼ਨੀ ਬਾਗ ਮਨੀਮਾਜਰਾ, ਮਨੀ ਮਾਜਰਾ, ਚੰਡੀਗੜ੍ਹ, ਅਰਬਨ, ਚੰਡੀਗੜ੍ਹ ਪੰਜਾਬ, ਭਾਰਤ-160101 | 08-05-2024 / 23-09-2024 ਸੰਕੇਤਕ | ਰੁ. 33,03,148/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਮਕਾਨ ਨੰ. 58 ਏ, ਸ਼ਕਤੀ ਇਨਕਲੇਵ ਢਕੋਲੀ ਸਬ ਤਹਿ. ਜ਼ੀਰਕਪੁਰ ਜ਼ਿਲ੍ਹਾ ਐਸ ਏ ਐਸ ਨਗਰ, ਜ਼ੀਰਕਪੁਰ ਅਰਬਨ, ਜ਼ੀਰਕਪੁਰ, ਪੰਜਾਬ, ਭਾਰਤ-140160 |
| 9. | ਅਰਜ਼ੀ ਨੰ. PJ/ZKP/ZKPR/A000000129 CO/CPC/CPOF/A000001512 ਸ੍ਰੀਮਤੀ ਸਰਵਜੀਤ ਕੌਰ ਅਤੇ ਸ੍ਰੀ ਹਰਦੇਵ ਸਿੰਘ ਦੋਵੇਂ ਵਾਸੀ: ਪਿੰਡ ਗੜ੍ਹੀ ਰੂਪਨਗਰ ਪੰਜਾਬ, 140111, ਰੂਪਨਗਰ, ਅਰਬਨ, ਰੂਪਨਗਰ, ਪੰਜਾਬ, ਭਾਰਤ-140111 | 03-05-2024 / 23-09-2024 ਸੰਕੇਤਕ | ਰੁ. 15,52,313/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਪਿੰਡ ਸਫੇਰਾ, ਤਹਿ. ਅਤੇ ਜ਼ਿਲ੍ਹਾ ਪਟਿਆਲਾ (ਹਦਬਸਤ ਨੰ. 162) ਵਿਖੇ ਸਥਿਤ ਜਾਇਦਾਦ ਏਰੀਆ ਰਕਬਾ 8-2/3 ਬਿਸਵਾ, ਜੋ ਖੇਵਟ ਖਤੌਨੀ ਨੰ. 26/6 ਖਸਰਾ ਨੰ. 390/11 (0-2), 817/2/17 (1-5) 'ਚ ਸ਼ਾਮਲ ਯੂਨਿਟ 2 ਤੋਂ ਏਰੀਆ 1 ਬਿਘਾ 7 ਬਿਸਵਾ ਵਿੱਚੋਂ 26/81 ਹਿੱਸਾ। |
| 10. | ਅਰਜ਼ੀ ਨੰ. PJ/ZKP/ZKPR/A000000217 CO/CPC/CPCO/A000000080 ਸ੍ਰੀ ਹਰਵਿੰਦਰ ਸਿੰਘ ਪੁੱਤਰੀ ਸ੍ਰੀ ਰਜਿੰਦਰ ਸਿੰਘ, ਸ੍ਰੀਮਤੀ ਹਰਜੀਤ ਕੌਰ ਅਤੇ ਸ਼ਾਂਤੀ ਦੇਵੀ, ਸਾਰੇ ਵਾਸੀ: ਕੁਰਾਲੀ ਰੋਡ ਨੇੜੇ ਕੋਲਡ ਸਟੋਰ ਮਠਾੜੂ ਇੰਜ. ਵਰਕਸ ਰੂਪਨਗਰ ਰੋਪੜ, ਪੰਜਾਬ-140001, ਰੋਪੜ, ਰੂਰਲ, ਰੂਪਨਗਰ, ਪੰਜਾਬ, ਭਾਰਤ-140001, | 08-05-2024 / 23-09-2024 ਸੰਕੇਤਕ | ਰੁ. 17,24,551/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਰੂਪਨਗਰ ਤਹਿ. ਅਤੇ ਜ਼ਿਲ੍ਹਾ ਰੂਪਨਗਰ (ਹਦਬਸਤ ਨੰ. 44) ਵਿਖੇ ਸਥਿਤ ਜਾਇਦਾਦ ਏਰੀਆ ਰਕਬਾ 0 ਕਨਾਲ 6 ਮਰਲੇ 6/75 ਸ਼ੇਅਰ ਜੋ ਖਤੌਨੀ ਨੰ. 1527, ਖਸਰਾ ਨੰ 71//1 ਮਿਨ (0-1), 10/2(0-6) ਖਤੌਨੀ ਨੰ. 1328 ਖਸਰਾ ਨੰ. 71//10/3(0-12), ਖਤੌਨੀ ਨੰ 1329, ਖਸਰਾ ਨੰ. 71//12/1(1-7), ਖਤੌਨੀ ਨੰ. 1330 ਖਸਰਾ ਨੰ.71//9/4(1-4) ਵਿੱਚ ਸ਼ਾਮਲ ਹੈ। |
| 11. | ਅਰਜ਼ੀ ਨੰ. PJ/ZKP/ZKPR/A000000234 CO/CPC/CPCO/A000000100 ਸ੍ਰੀ ਬਲਕਾਰ ਸਿੰਘ ਅਤੇ ਸ੍ਰੀਮਤੀ ਦਲਜੀਤ ਕੌਰ, ਦੋਵੇਂ ਵਾਸੀ: ਪਿੰਡ ਸਾਦਿਕਪੁਰ ਬੱਸੀ ਪਠਾਣਾ, ਨੰਦਪੁਰ ਕਲੌਰ ਫਤਿਹਗੜ੍ਹ ਸਾਹਿਬ ਪੰਜਾਬ-140412, ਪੰਜਾਬ, ਭਾਰਤ-140412 | 08-05-2024 / 23-09-2024 ਸੰਕੇਤਕ | ਰੁ. 12,69,940/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਰਿਹਾਇਸ਼ੀ ਮਕਾਨ ਏਰੀਆ ਰਕਬਾ 1 ਕਨਾਲ 1 ਮਰਲਾ ਰਕਬਾ 17 ਕਨਾਲ 3 ਮਰਲੇ ਵਿੱਚੋਂ 217343 ਸ਼ੇਅਰ, ਜੋ ਖੇਵਟ ਨੰ. 45, ਖਤੌਨੀ ਨੰ. 16 ਖਸਰਾ ਨੰ. 15/17/2/2(1-10). 15//8/1 (3-19), 15//13/2 (5-16), 15//14/1/2 (24) 15//17/2/2011), 15//18/1 (19), 11611 12). 117/1 (0-2) 'ਚ ਯੂਨਿਟ 8 ਤੋਂ ਅਤੇ ਪਿੰਡ ਸਾਦਿਕਪੁਰ, ਬਸੀ ਪਠਾਣਾ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ-140412 ਹਦਬਸਤ ਨੰ. 310 ਵਿਖੇ ਸਥਿਤ ਹੈ। |
| 12. | ਅਰਜ਼ੀ ਨੰ. PJ/MOG/MOGA/A000000017 CO/CPC/CPCO/A000000223 ਸ੍ਰੀ ਗੁਰਮੀਤ ਸਿੰਘ ਅਤੇ ਸ੍ਰੀਮਤੀ ਹਰਜਿੰਦਰ ਕੌਰ ਦੋਵੇਂ ਵਾਸੀ : ਲਹਹਿਰਾਬੇਟ, ਫਿਰੋਜ਼ਪੁਰ, ਪੰਜਾਬ ਨੇੜੇ ਗੁਰਦੁਆਰਾ, ਰੂਰਲ, ਫਿਰੋਜ਼ਪੁਰ, ਪੰਜਾਬ, ਭਾਰਤ-142044 | 08-05-2024 / 23-09-2024 ਸੰਕੇਤਕ | ਰੁ. 11,42,075/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਪਿੰਡ ਲਹਿਰਾਬੇਟ, ਤਹਿ. ਜ਼ੀਰਾ ਅਤੇ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਸਾਲ 2018-19 ਦੀ ਜਮ੍ਹਾਂਬੰਦੀ ਦੀ ਨਕਲ ਅਨੁਸਾਰ ਖਸਰਾ ਨੰ.34//20/2(1-18)21/2(3- 16) 40//6/1/1(1-0) 41//2(7-7) 9 (8-12(5-13), ਖੇਵਟ ਨੰ. 7 ਖਤੌਨੀ ਨੰ. 7 'ਚ ਸ਼ਾਮਲ 27 ਕਨਾਲ 14 ਮਰਲੇ ਦਾ 10/554 ਸ਼ੇਅਰ ਜਾਇਦਾਦ ਰਕਬਾ 10 ਮਰਲੇ |

ਮਿਤੀ : 24.09.2024, ਸਥਾਨ : ਪੰਜਾਬ — ਅਧਿਕਾਰਤ ਅਫਸਰ, ਹਿੰਦੂਜਾ ਹਾਊਸਿੰਗ ਫਾਈਨਾਂਸ ਲਿਮਟਿਡ

25-Sep-PAGE-4.qxd 9/24/2024 10:34 PM Page 1

ਨਵਾਂ ਜ਼ਮਾਨਾ
ਬੁੱਧਵਾਰ, 25 ਸਤੰਬਰ 2024

# ਅੰਨਾ ਦੀ ਮੌਤ ਦੀ ਵੰਗਾਰ

ਸਰਮਾਏਦਾਰੀ ਸੁਭਾਅ ਪੱਖੋਂ ਅੱਤ ਦਰਜੇ ਦੀ ਬੇਰਹਿਮ ਹੁੰਦੀ ਹੈ। ਉਹ ਕਿਸੇ ਦੀ ਹਾਲਤ 'ਤੇ ਦਯਾ ਕਰਕੇ ਕੰਮ ਨਹੀਂ ਦਿੰਦੀ, ਸਗੋਂ ਉਹ ਉਸ ਦੇ ਖ਼ੂਨ ਦੀ ਇੱਕ-ਇੱਕ ਬੂੰਦ ਨਿਚੋੜ ਲੈਣਾ ਚਾਹੁੰਦੀ ਹੈ। ਪੌਣੇ ਦੋ ਸੌ ਸਾਲ ਪਹਿਲਾਂ ਮਾਰਕਸ ਨੇ ਲਿਖਿਆ ਸੀ ਕਿ ਪੂੰਜੀਪਤੀ ਮਜ਼ਦੂਰ ਦੀ ਮਿਹਨਤ ਦੀ ਕੀਮਤ ਦਾ ਵੱਡਾ ਹਿੱਸਾ ਹੜੱਪ ਕੇ ਦਿਨੋ-ਦਿਨ ਮੋਟਾ ਹੁੰਦਾ ਰਹਿੰਦਾ ਹੈ। ਪੂੰਜੀਪਤੀ ਲੁੱਟ ਇੱਕ ਮਨੁੱਖਤਾ ਵਿਰੋਧੀ ਵਰਤਾਰਾ ਹੈ, ਜਿਸ ਨੂੰ ਕੇਰਲਾ ਦੀ ਅੰਨਾ ਸੇਬੇਸਿਟਾਇਨ ਨੇ ਏਜੰਡੇ 'ਤੇ ਲੈ ਆਂਦਾ ਹੈ। ਕੇਰਲਾ ਦੀ ਰਹਿਣ ਵਾਲੀ 26 ਸਾਲਾ ਅੰਨਾ ਚਾਰਟਡ ਅਕਾਊਂਟੈਂਟ ਸੀ। ਅੰਨਾ ਨੇ ਬੀਤੇ ਮਾਰਚ ਵਿੱਚ ਦੁਨੀਆ ਦੀਆਂ 4 ਵੱਡੀਆਂ ਅਕਾਊਂਟੈਂਟ ਕੰਪਨੀਆਂ ਵਿੱਚ ਸ਼ੁਮਾਰ ਅਰਨਸਟ ਐਂਡ ਯੰਗ (ਈ ਵਾਈ) ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ। ਬੀਤੀ 20 ਜੂਨ ਨੂੰ ਉਸ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ ਸੀ। ਅੰਨਾ ਦੀ ਮੌਤ ਨੂੰ ਵੀ ਇੱਕ ਆਮ ਮੌਤ ਮੰਨ ਲਿਆ ਜਾਂਦਾ, ਜੇਕਰ ਉਸ ਦੀ ਮਾਂ ਅਨੀਤਾ ਵੱਲੋਂ ਕੰਪਨੀ ਦੇ ਸੀ ਈ ਓ ਰਾਜੀਵ ਮੇਮਾਨੀ ਨੂੰ ਲਿਖਿਆ ਪੱਤਰ ਲੀਕ ਹੋ ਕੇ ਸਾਹਮਣੇ ਨਾ ਆਉਂਦਾ। ਅਨੀਤਾ ਦੇ ਪੱਤਰ ਵਿੱਚ ਲਿਖਿਆ ਇੱਕ-ਇੱਕ ਸ਼ਬਦ ਅੰਨਾ ਦੇ ਕੰਮ ਪ੍ਰਤੀ ਸਮਰਪਣ ਤੇ ਕੰਪਨੀ ਵੱਲੋਂ ਉਸ ਦੇ ਸਰੀਰ ਨੂੰ ਨਿਚੋੜ ਲੈਣ ਦੀ ਗਵਾਹੀ ਭਰਦਾ ਹੈ।

ਅਨੀਤਾ ਨੇ ਆਪਣੇ ਪੱਤਰ ਵਿੱਚ ਲਿਖਿਆ ਹੈ ਕਿ ਕੰਪਨੀ ਵਿੱਚ ਉਸ ਦੀ ਬੇਟੀ 'ਤੇ ਏਨਾ ਬੋਝ ਲੱਦਿਆ ਗਿਆ, ਜਿਸ ਦੇ ਭਾਰ ਹੇਠ ਦੱਬ ਕੇ ਉਸ ਦੀ ਮੌਤ ਹੋ ਗਈ। ਉਹ ਲਿਖਦੀ ਹੈ, "ਅੰਨਾ ਆਪਣੇ ਮੈਨੇਜਰਾਂ ਨੂੰ ਦੋਸ਼ ਨਹੀਂ ਸੀ ਦਿੰਦੀ, ਕਿਉਂਕਿ ਉਹ ਦਿਆਲੂ ਸੀ, ਪਰ ਮੈਂ ਚੁੱਪ ਨਹੀਂ ਬੈਠਾਂਗੀ। ਅੰਨਾ ਦੇਰ ਰਾਤ ਤੱਕ ਕੰਮ ਕਰਦੀ ਸੀ, ਇਥੋਂ ਤੱਕ ਕਿ ਛੁੱਟੀ ਵਾਲੇ ਦਿਨ ਵੀ ਉਸ ਨੂੰ ਸਾਹ ਲੈਣ ਦੀ ਵਿਹਲ ਨਹੀਂ ਸੀ।"

ਅਨੀਤਾ ਅੱਗੇ ਲਿਖਦੀ ਹੈ, "ਅੰਨਾ ਦੇ ਤਜਰਬੇ ਤੋਂ ਉਸ ਕੰਮ ਸੱਭਿਆਚਾਰ ਦੀ ਝਲਕ ਮਿਲਦੀ ਹੈ, ਜਿਹੜਾ ਬਿਨਾਂ ਅਰਾਮ ਦੇ ਕੰਮ ਕਰਨ ਨੂੰ ਉਤਸ਼ਾਹਤ ਕਰਦਾ ਹੈ, ਪਰ ਕੰਮ ਕਰਨ ਵਾਲੇ ਇਨਸਾਨ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। ਮੇਰੀ ਬੇਟੀ ਜ਼ਿੰਦਗੀ ਤੇ ਸੁਫਨਿਆਂ ਨਾਲ ਭਰਪੂਰ ਸੀ। ਉਹ ਕੰਮ ਤੋਂ ਅੱਧੀ ਰਾਤ ਮੁੜਦੀ ਸੀ। ਆਉਂਦਿਆਂ ਹੀ ਬਿਨਾਂ ਕੱਪੜੇ ਬਦਲੇ ਪਲੰਘ 'ਤੇ ਢੇਰੀ ਹੋ ਜਾਂਦੀ ਸੀ, ਜਿਵੇਂ ਉਸ ਵਿੱਚ ਜਾਨ ਹੀ ਨਾ ਹੋਵੇ। ਸਵੇਰ ਹੁੰਦਿਆਂ ਹੀ ਅੰਨਾ ਕੋਲ ਦਰਜਨਾਂ ਮੈਸੇਜ ਆ ਜਾਂਦੇ ਕਿ ਢੇਰ ਸਾਰੀਆਂ ਰਿਪੋਰਟਾਂ ਤਿਆਰ ਕਰਨੀਆਂ ਹਨ। ਅੰਨਾ ਦੀ ਮੌਤ ਇੱਕ 'ਜਾਗਣ ਦਾ ਸੁਨੇਹਾ' ਹੈ।"

ਪਹਿਲਾਂ-ਪਹਿਲ ਕੰਪਨੀ ਨੇ ਇਹ ਭਰਮ ਫੈਲਾਇਆ ਕਿ ਅੰਨਾ ਨੂੰ ਕੋਈ ਗੰਭੀਰ ਬਿਮਾਰੀ ਸੀ। ਇਸ ਬਾਰੇ ਅਨੀਤਾ ਲਿਖਦੀ ਹੈ, "ਜਦੋਂ ਅਸੀਂ ਪੁਣੇ ਗਏ ਤਾਂ ਅੰਨਾ ਨੇ ਕਿਹਾ ਕਿ ਮੇਰੇ ਸੀਨੇ ਵਿੱਚ ਜਕੜਨ ਮਹਿਸੂਸ ਹੁੰਦੀ ਹੈ। ਅਸੀਂ ਉਸ ਨੂੰ ਲੈ ਕੇ ਡਾਕਟਰ ਪਾਸ ਗਏ ਤਾਂ ਡਾਕਟਰ ਨੇ ਕਿਹਾ ਕਿ ਇਹ ਬਹੁਤ ਤਣਾਅ ਵਿੱਚ ਹੈ ਤੇ ਖਾਣਾ ਵੀ ਘੱਟ ਤੇ ਸਮੇਂ ਸਿਰ ਨਹੀਂ ਖਾਂਦੀ। ਇਸ ਨੂੰ ਅਰਾਮ ਦੀ ਸਖ਼ਤ ਜ਼ਰੂਰਤ ਹੈ। ਅੰਨਾ ਨੇ ਇਸ ਬਾਰੇ ਆਪਣੇ ਸੀਨੀਅਰ ਨਾਲ ਗੱਲ ਕੀਤੀ। ਅਸੀਂ ਵੀ ਕੰਪਨੀ ਦੇ ਮਾਲਕ ਨਾਲ ਗੱਲ ਕੀਤੀ, ਪਰ ਸਾਡੀ ਗੱਲ ਵੱਲ ਕਿਸੇ ਨੇ ਧਿਆਨ ਨਾ ਦਿੱਤਾ।"

ਅਨੀਤਾ ਦਾ ਖਤ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਦੇਸ਼-ਭਰ ਦੇ ਕਾਰਪੋਰੇਟ ਅਦਾਰਿਆਂ 'ਚ ਕੰਮ ਕਰਦੇ ਨੌਜਵਾਨਾਂ ਦਾ ਗੁੱਸਾ ਜਵਾਲਾਮੁਖੀ ਵਾਂਗ ਫੁੱਟ ਪਿਆ ਹੈ। ਇੱਕ ਚਾਰਟਡ ਅਕਾਊਂਟੈਂਟ ਨਾਸਿਰ ਕਾਜ਼ੀ ਕੰਪਨੀ ਮਾਲਕ ਨੂੰ ਕਹਿੰਦੀ ਹੈ, "ਤੁਸੀਂ ਕਹਿੰਦੇ ਹੋ ਕਿ ਅਸੀਂ ਈ ਵਾਈ 'ਚ ਹੋ ਰਹੀਆਂ ਦਿੱਕਤਾਂ ਬਾਰੇ 'ਐਥਿਕਸ ਹਾਟਲਾਈਨ' ਉੱਤੇ ਸ਼ਿਕਾਇਤ ਕਰੀਏ। ਮੈਂ ਤੇ ਮੇਰੇ ਸਾਥੀਆਂ ਨੇ ਕਈ ਮਹੀਨੇ ਪਹਿਲਾਂ ਸ਼ਿਕਾਇਤਾਂ ਕੀਤੀਆਂ ਸਨ। ਅਸੀਂ ਦੇਖਿਆ ਕਿ ਇਸ ਹਾਟਲਾਈਨ ਦੀ ਵਰਤੋਂ ਸ਼ਿਕਾਇਤ ਕਰਨ ਵਾਲਿਆਂ ਦਾ ਪਤਾ ਲਾ ਕੇ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਕੀਤੀ ਜਾਂਦੀ ਹੈ।"

ਇੱਕ 27 ਸਾਲਾ ਲੜਕੀ ਨੇ ਲਿਖਿਆ ਹੈ, "ਮੈਂ ਇੰਫੋਸਿਸ ਦੀ ਇੱਕ ਕੰਪਨੀ ਨਾਲ ਦੋ ਸਾਲ ਕੰਮ ਕੀਤਾ ਤਾਂ ਸਮਝ ਆਇਆ ਕਿ 25 ਲੋਕਾਂ ਦਾ ਕੰਮ 6 ਲੋਕਾਂ ਤੋਂ ਕਰਵਾਇਆ ਜਾ ਰਿਹਾ ਹੈ। ਮੈਂ 2 ਵਜੇ ਕੰਮ ਤੋਂ ਵਿਹਲੇ ਹੋ ਕੇ ਸੌਂਦੀ ਸੀ। ਨੀਂਦ ਪੂਰੀ ਵੀ ਨਹੀਂ ਸੀ ਹੁੰਦੀ ਕਿ ਸਵੇਰੇ 7.30 ਵਜੇ ਫੋਨ ਆ ਜਾਂਦਾ ਸੀ ਕਿ 8 ਵਜੇ ਆਨਲਾਈਨ ਆਉਣਾ ਹੈ। ਈ ਵਾਈ ਵਿੱਚ ਤਾਂ ਇਸ ਤੋਂ ਵੀ ਬੁਰਾ ਹਾਲ ਸੀ। ਮੈਨੇਜਰ ਖੁਦ ਕ੍ਰਿਕਟ ਮੈਚ ਦੇਖਦਾ ਤੇ ਰਾਤ ਨੂੰ ਅਚਾਨਕ ਸਾਰਾ ਕੰਮ ਵਰਕਰਾਂ ਨੂੰ ਦੇ ਦਿੰਦਾ ਸੀ।"

ਅੰਨਾ ਨੇ ਪੂੰਜੀਵਾਦ ਵੱਲੋਂ ਕੀਤੀ ਜਾਂਦੀ ਲੁੱਟ ਦੀ ਵਿਵਸਥਾ ਵਿੱਚ ਆਪਣੇ ਆਪ ਦੀ ਅਹੂਤੀ ਦੇ ਦਿੱਤੀ ਹੈ। ਉਸ ਦੀ ਮਾਂ ਦੇ ਖ਼ਤ ਤੋਂ ਜ਼ਾਹਰ ਹੈ ਕਿ ਅੰਨਾ ਦੀ ਕਿਰਤ ਸੁਖਦਾਇਕ ਨਹੀਂ ਸੀ। ਮਾਰਕਸ ਨੇ ਲਿਖਿਆ ਹੈ ਕਿ ਕਿਰਤ ਦੀ ਕੀਮਤ ਤੈਅ ਕਰਨ ਵਿੱਚ ਜਦੋਂ ਤੱਕ ਕਿਰਤੀ ਦੀ ਭੂਮਿਕਾ ਨਾ ਹੋਵੇ, ਕੰਮ ਕਰਨਾ ਉਸ ਲਈ ਅਣਸਰਦੀ ਲੋੜ ਹੁੰਦਾ ਹੈ। ਅਜਿਹੀ ਕਿਰਤ ਕਿਰਤੀ ਦੀ ਦੁਸ਼ਮਣ ਬਣ ਕੇ ਉਸ ਦੇ ਸਾਹਮਣੇ ਖੜ੍ਹੀ ਹੋ ਜਾਂਦੀ ਹੈ।

ਅੰਨਾ ਦੀ ਮੌਤ ਨੇ ਕੰਮ ਦੇ ਘੰਟਿਆਂ ਦੀ ਲੜਾਈ ਨੂੰ ਉਠਾ ਦਿੱਤਾ ਹੈ। ਇਸ ਸਮੇਂ ਲੋਕਾਂ ਤੋਂ 20-20 ਘੰਟੇ ਕੰਮ ਲਿਆ ਜਾਂਦਾ ਹੈ। ਤੁਸੀਂ ਮੋਬਾਇਲ ਫੋਨ ਤੇ ਵਟਸਅਪ ਰਾਹੀਂ 24 ਘੰਟੇ ਕੰਪਨੀ ਮਾਲਕ ਦੀ ਗ੍ਰਿਫ਼ਤ ਵਿੱਚ ਹੁੰਦੇ ਹੋ। ਫੋਨ ਨਾ ਚੁੱਕਣ ਤੇ ਮੈਸੇਜ ਨਾ ਦੇਖਣ ਦੀ ਅਗਲੇ ਦਿਨ ਹੀ ਕੀਮਤ ਤਾਰਨੀ ਪੈਂਦੀ ਹੈ। ਏਨਾ ਕੁਝ ਹੋ ਜਾਣ ਦੇ ਬਾਵਜੂਦ ਪੂੰਜੀਪਤੀ ਕਿਰਤ ਕਾਨੂੰਨਾਂ ਨੂੰ ਹੋਰ ਸੋਧਣ ਦੀ ਮੰਗ ਕਰ ਰਹੇ ਹਨ।

ਅੰਨਾ ਦੀ ਮੌਤ ਪੂੰਜੀਵਾਦ ਦੀ ਬੇਰਹਿਮ ਲੁੱਟ ਤੋਂ ਨਿਜਾਤ ਪਾਉਣ ਲਈ ਹਰ ਜਾਗਰੂਕ ਇਨਸਾਨ ਲਈ ਇੱਕ ਵੰਗਾਰ ਹੈ। ਪੂੰਜੀਵਾਦ ਦੇ ਦਲਾਲ ਹਾਕਮਾਂ 'ਤੇ ਆਸ ਰੱਖਣੀ ਆਪਣੇ-ਆਪ ਨੂੰ ਧੋਖਾ ਦੇਣਾ ਹੈ। ਕਿਰਤ ਦੀ ਇਸ ਗੁਲਾਮੀ ਦੇ ਚੁੰਗਲ ਵਿੱਚੋਂ ਸਿਰਫ਼ ਜਨਤਕ ਸੰਘਰਸ਼ਾਂ ਰਾਹੀਂ ਹੀ ਨਿਕਲਿਆ ਜਾ ਸਕਦਾ ਹੈ, ਤਾਂ ਜੋ ਕਿਸੇ ਹੋਰ ਅੰਨਾ ਨੂੰ ਆਪਣੀ ਬਲੀ ਨਾ ਦੇਣੀ ਪਵੇ।

**-ਚੰਦ ਫਤਿਹਪੁਰੀ**

# ਸਾਫ-ਸੁਥਰੀ ਰਾਜਨੀਤੀ ਦਾ ਝੰਡਾਬਰਦਾਰ ਸੀ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ

**ਅਵਤਾਰ ਲੰਗੇਰੀ**



ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਤੋਂ ਕਮਿਊਨਿਸਟ ਪਾਰਟੀ ਦੇ ਪ੍ਰੋਵਿੰਸ਼ੀਅਲ ਲੀਡਰ ਜਾਰਜ ਗਿਡੋਰਾ ਅਨੁਸਾਰ ਦਰਸ਼ਨ ਸਿੰਘ ਸੰਘਾ (ਕੈਨੇਡੀਅਨ) ਜਿਵੇਂ ਕਿ ਉਹ ਕੈਨੇਡਾ ਵਿੱਚ ਜਾਣਿਆ ਜਾਂਦਾ ਸੀ ਇੱਕ ਅਸਧਾਰਨ ਵਿਅਕਤੀ ਸੀ, ਇੱਕ ਸੱਚਾ ਅੰਤਰ - ਰਾਸ਼ਟਰਵਾਦੀ ਅਤੇ ਮਹਾਨ ਇਨਕਲਾਬੀ ਕਮਿਊਨਿਸਟ।

ਜਦੋਂ ਉਹ 18 ਸਾਲ ਦੇ ਨੌਜਵਾਨ ਦੇ ਤੌਰ 'ਤੇ ਆਪਣੀ ਕਿਸਮਤ ਨੂੰ ਅਜ਼ਮਾਉਣ ਅਤੇ ਪੜ੍ਹਾਈ ਲਈ ਕੈਨੇਡਾ ਆਇਆ, ਉਹ ਪਹਿਲਾਂ ਹੀ ਅੰਗਰੇਜ਼ੀ ਸਾਮਰਾਜ ਤੋਂ ਅਜ਼ਾਦੀ ਲਈ ਭਾਰਤੀ ਯੁੱਧ ਨਾਲ ਇੱਕਸੁਰ ਅਤੇ ਰਾਜਨੀਤਕ ਇਨਕਲਾਬੀ ਸੁਰ ਨਾਲ ਲਬਰੇਜ਼ ਹੋ ਕੇ ਆਇਆ।ਇਹ ਇਸ ਲਈ ਕੁਦਰਤੀ ਹੀ ਸੀ ਕਿ ਉਹ ਕੈਨੇਡਾ ਵਿੱਚ ਨੌਜਵਾਨ ਕਮਿਊਨਿਸਟਾਂ ਨੂੰ ਮਿਲਿਆ ਅਤੇ ਉਨ੍ਹਾਂ ਨਾਲ ਮਿੱਤਰਤਾ ਕੀਤੀ, ਜਿਹੜੇ ਕਿ ਬਹੁਤਾ ਕਰਕੇ ਉਸੇ ਤਰੀਕੇ ਨਾਲ ਸੋਚਦੇ ਸਨ, ਜਿਵੇਂ ਉਸ ਨੇ ਕੀਤਾ।

ਜਦੋਂ ਕਿ ਬਹੁਤ ਸਾਰੇ ਕੈਨੇਡਾ ਦੇ ਪ੍ਰਵਾਸੀ ਆਪਣਾ ਇੱਕ ਪੈਰ ਆਪਣੇ ਪੁਰਾਣੇ ਦੇਸ਼ ਵਿੱਚ ਰੱਖਦੇ ਸਨ ਅਤੇ ਦੂਸਰਾ ਪੈਰ ਨਵੇਂ ਦੇਸ਼ ਵਿੱਚ। ਦਰਸ਼ਨ ਨੇ ਠੀਕ ਤਰ੍ਹਾਂ ਸਮਝ ਲਿਆ ਸੀ ਕਿ ਵਰਗ ਸੰਘਰਸ਼ ਵਿਸ਼ਵ-ਵਿਆਪੀ ਸੀ ਅਤੇ ਉਥੇ ਹੀ ਇਸ ਦੀ ਹੋਂਦ ਸੀ, ਜਿੱਥੇ ਕਿਤੇ ਵਿਤਕਰੇ ਦਾ ਵਰਗ ਸਮਾਜ ਸੀ।ਉਹ ਜਿਥੇ ਕਿਤੇ ਵੀ ਰਹੇ, ਉਹ ਜਾਣਦੇ ਸਨ ਕਿ ਉਸ ਦੀ ਡਿਊਟੀ ਕਾਮਾ ਜਮਾਤ ਦੇ ਹਿੱਤਾਂ ਲਈ ਲੜਨਾ ਹੈ ਅਤੇ ਇਸ ਭਾਵਨਾ ਦੇ ਤਹਿਤ ਉਹ ਕੈਨੇਡਾ ਦੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਿਆ ਅਤੇ ਕੈਨੇਡੀਅਨ ਕਾਮਿਆਂ ਖਾਸਕਰ ਪ੍ਰਵਾਸੀ ਕੈਨੇਡੀਅਨ ਕਾਮਿਆਂ ਦੇ ਸੰਘਰਸ਼ ਵਿੱਚ ਉਹ ਇੱਕ ਤਕੜੀ ਤਾਕਤ ਬਣ ਗਿਆ।

ਉਸ ਦਾ ਵਾਸਤਾ ਬੀ ਸੀ ਅਤੇ ਐਲਬਰਟਾ ਵਿੱਚ ਲੱਕੜ ਉਦਯੋਗ ਨਾਲ ਸੀ। ਇਸ ਲਈ ਉਹ ਇੰਟਰਨੈਸ਼ਨਲ ਵੁੱਡ ਵਰਕਰ ਆਫ ਨਾਰਥ ਅਮਰੀਕਾ ( ਆਈ ਡਬਲਿਊ ਏ) ਵਿੱਚ ਸ਼ਾਮਲ ਹੋ ਗਿਆ ਅਤੇ ਬਹੁਤ ਹੀ ਜਲਦੀ ਉਸ ਨੇ ਸਾਬਿਤ ਕਰ ਦਿੱਤਾ ਕਿ ਉਹ ਇੱਕ ਚੰਗਾ ਆਰਗੇਨਾਈਜ਼ਰ ਅਤੇ ਪ੍ਰਭਾਵਸ਼ਾਲੀ ਬੁਲਾਰਾ ਹੈ।ਉਸ ਨੇ ਸੈਂਕੜੇ ਭਾਰਤੀਆਂ ਨੂੰ ਟ੍ਰੇਡ ਯੂਨੀਅਨ ਵਿੱਚ ਲਿਆ ਕੇ ਨਵਾਂ ਮੋੜ ਕੱਟਿਆ ਅਤੇ ਉਨ੍ਹਾਂ ਦੇ ਲਾਭਾਂ ਲਈ ਤੇ ਯੂਨੀਅਨ ਵਿੱਚ ਬਰਾਬਰਤਾ ਲਈ ਉਹ ਸਖ਼ਤੀ ਨਾਲ ਲੜਿਆ।ਇੰਡੋ-ਕੈਨੇਡੀਅਨ ਡੈਲੀਗੇਸ਼ਨ , ਜਿਸ ਨੇ ਕਾਮਯਾਬੀ ਨਾਲ ਬੀ ਸੀ ਸਰਕਾਰ ਕੋਲ ਭਾਰਤੀ ਪ੍ਰਵਾਸੀਆਂ ਲਈ ਵੋਟ ਵਾਸਤੇ ਪਹੁੰਚ ਕੀਤੀ, ਲਈ ਆਈ ਡਬਲਿਊ ਏ ਦੀ ਮਦਦ ਪ੍ਰਾਪਤ ਕਰਨ ਵਿੱਚ ਉਸ ਦਾ ਮੁੱਖ ਯੋਗਦਾਨ ਸੀ।

ਉਨ੍ਹਾ ਦੀ ਵਿਦਵਤਾ ਅਤੇ ਸੂਝ-ਬੂਝ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਸੰਨ 1947 ਵਿੱਚ ਹੀ ਉਨ੍ਹਾ ਵੱਲੋਂ ਅੰਗਰੇਜ਼ੀ ਭਾਸ਼ਾ ਵਿੱਚ 260 ਪੰਨਿਆਂ ਦੀ ਇੱਕ ਅਨੋਖੀ ਪੁਸਤਕ 'ਨਵੇਂ ਏਸ਼ੀਆ ਦਾ ਉਦੈ' ਪ੍ਰਕਾਸ਼ਤ ਕਰਵਾਈ, ਜਿਸ ਦਾ ਲਿਖਣਾ ਅਤੇ ਛਪਣਾ ਏਸ਼ੀਆ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਗੱਡਣ ਦੇ ਬਰਾਬਰ ਸੀ । ਇਸ ਪੁਸਤਕ ਵਿੱਚ ਉਨ੍ਹਾ ਵੱਲੋਂ ਇਤਿਹਾਸ, ਸੱਭਿਆਚਾਰ, ਸਮਾਜਿਕ ਅਤੇ ਆਰਥਿਕ ਸਥਿਤੀਆਂ ਦੇ ਨਾਲ ਨਾਲ ਰਾਜਸੀ ਪ੍ਰਸਥਿਤੀਆਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਅਤੇ ਵਿਸਥਾਰ ਨਾਲ ਚੀਨ, ਜਪਾਨ, ਭਾਰਤ, ਸੋਵੀਅਤ ਯੂਨੀਅਨ, ਕੋਰੀਆ, ਫਿਲਪੀਅਨ ,ਇੰਡੋਨੇਸ਼ੀਆ, ਈਰਾਨ ਤੇ ਤੁਰਕੀ ਦੇਸ਼ਾਂ ਦੀਆਂ ਸਥਿਤੀਆਂ ਦਾ ਬਾਖੂਬੀ ਵਿਸ਼ਲੇਸ਼ਣ ਕੀਤਾ।

ਦਰਸ਼ਨ ਨੇ ਕੈਨੇਡਾ ਦੀ ਧਰਤੀ 'ਤੇ ਆਪਣਾ ਸਨਮਾਨਜਨਕ ਸਥਾਨ ਬਣਾਇਆ ਅਤੇ ਪਿਛੋਂ ਉਹ ਭਾਰਤੀ ਲੋਕਾਂ ਦੀ ਮਦਦ ਅਤੇ ਨਵੇਂ ਭਾਰਤ ਦੇ ਨਿਰਮਾਣ ਲਈ 16 ਦਸੰਬਰ 1947 ਨੂੰ ਭਾਰਤ ਪਹੁੰਚ ਗਏ।ਹਜ਼ਾਰਾਂ ਦੇਸ਼ ਭਗਤ ਕੈਨੇਡਾ, ਅਮਰੀਕਾ ਦੀਆਂ ਕਮਾਈਆਂ ਤੇ ਸੁੱਖ-ਸਹੂਲਤਾਂ ਨੂੰ ਲੱਤ ਮਾਰ ਕੇ ਆਜ਼ਾਦੀ ਦੀ ਜੰਗ ਵਿੱਚ ਆ ਕੇ ਕੁੱਦੇ ਸਨ, ਪਰ ਦਰਸ਼ਨ ਸਿੰਘ ਪਹਿਲੇ ਕੈਨੇਡੀਅਨ ਸਨ, ਜੋ ਭਾਰਤ ਨੂੰ ਮਿਲੀ ਆਜ਼ਾਦੀ ਨੂੰ ਅਧੂਰੀ ਸਮਝਦਿਆਂ ਗ਼ਦਰੀਆਂ ਦੇ ਸੁਪਨਿਆਂ ਵਾਲੇ ਕਿਰਤੀ ਕਿਸਾਨਾਂ ਦੀ ਸਰਦਾਰੀ ਵਾਲੇ ਰਾਜ ਦੀ ਸਥਾਪਨਾ ਲਈ ਸੰਘਰਸ਼ ਕਰਨ ਵਾਸਤੇ ਭਾਰਤ ਪਰਤੇ ਸਨ।ਭਾਰਤ ਪੁੱਜ ਕੇ ਉਹ ਭਾਰਤੀ ਕਮਿਊਨਿਸਟ ਪਾਰਟੀ ਦੀ ਕਲਕੱਤਾ ਕਾਂਗਰਸ ਰਾਹੀਂ ਪਾਰਟੀ ਵਿੱਚ ਸ਼ਾਮਲ ਹੋ ਗਏ। ਕੋਲਕਾਤਾ ਕਾਂਗਰਸ ਤੋਂ ਛੇਤੀ ਹੀ ਬਾਅਦ ਭਾਰਤ ਸਰਕਾਰ ਵੱਲੋਂ ਭਾਰਤੀ ਕਮਿਊਨਿਸਟ ਪਾਰਟੀ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ ਗਿਆ।ਇਸ ਸਮੇਂ ਦੌਰਾਨ ਦਰਸ਼ਨ ਸਿੰਘ ਆਪਣੇ ਬਹੁਤ ਸਾਰੇ ਸਾਥੀਆਂ ਨਾਲ ਗੁਪਤਵਾਸ ਰਹਿ ਕੇ ਪਾਰਟੀ ਲਈ ਕੰਮ ਕਰਦੇ ਰਹੇ ਤੇ ਇਸੇ ਗੁਪਤਵਾਸ ਦੌਰਾਨ ਹੀ ਉਨ੍ਹਾ ਦਾ ਵਿਆਹ ਜਲੰਧਰ ਜ਼ਿਲ੍ਹੇ ਦੇ ਪਿੰਡ ਜੰਡਿਆਲਾ ਦੇ ਗ਼ਦਰੀ ਬਾਬਾ ਲਾਲ ਸਿੰਘ ਦੀ ਪੋਤੀ ਹਰਬੰਸ ਕੌਰ ਨਾਲ ਹੋਇਆ ।1951 ਵਿੱਚ ਸਾਥੀ ਕੈਨੇਡੀਅਨ ਨੇ ਜ਼ਿਲ੍ਹਾ ਜਲੰਧਰ ਵਿਚ ਕਮਿਊਨਿਸਟ ਪਾਰਟੀ ਦੇ ਸਕੱਤਰ 1963 ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਲਈ ਅਤੇ 1968 ਤੋਂ 1971 ਤੱਕ ਬਤੌਰ ਸੂਬਾ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਲਈ ਕੰਮ ਕਰਦਿਆਂ ਖ਼ਰਾਬ ਸਿਹਤ ਦੇ ਬਾਵਜੂਦ ਦਿਨ-ਰਾਤ ਸੰਘਰਸ਼ ਕੀਤਾ।

1972 ਅਤੇ 1977 ਵਿੱਚ ਉਹ ਦੋ ਵਾਰ ਹਲਕਾ ਗੜ੍ਹਸ਼ੰਕਰ ਤੋਂ ਪੰਜਾਬ ਅਸੈਂਬਲੀ ਲਈ ਐੱਮ ਐੱਲ ਏ ਚੁਣੇ ਗਏ। ਕੰਢੀ ਦੇ ਲੋਕਾਂ ਦੇ ਮਸੀਹੇ ਦੇ ਨਾਂਅ ਨਾਲ ਜਾਣੇ ਜਾਂਦੇ ਕੈਨੇਡੀਅਨ ਨੇ ਕੰਢੀ ਇਲਾਕੇ ਵਿੱਚ ਮੀਲਾਂ ਤੋਂ ਪਾਣੀ ਢੋ ਰਹੇ ਲੋਕਾਂ ਦੇ ਘਰ-ਘਰ ਤੱਕ ਪਾਣੀ ਪਹੁੰਚਾਇਆ। ਅਕਤੂਬਰ ਉੱਨੀ ਸੌ ਪਚਾਸੀ ਵਿਚ ਇਲਾਕਾ ਜੰਡੋਲੀ ਦੇ ਆਸ-ਪਾਸ ਦੇ ਸੋਲਾਂ ਪਿੰਡਾਂ ਨੂੰ ਉਜਾੜ ਕੇ ਮਿਲਟਰੀ ਛਾਉਣੀ ਬਣਨ ਦਾ ਐਲਾਨ ਹੋਇਆ, ਪਰ ਸਾਥੀ ਕੈਨੇਡੀਅਨ ਇਨ੍ਹਾਂ ਪਿੰਡਾਂ ਦਾ ਉਜਾੜਾ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਉਨ੍ਹਾ ਦੇ ਸੀਨੇ ਵਿੱਚ ਲਾਟ ਫਿਰ ਗਈ, ਕਿਉਂਕਿ ਘੁੱਗ ਵਸਦੇ ਪਿੰਡਾਂ ਦਾ ਉਜਾੜਾ ਹੋਣ ਵਾਲਾ ਸੀ।ਜਿਉਂ ਹੀ ਇਨ੍ਹਾਂ ਪਿੰਡਾਂ ਦੇ ਨਿਵਾਸੀਆਂ ਨੂੰ ਉਜਾੜੇ ਦੇ ਨੋਟਿਸ ਮਿਲੇ ਤਾਂ ਪਿੰਡਾਂ ਵਿੱਚ ਹਾਹਾਕਾਰ ਮਚ ਗਈ।ਛਾਉਣੀ ਨਾ ਬਣਨ ਦੇਣ ਲਈ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦੀ ਅਗਵਾਈ ਵਿੱਚ ਚੱਲੇ ਸੰਘਰਸ਼ ਵਿੱਚ ਤਕਰੀਬਨ ਪੰਜਾਹ ਪਿੰਡਾਂ ਦਾ ਬੱਚਾ-ਬੱਚਾ ਸੰਘਰਸ਼ ਲਈ ਅੱਗੇ ਆਇਆ। ਇਲਾਕੇ ਦੀਆਂ ਪੰਜਾਹ ਪੰਚਾਇਤਾਂ ਨੇ ਸਰਬਸੰਮਤੀ ਨਾਲ ਮਤੇ ਪਾਸ ਕਰਕੇ ਛਾਉਣੀ ਨਾ ਬਣਨ ਦੇਣ ਦੇ ਘੋਲ ਨੂੰ ਜਿੱਤ ਵਿੱਚ ਤਬਦੀਲ ਕਰ ਦਿੱਤਾ।

ਪਿੰਡ ਲੰਗੇਰੀ ਵਾਸੀਆਂ ਲਈ 1980 ਵਿੱਚ ਭਾਈ ਪਿਆਰਾ ਸਿੰਘ ਦੀ ਯਾਦ ਵਿਚ ਸਰਕਾਰੀ ਡਿਸਪੈਂਸਰੀ, 1982 ਵਿੱਚ ਇਕੱਲੇ ਲੰਗੇਰੀ ਪਿੰਡ ਲਈ ਵਾਟਰ ਸਪਲਾਈ ਸਕੀਮ , ਪੱਕੀ ਸੜਕ ਅਤੇ 1983 ਵਿਚ ਲੰਗੇਰੀ ਨਾਲ ਲੱਗਦੇ ਚੋਅ ਉੱਪਰ ਪੁਲ ਬਣਾਉਣ ਤੋਂ ਇਲਾਵਾ ਸਰਕਾਰੀ ਟਿਊਬਵੈੱਲ ਲਗਵਾ ਕੇ ਲੰਗੇਰੀ ਪਿੰਡ ਦੇ ਦੇਸ਼ ਭਗਤਾਂ, ਗਦਰੀਆਂ ਸੂਰਬੀਰਾਂ ਅਤੇ ਯੋਧਿਆਂ ਦੀ ਯਾਦ ਨੂੰ ਸਮਰਪਣ ਕੀਤਾ।

1976 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦੇਸ਼ ਅੰਦਰ ਐਮਰਜੈਂਸੀ ਲਗਾਉਣ ਨਾਲ ਹਾਲਾਤ ਖ਼ਰਾਬ ਹੋ ਗਏ। ਦਿੱਲੀ ਅਤੇ ਪੰਜਾਬ ਦੇ ਮੌਕਾਪ੍ਰਸਤ ਸਿਆਸਤਦਾਨਾਂ ਨੇ ਆਪਣੀ ਕੁਰਸੀ ਬਚਾਉਣ ਖ਼ਾਤਰ ਧਰਮ ਦਾ ਪੱਤਾ ਖੇਡਿਆ।1984 ਵਿੱਚ ਕੇਂਦਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਉੱਤੇ ਹਮਲੇ ਦੀ ਘਿਨਾਉਣੀ ਘਟਨਾ ਵਾਪਰੀ, ਜਿਸ ਨਾਲ ਪੰਜਾਬ ਵਸਦੇ ਸਿੱਖਾਂ ਸਮੇਤ ਸੰਸਾਰ ਭਰ ਵਿੱਚ ਵੱਸਦੇ ਸਮੂਹ ਪੰਜਾਬੀਆਂ ਦੇ ਹਿਰਦੇ ਵਲੂੰਧਰੇ ਗਏ।ਪੰਜਾਬ ਅੰਦਰ ਕਾਲਾ ਦੌਰ ਸ਼ੁਰੂ ਹੋਇਆ ਅਤੇ ਵੱਖਵਾਦੀ ਲਹਿਰ ਜ਼ੋਰ ਫੜ ਗਈ।ਦਰਸ਼ਨ ਸਿੰਘ ਕੈਨੇਡੀਅਨ ਹਿੰਦੂ-ਸਿੱਖ ਏਕਤਾ ਦੇ ਝੰਡ ਬਰਦਾਰ ਬਣ ਮਾਝੇ ਦੀ ਧਰਤੀ ਤੋਂ ਸ਼ੁਰੂ ਹੋ ਕੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅੰਦਰ ਹਿੰਦੂ-ਸਿੱਖ ਏਕਤਾ ਦੇ ਹੱਕ ਵਿੱਚ ਜਲਸੇ ਕਰਨ ਲੱਗੇ, ਜੋ ਕਿ ਵੱਖਵਾਦੀ ਤਾਕਤਾਂ ਨੂੰ ਮਨਜ਼ੂਰ ਨਾ ਹੋਏ।ਸਿੱਟੇ ਵਜੋਂ ਜ਼ਿੰਦਗੀ ਭਰ ਲੋਕ ਹਿੱਤਾਂ ਦੀ ਲੜਾਈ ਲੜਦਿਆਂ ਅਖੀਰ ਉਹ ਮਹਾਨ ਇਨਕਲਾਬੀ ਸੂਰਬੀਰ ਯੋਧਾ 25 ਸਤੰਬਰ 1986 ਨੂੰ ਲੰਗੇਰੀ ਪਿੰਡ ਦੀ ਜੂਹ ਵਿੱਚ ਹੀ ਵੱਖਵਾਦੀ ਤਾਕਤਾਂ ਹੱਥੋਂ ਸ਼ਹਾਦਤ ਦਾ ਜਾਮ ਪੀ ਗਿਆ।

ਅੱਜ ਸਾਥੀ ਕੈਨੇਡੀਅਨ ਸਰੀਰਕ ਰੂਪ ਵਿੱਚ ਭਾਵੇਂ ਸਾਡੇ ਵਿਚਕਾਰ ਨਹੀਂ, ਪਰ ਉਨ੍ਹਾ ਦੀ ਸੋਚ ਨੂੰ ਕਦੇ ਕਤਲ ਨਹੀਂ ਕੀਤਾ ਜਾ ਸਕਦਾ । ਉਹ ਮਜ਼ਦੂਰਾਂ, ਕਿਸਾਨਾਂ, ਔਰਤਾਂ, ਸਨਅਤੀ ਕਾਮਿਆਂ ਅਤੇ ਵਿਦਿਆਰਥੀ ਸੰਘਰਸ਼ਾਂ ਦੇ ਰੂਪ ਵਿੱਚ ਹਮੇਸ਼ਾ ਸਾਡੇ ਅੰਗ-ਸੰਗ ਰਹਿਣਗੇ।ਉਨ੍ਹਾ ਵੱਲੋਂ ਕੈਨੇਡਾ ਅਤੇ ਭਾਰਤ ਅੰਦਰ ਲੜੇ ਗਏ ਸੰਘਰਸ਼ ਦੀ ਰੌਸ਼ਨੀ ਅੱਜ ਵੀ ਕੈਨੇਡਾ ਅੰਦਰ ਚੱਲ ਰਹੇ ਪ੍ਰਵਾਸੀਆਂ ਅਤੇ ਵਿਦਿਆਰਥੀਆਂ ਦੇ ਸੰਘਰਸ਼ਾਂ ਦੇ ਰਾਹਾਂ ਨੂੰ ਰੌਸ਼ਨ ਕਰਦੀ ਰਹੇਗੀ।

**# ਸੰਪਰਕ : 94632-60181**

# ਜਦ ਗਰੀਬ ਕਿਸਾਨ ਨੂੰ ਉਸ ਦੇ ਅੱਠ ਰੁਪਏ ਮਿਲਣ ਦੀ ਖ਼ੁਸ਼ੀ ਹੋਈ

**ਗੁਰਮੀਤ ਸਿੰਘ ਵੇਰਕਾ**

ਮੈਂ ਉਸ ਸਮੇਂ ਦੀ ਗੱਲ ਕਰ ਰਿਹਾ ਹਾਂ, ਜਦੋਂ ਹਿੰਦ-ਪਾਕਿ ਦੀ ਲੜਾਈ ਸੰਨ 1965 'ਚ ਲੱਗੀ ਸੀ ।ਮੈਂ ਉਦੋਂ ਦੂਸਰੀ ਕਲਾਸ 'ਚ ਪੜ੍ਹਦਾ ਸੀ ।ਉਸ ਸਮੇਂ ਟੈਂਕਾਂ 'ਤੇ ਤੋਪਾਂ ਚੱਲ ਰਹੀਆਂ ਸਨ ਤੇ ਬੰਬਾਂ ਨਾਲ ਬੰਬਾਰਮੈਂਟ ਹੋ ਰਹੀ ਸੀ।ਅਸੀਂ ਛੋਟੇ ਹੋਣ ਕਾਰਨ ਸਮਝ ਨਹੀਂ ਪਾ ਰਹੇ ਸੀ ਕਿ ਇਹ ਕੀ ਹੋ ਰਿਹਾ ਹੈ।ਸਾਡੇ ਸਕੂਲ ਦੀ ਗਰਾਊਂਡ ਦੇ ਬਾਹਰ ਮੋਰਚੇ ਪੁੱਟੇ ਹੋਏ ਸਨ।ਮਾਸਟਰ ਜੀ ਨੇ ਸਾਨੂੰ ਸਾਰੇ ਬੱਚਿਆਂ ਨੂੰ ਇਕੱਠਿਆਂ ਕਰਕੇ ਦੱਸਿਆ ਕਿ ਹਿੰਦ-ਪਾਕਿ ਦੀ ਲੜਾਈ ਲੱਗੀ ਹੈ।ਜਦੋਂ ਘੰਟੀ ਵੱਜੇਗੀ, ਉਸ ਸਮੇਂ ਤੁਸੀਂ ਕੰਨਾਂ ਵਿੱਚ ਰੂੰ ਪਾ ਕੇ ਮੋਰਚੇ ਵਿੱਚ ਵੜ ਜਾਣਾ ਹੈ ਤੇ ਮੂਧੇ ਭਰਨੇ ਲੇਟ ਜਾਣਾ ਹੈ ਤਾਂ ਜੋ ਦੁਸ਼ਮਣ ਦੇ ਹਮਲੇ ਤੋਂ ਬਚਿਆ ਜਾ ਸਕੇ।ਜਦੋਂ ਦੁਬਾਰਾ ਫਿਰ ਘੰਟੀ ਵੱਜੇ, ਕਲਾਸਾਂ 'ਚ ਆ ਜਾਣਾ ਹੈ।

ਜਿਸ ਦਿਨ ਯੰਗਬੰਦੀ ਹੋਈ, ਅਸੀਂ ਸਾਰਾ ਟੱਬਰ ਕੋਠੇ 'ਤੇ ਪਰਾਲ਼ੀ ਵਿਛਾ ਕੇ ਬੈਠੇ ਰਹੇ ਤੇ ਸਾਰੀ ਰਾਤ ਡਰ ਤੇ ਖ਼ੌਫ਼ 'ਚ ਕੱਢੀ। ਸਵੇਰੇ ਪਤਾ ਲੱਗਾ ਹਿੰਦ ਦੀ ਪਾਕਿ 'ਤੇ ਜਿੱਤ ਹੋ ਗਈ ਹੈ ।ਮੈਂ ਸਾਜਰੇ ਛੱਪੜ ਕੰਢੇ ਜੰਗਲ-ਪਾਣੀ ਕਰਨ ਚਲਾ ਗਿਆ ਤੇ ਛੱਪੜ ਕੰਢੇ ਤੋਂ ਮੈਨੂੰ ਇੱਕ-ਇੱਕ ਰੁਪਏ ਦੇ ਅੱਠ ਨੋਟ ਖੜਕਦੇ ਹੋਏ ਲੱਭੇ, ਜੋ ਮੈਂ ਇਕੱਠੇ ਕਰ ਆਪਣੀ ਟੈਰਾਲੀਨ ਦੀ ਕਮੀਜ਼ ਦੇ ਬੋਝੇ ਚ ਪਾ ਲਏ ਤੇ ਘਰ ਆ ਕੇ ਆਪਣੇ ਭਾਪਾ ਜੀ ਨੂੰ ਫੜਾ ਦਿੱਤੇ ਕਿ ਮੈਨੂੰ ਛੱਪੜ ਕੰਢੇ ਤੋਂ ਇਹ ਨੋਟ ਮਿਲੇ ਹਨ ।ਮੇਰੇ ਭਾਪਾ ਜੀ ਜੋ ਹਿੱਕਮਤ ਦਾ ਕੰਮ ਕਰਦੇ ਸੀ, ਨੂੰ ਸਮਝਣ ਵਿੱਚ ਜ਼ਰਾ ਵੀ ਦੇਰੀ ਨਹੀਂ ਲੱਗੀ ਕਿ ਜਿਸ ਦੇ ਵੀ ਪੈਸੇ ਗੁਆਚੇ ਹਨ, ਉਹ ਜ਼ਰੂਰ ਇਨ੍ਹਾਂ ਦੀ ਭਾਲ ਕਰ ਰਿਹਾ ਹੋਵੇਗਾ ।ਮੇਰੇ ਭਾਪਾ ਜੀ ਬਾਹਰ ਥੜ੍ਹੇ 'ਤੇ ਬੈਠ ਗਏ, ਜਿੱਥੋਂ ਲੋਕਾਂ ਦਾ ਅਕਸਰ ਆਉਣਾ-ਜਾਣਾ ਰਹਿੰਦਾ ਸੀ । ਸਾਡੇ ਪਿੰਡ ਦਾ ਚੈਂਚਲ ਸਿੰਘ ਜੋ ਝੋਨੇ ਦੀ ਜਿਨਸ ਵੇਚ ਮੰਡੀ ਵਿੱਚੋਂ ਆਇਆ ਸੀ, ਉਸ ਦੇ ਅੱਠ ਰੁਪਏ ਛੱਪੜ ਕੰਢੇ ਜੰਗਲ-ਪਾਣੀ ਕਰਦੇ ਸਮੇਂ ਡਿੱਗ ਪਏ ਸਨ। ਥੜ੍ਹੇ ਦੇ ਆਲੇ-ਦੁਆਲੇ ਗੇੜੇ ਲਾ ਰਿਹਾ ਸੀ ਤੇ ਘਬਰਾਇਆ ਹੋਇਆ ਸੀ । ਮੇਰੇ ਭਾਪਾ ਜੀ ਨੂੰ ਸਮਝਣ ਵਿੱਚ ਜ਼ਰਾ ਵੀ ਦੇਰ ਨਾ ਲੱਗੀ ਕਿ ਇਹ ਪੈਸੇ ਚੈਂਚਲ ਸਿੰਘ ਦੇ ਹੀ ਹਨ ।ਭਾਪਾ ਜੀ ਨੇ ਚੈਂਚਲ ਸਿੰਘ ਨੂੰ ਅਵਾਜ਼ ਮਾਰ ਕੇ ਪੁੱਛਿਆ ਚੈਂਚਲ ਸਿੰਆਂ ਕਿਉਂ ਘਬਰਾਇਆ ਹੈਂ ।ਬਾਬਾ ਜੀ ਮੇਰੇ ਅੱਠ ਰੁਪਏ ਡਿੱਗ ਪਏ ਹਨ, ਘਰ ਵਾਲੀ ਨੇ ਦਰਵਾਜ਼ਾ ਬੰਦ ਕਰ ਦਿੱਤਾ ਹੈ ਕਿ ਰੁਪਏ ਲੈ ਕੇ ਆਵੇਗਾ, ਫਿਰ ਦਰਵਾਜ਼ਾ ਖੋਲ੍ਹਾਂਗੀ ।ਮੇਰੇ ਭਾਪਾ ਜੀ ਨੇ ਚੈਂਚਲ ਸਿੰਘ ਨੂੰ ਕਿਹਾ, ਘਬਰਾਅ ਨਾ, ਮੇਰੇ ਮੁੰਡੇ ਨੂੰ ਪੈਸੇ ਮਿਲੇ ਹਨ ।ਮੇਰੇ ਭਾਪਾ ਜੀ ਨੇ ਉਸ ਨੂੰ ਅੱਠ ਰੁਪਏ ਦੇ ਦਿੱਤੇ, ਜਿਸ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ।ਹਿੰਦ ਦੀ ਪਾਕਿ 'ਤੇ ਜਿੱਤ ਦੀ ਖ਼ੁਸ਼ੀ ਤਾਂ ਸੀ, ਉਸ ਤੋਂ ਵੱਧ ਖ਼ੁਸ਼ੀ ਚੈਂਚਲ ਸਿੰਘ ਕਿਸਾਨ ਨੂੰ ਅੱਠ ਰੁਪਏ ਮਿਲਣ ਦੀ ਹੋਈ ਸੀ ।

ਇਸੇ ਸਮੇਂ ਦੌਰਾਨ ਹੀ ਸਾਡੇ ਪਿੰਡ ਦਾ ਮੁੰਡਾ ਇਸ ਜੰਗ ਵਿੱਚ ਸ਼ਹੀਦ ਹੋਇਆ ਸੀ।ਜਿਸ ਦੀ ਲੋਥ ਘਰ ਲਿਆਂਦੀ ਗਈ।ਸਾਰਾ ਪਿੰਡ ਇਕੱਠਾ ਹੋਇਆ ਸੀ।ਸ਼ਹੀਦ ਦੀ ਮਾਂ ਰੋਂਦੀ ਹੋਈ ਦੇਖੀ ਨਹੀਂ ਸੀ ਜਾ ਰਹੀ।ਸਾਰਾ ਪਿੰਡ ਅੱਥਰੂ ਵਹਾ ਰਿਹਾ ਸੀ।

ਅੱਜ ਤੋਂ 59 ਸਾਲ ਪਹਿਲਾਂ ਪਾਕਿ ਨੇ 1965 'ਚ ਜੰਗਬੰਦੀ ਦੇ 12 ਘੰਟੇ ਬਾਅਦ ਛੇਹਰਟਾ ਦੇ ਪ੍ਰਤਾਪ ਬਜ਼ਾਰ 'ਚ ਕੀਤਾ ਸੀ ਜ਼ਬਰਦਸਤ ਧਮਾਕਾ, ਜਿਸ ਵਿੱਚ 52 ਲੋਕ ਮਾਰੇ ਗਏ, ਜਿਨ੍ਹਾਂ ਵਿੱਚ ਚਾਰ ਬੱਚੇ ਤੇ ਸੱਤ ਔਰਤਾਂ ਸ਼ਾਮਲ ਸਨ।100 ਘਰ ਨੁਕਸਾਨੇ ਗਏ, ਜਿਨ੍ਹਾਂ ਵਿੱਚੋਂ 77 ਪੂਰੀ ਤਰ੍ਹਾਂ ਜ਼ਮੀਨਦੋਜ਼ ਹੋ ਗਏ ।ਪਾਕਿਸਤਾਨ ਨੂੰ 22 ਸਤੰਬਰ ਦਾ ਉਹ ਕਾਲਾ ਦਿਨ ਯਾਦ ਰੱਖਣਾ ਚਾਹੀਦਾ ਹੈ ।ਜੰਗਬੰਦੀ ਤੋਂ ਬਾਰਾਂ ਘੰਟਿਆਂ ਬਾਅਦ ਜਦੋਂ ਛੇਹਰਟਾ 'ਤੇ ਬੰਬਾਰਮੈਂਟ ਕਰ ਤਬਾਹੀ ਮਚਾਈ ਸੀ।ਜ਼ਿਲ੍ਹਾ ਪ੍ਰਸ਼ਾਸਨ ਨੂੰ ਜੋ ਉਸ ਵੇਲੇ ਸ਼ਹੀਦਾਂ ਦੀ ਯਾਦਗਾਰ ਵਿੱਚ ਛੇਹਰਟਾ ਵਿਖੇ ਕਮਿਊਨਿਟੀ ਹਾਲ ਬਣਾਇਆ ਗਿਆ ਸੀ, ਦੀ ਖਸਤਾ ਹਾਲਤ ਹੈ, ਨੂੰ ਖੋਲ੍ਹ ਮੁਰੰਮਤ ਕਰ ਉਸ ਦੀ ਸਫਾਈ ਕਰਵਾ ਲੋਕਾਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਖੋਲ੍ਹ ਦੇਣਾ ਚਾਹੀਦਾ ਹੈ ।ਜੰਗ ਕੀ ਹੁੰਦੀ ਹੈ, ਉਹ ਹੀ ਲੋਕ ਸਮਝ ਸਕਦੇ ਹਨ, ਜਿਨ੍ਹਾਂ ਨੇ ਇਹ ਪੀੜਾ ਆਪਣੇ ਪਿੰਡੇ 'ਤੇ ਹੰਢਾਈ ਹੈ ।ਬਾਰਡਰ 'ਤੇ ਬੈਠੇ ਲੋਕ ਕਦੀ ਵੀ ਲੜਾਈ ਨਹੀਂ ਚਾਹੁੰਦੇ ।ਪੰਜਾਬ ਨੇ ਪਹਿਲਾਂ ਹਿੰਦ-ਪਾਕਿ ਦੀ ਵੰਡ, ਚੀਨ ਤੇ ਪਾਕਿ ਨਾਲ ਜੰਗ ਤੇ ਫਿਰ ਅੱਤਵਾਦ ਦਾ ਕਾਲਾ ਸੰਤਾਪ ਹੰਢਾਇਆ ।ਆਉਣ ਵਾਲੀਆਂ ਪੀੜ੍ਹੀਆਂ ਇਸ ਤੋਂ ਸਬਕ ਸਿੱਖਣ, ਤਾਂ ਜੋ ਇਹ ਇਤਿਹਾਸ ਦੁਬਾਰਾ ਨਾ ਦੁਹਰਾਇਆ ਜਾਵੇ ।ਸਾਡੇ ਗੁਰੂਆਂ ਨੇ ਸਮੁੱਚੀ ਕੌਮ ਤੇ ਸਮਾਜ ਨੂੰ ਫਿਰਕੂ ਭਾਵਨਾ ਤੋਂ ਉਪਰ ਉਠ ਕੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ ਹੈ ਤੇ ਰੋਜ਼ਾਨਾ ਹੀ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ।ਸਾਨੂੰ ਫਿਰਕੂ ਭਾਵਨਾ ਤੋਂ ਉਪਰ ਉਠ ਕੇ ਅਮਨ-ਸ਼ਾਂਤੀ ਬਹਾਲ ਕਰਨੀ ਚਾਹੀਦੀ ਹੈ।ਪਾਕਿ ਅਜੇ ਵੀ ਬਾਰਡਰ 'ਤੇ ਅੱਤਵਾਦੀ ਗਤੀਵਿਧੀਆਂ ਚਲਾ ਰਿਹਾ ਹੈ । ਉਸ ਨੂੰ ਇਨ੍ਹਾਂ ਲੜਾਈਆਂ ਤੋਂ ਸਬਕ ਲੈ ਬਾਜ਼ ਆਉਣਾ ਚਾਹੀਦਾ ਹੈ।

**# ਸੰਪਰਕ : 98786-00221**

# ਕੀ ਔਰਤਾਂ ਦਾ ਸਸ਼ਕਤੀਕਰਨ ਕੇਵਲ ਸਿਲਾਈ ਮਸ਼ੀਨਾਂ ਤੱਕ ਹੀ ਹੈ

ਸਮਾਜ ਵਿੱਚ ਬੱਚੀਆਂ ਨਾਲ ਅਣ-ਮਨੁੱਖੀ,ਪਸ਼ੂ ਪ੍ਰਵਿਰਤੀ ਵਾਲੀਆਂ ਘਟਨਾਵਾਂ ਦਾ ਵਾਪਰਨਾ ਸਾਨੂੰ ਸ਼ਰਮ-ਸਾਰ ਕਰਦਾ ਹੈ । ਅਸਲ ਵਿੱਚ ਅਸੀ ਬਾਹਰੀ ਸੁੰਦਰਤਾ ਵੱਲ ਵੱਧ ਧਿਆਨ ਦਿੱਤਾ, ਵਿਅਕਤੀ ਦੀ ਸੁੰਦਰਤਾ ਲਈ ਬਿਊਟੀ ਪਾਰਲਰ ਅਤੇ ਹੋਰ ਕੰਮ ਕੀਤੇ, ਪਰ ਮਨ ਦੀ ਸਾਫ ਸਫਾਈ ਭਾਵ ਮਾਨਸਿਕ ਹਾਈਜੈਨ ਮਾਨਸਿਕ ਸਵੱਛਤਾ ਬਾਰੇ ਕਦੇ ਵਿਚਾਰ ਹੀ ਨਹੀਂ ਕੀਤਾ।

ਦੇਸ਼ ਦੀ ਅਜ਼ਾਦੀ ਦੇ 78 ਸਾਲ ਬਾਅਦ ਵੀ ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਲਾਲ ਕਿਲ੍ਹੇ ਦੀ ਫਸੀਲ ਤੋਂ ਆਪਣੇ ਸੰਬੋਧਨ ਵਿੱਚ ਔਰਤਾਂ ਦੀ ਸੁਰੱਖਿਆ ਦੀ ਗੱਲ ਕੀਤੀ ਜਾਂਦੀ ਤਾਂ ਅਸੀਂ ਦੇਖ ਸਕਦੇ ਹਾਂ ਕਿ 78 ਸਾਲ ਵਿੱਚ ਅਸੀ ਔਰਤ ਨੂੰ ਸੁਰੱਖਿਅਤ ਨਹੀ ਕਰ ਸਕੇ। ਔਰਤਾਂ ਨੇ ਆਪਣੀ ਯੋਗਤਾ ਅਤੇ ਕਾਬਲੀਅਤ ਨਾਲ ਸਮਾਜ ਨੂੰ ਇੱਕ ਨਵੀ ਦਿਸ਼ਾ ਦਿੱਤੀ ਹੈ। ਚੁਣੌਤੀਆਂ ਵਾਲੇ ਖੇਤਰਾਂ ਵਿੱਚ ਜਿਵੇਂ ਪੁਲਾੜ ਵਿੱਚ ਜਾ ਕੇ ਔਰਤ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਦੀ ਹੈ, ਪਰ ਧਰਤੀ 'ਤੇ ਸੁਰੱਖਿਆ ਲਈ ਉਸ ਨੂੰ ਅਜੇ ਵੀ ਸਰਕਾਰਾਂ ਵੱਲ ਦੇਖਣਾ ਪੈਂਦਾ ਹੈ। ਸਾਡਾ ਔਰਤ ਸਸ਼ਕਤੀਕਰਨ ਤਾਂ ਅਜੇ ਵੀ ਲੜਕੀਆਂ ਨੂੰ ਮੁਫਤ ਸੈਨਟਰੀ ਪੈਡ ਦੇਣ, ਮਾਸਿਕ ਧਰਮ ਸਮੇਂ ਛੁੱਟੀਆਂ ਵਧਾਉਣ 'ਤੇ ਕੇਂਦਰਤ ਹੈ, ਪਰ ਅੱਜ ਜਦੋਂ ਅਸੀਂ ਆਪਣੀ ਵਾਹ-ਵਾਹ ਲਈ ਔਰਤ ਦਿਵਸ 'ਤੇ ਨਾਟਕ ਰਾਹੀਂ ਦਰਸਾਉਣਾ ਚਾਹੁੰਦੇ ਹਾਂ ਕਿ ਸਾਡੀਆਂ ਔਰਤਾਂ ਰਾਤ ਨੂੰ ਘਰ ਤੋਂ ਬਾਹਰ ਜਾ ਸਕਦੀਆਂ, ਪਰ ਉਹ ਨਾਟਕ ਸਾਨੂੰ ਸ਼ਾਮ ਸਮੇਂ ਹੀ ਦਿਖਾਉਣਾ ਪੈਂਦਾ ਕਿ ਰਾਤ ਨੂੰ ਔਰਤਾਂ ਲਈ ਹਲਾਤ ਠੀਕ ਨਹੀਂ, ਇਸ ਦਾ ਭਾਵ ਸਾਡੀ ਕਹਿਣੀ, ਕਥਨੀ, ਸੋਚਣੀ ਵਿੱਚ ਬਹੁਤ ਵੱਡਾ ਅੰਤਰ ਹੈ।

ਜਿਵੇਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ 2014 ਵਿੱਚ ਸਵੱਛਤਾ ਮੁਹਿੰਮ ਸ਼ੁਰੂ ਕੀਤੀ ਗਈ ਸੀ, ਉਸੇ ਤਰਾਂ ਅਜਿਹੀ ਮਾਨਸਕਿ ਸਵੱਛਤਾ ਮੁਹਿੰਮ ਚਲਾਉਣ ਲਈ ਵਿਸ਼ੇਸ ਮੁਹਿੰਮ ਸ਼ੁਰੂ ਕਰਨ ਦੀ ਜ਼ਰੂਰਤ ਹੈ।

ਕਿਸੇ ਵਿਅਕਤੀ ਦੇ ਅੰਦਰ ਅਜਿਹਾ ਵੀ ਹੋ ਸਕਦਾ ਕਿ ਤੁਹਾਨੂੰ ਸੀਵਰੇਜ ਦਾ ਪਾਣੀ ਜਾਂ ਹੋਰ ਕੋਈ ਰਹਿੰਦ ਖੂੰਹਦ ਉਸ ਦੇ ਮੁਕਾਬਲੇ ਚੰਗੀ ਲੱਗਣ ਲੱਗਦੀ। ਇਹਨਾਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਾ ਸ਼ਖਸ ਕੇਵਲ ਮਾਨਸਕ ਬਿਮਾਰ ਹੀ ਨਹੀਂ, ਬਲਕਿ ਉਸ ਅੰਦਰ ਮਨ ਦੀ ਲੰਮੇ ਸਮੇਂ ਤੋਂ ਸਫਾਈ ਨਾ ਕਰਨ ਕਾਰਨ ਉਸ ਦਾ ਅੰਦਰ ਸੀਵਰੇਜ ਦੇ ਗੰਧਲੇ ਪਾਣੀ ਵਾਂਗ ਮੁਸ਼ਕ ਮਾਰ ਰਿਹਾ ਹੈ। ਅਜਿਹੇ ਵਿਅਕਤੀ ਦਾ ਜੇ ਸਮੇਂ ਸਿਰ ਸਮਾਜ ਵੱਲੋਂ ਇਲਾਜ ਨਾ ਕਰਵਾਇਆ ਜਾਵੇ ਤਾਂ ਉਹ ਕਿਤੇ ਵੀ ਅਜਿਹਾ ਕਾਰਾ ਕਰ ਸਕਦਾ ਹੈ।



ਡਾ. ਸੰਦੀਪ ਘੰਡ

ਕੁੜੀਆਂ ਦੀ ਪਵਿੱਤਰਤਾ ਅਤੇ ਜੀਵਨ ਨਾਲ ਖਿਲਵਾੜ ਕੀਤੇ ਗਏ। ਇਸ ਤਰ੍ਹਾਂ ਦੇ ਜੁਰਮ ਕਰਨ ਵਾਲੇ ਆਮ ਤੌਰ 'ਤੇ ਮਾਨਸਕ ਤੌਰ 'ਤੇ ਤੰਦਰੁਸਤ ਨਹੀ ਹੁੰਦੇ। ਉਹਨਾਂ ਦੇ ਵਿਚਾਰਾਂ ਵਿੱਚ ਇਕ ਵਿਸ਼ਾਲ ਖਾਲੀਪਨ ਹੁੰਦਾ ਹੈ, ਜੋ ਉਹਨਾਂ ਨੂੰ ਏਨਾ ਨੀਚ ਕੰਮਾਂ ਵਿੱਚ ਪ੍ਰੇਰਿਤ ਕਰਦਾ, ਕਈ ਵਾਰ ਇਹ ਮਾਨਸਕ ਅਸਤੁੰਲਨ ਬਚਪਨ ਵਿੱਚ ਪ੍ਰਾਪਤ ਹਿੰਸਕ ਸੰਸਕਾਰਾਂ, ਗਲਤ ਸੰਗਤ ਜਾਂ ਸਮਾਜਿਕ ਦਬਾਅ ਕਾਰਨ ਉਤਪੰਨ ਹੁੰਦੇ ਹਨ, ਜਿਵੇਂ ਇੱਕ ਨਾਬਾਲਗ ਵੱਲੋਂ ਪੋਨੋਗ੍ਰਾਫੀ ਜਾਂ ਹਿੰਸਕ ਗਤੀਵਿਧੀਆਂ ਨਾਲ ਸਬੰਧਤ ਸੀਰੀਅਲ ਜਾਂ ਕਰਾਈਮ ਨਾਲ ਸੰਬੰਧਤ ਗਤੀਵਿਧੀਆਂ, ਟੀ ਵੀ 'ਤੇ ਦੇਖਣਾ ਜਾਂ ਉਸ ਸਬੰਧੀ ਲਿਟਰੇਚਰ ਪੜ੍ਹਨਾ। ਜੇਕਰ ਸਮੇਂ 'ਤੇ ਉਸ ਨੂੰ ਚਰਿੱਤਰ ਨਿਰਮਾਣ, ਸ਼ਖਸੀਅਤ ਉਸਾਰੀ ਦੀ ਸਿਖਲਾਈ ਮਿਲ ਗਈ ਜਾਂ ਚੰਗੀਆਂ ਕਦਰਾਂ-ਕੀਮਤਾਂ ਵਾਲੇ ਵਿਅਕਤੀ ਨਾਲ ਸੰਪਰਕ ਹੋ ਗਿਆ ਤਾਂ ਇਸ ਨਾਲ ਉਸ ਦੇ ਮਨ ਦੀ ਸਫਾਈ ਜਿਸ ਨੂੰ ਮਾਨਸਕ ਹਾਈਜੈਨ ਕਿਹਾ ਜਾਂਦਾ, ਉਹ ਮਿਲ ਜਾਂਦੀ, ਪਰ ਜੇਕਰ ਇਹ ਸਾਰੀਆਂ ਗੱਲਾਂ ਮਨ ਵਿੱਚ ਰਹਿੰਦੀਆਂ ਤਾਂ ਉਹ ਕਦੇ ਵੀ ਭਿਆਨਕ ਰੂਪ ਧਾਰਨ ਕਰ ਸਕਦੀਆਂ ਹਨ।

ਅਜਿਹੀਆਂ ਘਟਨਾਵਾਂ ਅੱਜ ਸਮਾਜ ਵਿੱਚ ਆਮ ਹੋ ਗਈਆਂ, ਜਿਨ੍ਹਾਂ ਨੂੰ ਅਸੀਂ ਆਮ ਘਟਨਾਵਾਂ ਨਹੀਂ, ਬਲਕਿ ਉਪਰੋਕਤ ਸੋਚ ਵਾਲੇ ਵਿਅਕਤੀ ਵੱਲੋਂ ਬਰਬਰਤਾ ਨਾਲ ਕੀਤੀ ਘਟਨਾ ਕਹਿ ਸਕਦੇ ਹਾਂ।

ਮਾਨਸਕ ਸਫਾਈ ਅਤੇ ਦਿਮਾਗੀ ਬਿਮਾਰੀਆਂ ਉਹ ਹਨ, ਜਿੰਨਾ 'ਚ ਕਿਸੇ ਵਿਅਕਤੀ ਵਿੱਚ ਸਕਾਰਤਾਮਕ ਸੋਚ ਨਹੀ ਰਹਿੰਦੀ ਅਤੇ ਉਹਨਾਂ ਵਿੱਚ ਇਹ ਆਦਤਾਂ ਦੇਖ ਸਕਦੇ ਹਾਂ:

* ਗੁੱਸਾ, ਮਾਨਸਕ ਸਿਹਤ ਅਤੇ ਸਫਾਈ ਨਾ ਹੋਣ ਕਾਰਨ ਹਮਲਾਵਰ ਵਿਹਾਰ।
* ਬੈਚੇਨੀ ਅਤੇ ਭੁੱਖ ਦਾ ਵਧ ਜਾਂ ਘੱਟ ਹੋਣਾ।
* ਅਨਿਯਮਤ ਨੀਂਦ ਦਾ ਪੈਟਰਨ, ਜਿਵੇਂ ਇਨਸੈਮਨੀਆ ਖਰਾਬ ਨੀਂਦ ਜਾਂ ਜ਼ਿਆਦਾ ਨੀਂਦ।
* ਮਾੜੇ ਆਪਸੀ ਰਿਸ਼ਤੇ, ਚਿੰਤਾ ਅਤੇ ਕੇਵਲ ਚਿੰਤਾ।
* ਆਪਣੇ-ਆਪ ਅਤੇ ਦੂਜਿਆਂ ਪ੍ਰਤੀ ਨਕਾਰਾਤਮਕ ਰਵੱਈਆ।
* ਰਿਸ਼ਤਿਆਂ ਤੋਂ ਮੂੰਹ ਮੋੜਣਾ।
*ਅਨਿਯਮਤ ਅਤੇ ਅਸਧਾਰਣ ਸਰੀਰਕ ਸਥਿਤੀਆਂ, ਜਿਵੇਂ ਬਲੱਡ ਪ੍ਰੈਸ਼ਰ, ਦਿਲ ਦੀ ਧੜਕਣ ।
* ਨਸ਼ੀਲੇ ਪਦਾਰਥਾਂ ਦੀ ਬਹੁਤ ਜ਼ਿਆਦਾ ਵਰਤੋਂ-ਤੰਬਾਕੂ ਦੀ ਵਰਤੋ।

ਇਹ ਕਾਰਨ ਮਾਨਸਕ ਸਿਹਤ ਲਈ ਖਤਰਾ ਪੈਦਾ ਕਰ ਸਕਦੇ ਹਨ। ਇਸ ਨਾਲ ਮਾਨਸਕ ਵਿਕਾਰ ਪੈਦਾ ਹੁੰਦੇ ਹਨ, ਜਿਸ ਲਈ ਮਾਨਸਿਕ ਸਫਾਈ ਸਵੱਛਤਾ ਦੀ ਜ਼ਰੂਰਤ ਹੈ।

ਅਜਿਹੀਆਂ ਬਰਬਰਤਾਂ ਵਾਲੀਆਂ ਕਰਤੂਤਾਂ ਕਰਨ ਵਾਲੇ ਮਾਨਸਿਕ ਰੋਗੀਆਂ, ਜਿਨ੍ਹਾਂ ਨੇ ਮਨ ਦੀ ਸਫਾਈ ਮਾਨਸਿਕ ਹਾਈਜੈਨ ਬਾਰੇ ਕਦੇ ਨਹੀ ਸੋਚਿਆ, ਜਿਸ ਕਾਰਨ ਉਸ ਵਿੱਚ ਸੈਡਿਸਟਿਕ, ਪੈਰਾਫਿਲੀਆਂ, ਬਾਇਪੋਲਰ ਡਿਸਆਰਡਰ ਜਾਂ ਸਿਜ਼ੋਫ੍ਰੇਨੀਆ ਵਰਗੀਆਂ ਅਲਾਮਤਾਂ ਪਾਈਆਂ ਜਾਂਦੀਆਂ ਹਨ। ਇਹਨਾਂ ਦਾ ਸਿੱਧਾ ਸਬੰਧ ਵਿਅਕਤੀ ਦੇ ਵਿਹਾਰ ਨਾਲ ਹੁੰਦਾ ਅਤੇ ਇਹਨਾਂ ਅਲਾਮਤਾਂ ਵਾਲੇ ਮਾਨਸਿਕ ਰੋਗੀ ਨੇ ਕਦੇ ਵੀ ਆਪਣੀ ਮਾਨਸਕ ਬੀਮਾਰੀ ਜਾਂ ਮਾਨਸਕ ਸਾਫ ਸਫਾਈ ਬਾਰੇ ਨਹੀਂ ਸੋਚਿਆ । ਉਸ ਨੂੰ ਵਿਅਕਤੀ ਨੂੰ ਦੁੱਖ ਦੇ ਕੇ ਨਵੇਂ ਤੋਂ ਨਵੇਂ ਅਤੇ ਖਤਰਨਾਕ ਤਰੀਕੇ ਨਾਲ ਤੰਗ ਕਰਕੇ ਖ਼ੁਸ਼ੀ ਮਹਿਸੂਸ ਹੁੰਦੀ ਹੈ। ਸੈਕਸ ਆਨੰਦ ਜਾਂ ਹੋਰ ਕਿਸੇ ਗੱਲ ਨਾਲ ਉਹਨਾਂ ਦਾ ਕੋਈ ਸੰਬੰਧ ਨਹੀ ਹੁੰਦਾ। ਉਹਨਾਂ ਦਾ ਸੰਬੰਧ ਵਿਅਕਤੀਆਂ ਨੂੰ ਦੁੱਖ ਦੇਣਾ ਹੁੰਦਾ ਅਤੇ ਵਿਅਕਤੀ ਨੂੰ ਦੁੱਖੀ ਦੇਖ ਕੇ ਇਹਨਾਂ ਨੂੰ ਖ਼ੁਸ਼ੀ ਮਹਿਸੂਸ ਹੁੰਦੀ ਹੈ। ਇਸ ਲਈ ਮਾਨਸਕ ਸਿਹਤ, ਮਾਨਸਕ ਬਿਮਾਰੀਆਂ ਅਤੇ ਉਸ ਦੇ ਇਲਾਜ ਬਾਰੇ ਵਿਸ਼ੇਸ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ।

ਸਿੱਖਿਆ ਸੰਸਥਾਵਾਂ ਵੀ ਇਸ ਵਿੱਚ ਬਹੁਤ ਵਧੀਆ ਯੋਗਦਾਨ ਪਾ ਸਕਦੀਆ ਹਨ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਨੂੰ ਚਾਹੀਦਾ ਹੈ ਕਿ ਮਾਨਸਕ ਸਿਹਤ ਬਾਰੇ ਸਿੱਖਿਆ ਦੇਣ ਲਈ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕਰਨ। ਇਹਨਾਂ ਸਮਾਗਮਾਂ ਵਿੱਚ ਮਾਨਸਕ ਸਿਹਤ ਸਲਾਹਕਾਰਾਂ ਦੀ ਸ਼ਮੂਲੀਅਤ ਕਰਵਾਉਣੀ ਚਾਹੀਦੀ ਹੈ, ਤਾਂ ਜੋ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਮਦਦ ਮਿਲ ਸਕੇ।

ਜਿਸ ਤਰਾਂ ਅਸੀ ਆਪਣੇ ਸਰੀਰ ਦੀ ਸਫਾਈ ਰੋਜ਼ਾਨਾ ਕਰਦੇ ਹਾਂ, ਦੰਦਾਂ ਦੀ ਸਾਫ ਸਫਾਈ ਰੋਜ਼ਾਨਾ ਕਰਦੇ ਹਾਂ, ਉਸੇ ਤਰ੍ਹਾਂ ਮਨ ਦੀ ਸਫਾਈ ਲਈ ਵੀ ਸਾਨੂੰ ਤਰੱਦਦ ਕਰਨਾ ਚਾਹੀਦਾ, ਜਿਸ ਤਰਾਂ ਅਸੀ ਸਰੀਰ ਦੇ ਇਲਾਜ ਲਈ ਡਾਕਟਰ ਦੀ ਮਦਦ ਲੈਂਦੇ ਹਾਂ, ਉਸੇ ਤਰ੍ਹਾਂ ਮਾਨਸਕ ਹਾਈਜੈਨ ਲਈ ਕਿਸੇ ਪੇਸ਼ਾਵਰ ਵਿਅਕਤੀ ਦੀ ਮਦਦ ਵੀ ਲਈ ਜਾ ਸਕਦੀ ਹੈ। ਅਸੀਂ ਦੇਖਦੇ ਹਾਂ ਸਮਾਜ ਵਿੱਚ ਮਾਨਸਕ ਅਸੰਤੁਲਨ ਵਾਲੇ ਵਿਅਕਤੀ ਨਾਲ ਦੁਰਵਿਹਾਰ ਅਤੇ ਉਸ ਨਾਲ ਇੱਕ ਨਕਾਰਾ ਵਿਅਕਤੀ ਵਾਲਾ ਵਿਹਾਰ ਕੀਤਾ ਜਾਂਦਾ ਹੈ। ਜਿੰਨਾਂ ਅਸੀ ਜਿੰਨਾ ਮਾਨਸਕ ਅਸੰਤੁਲਨ ਵਾਲੇ ਵਿਅਕਤੀ ਨੂੰ ਨਫਰਤ ਕਰਾਂਗੇ, ਓਨੀ ਨਫਰਤ ਉਸ ਵਿੱਚ ਵਧ ਜਾਵੇਗੀ, ਜੋ ਕਦੇ ਵੀ ਭਿਆਨਕ ਰੂਪ ਲੈ ਸਕਦੀ ਹੈ।

ਪਰਵਾਰਕ ਪੱਧਰ 'ਤੇ ਮਾਤਾ-ਪਿਤਾ ਜਾਂ ਪਰਵਾਰ ਦੇ ਹੋਰ ਮੈਂਬਰ ਧਿਆਨ ਨਹੀ ਦਿੰਦੇ ਤਾਂ ਇਸ ਨਾਲ ਪੂਰੇ ਪਰਵਾਰ ਦੀ ਮਾਨਸਕ ਸ਼ਾਂਤੀ ਅਤੇ ਸਮਰਥਾ ਖਤਮ ਹੋ ਜਾਂਦੀ, ਜਿਵੇਂ ਦੇਖਿਆ ਗਿਆ ਕਿ ਇੱਕ ਬੱਚੇ ਦੀ ਮਾਨਸਕ ਸਿਹਤ ਵੱਲ ਮਾਪਿਆਂ ਨੇ ਧਿਆਨ ਨਹੀਂ ਦਿੱਤਾ, ਜਿਸ ਕਾਰਨ ਉਹ ਬੱਚਾ ਮਾਨਸਕ ਤਣਾਅ ਵਿੱਚ ਆ ਗਿਆ, ਜਿਸ ਨਾਲ ਉਸ ਨੇ ਹਿੰਸਕ ਕਾਰਵਾਈ ਕੀਤੀਆਂ, ਜਿਸ ਨਾਲ ਨਾ ਕੇਵਲ ਪਰਵਾਰ ਲਈ ਸਦਮਾ ਸੀ, ਸਗੋਂ ਪੂਰੇ ਇਲਾਕੇ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ।

ਮਾਤਾ-ਪਿਤਾ ਦੇ ਨਾਲ-ਨਾਲ ਸਕੂਲਾਂ ਅਤੇ ਸਮਾਜਕ ਸੰਗਠਨਾਂ ਨੂੰ ਵੀ ਬੱਚਿਆ ਦੀ ਭਾਵਨਾਤਮਕ ਅਤੇ ਮਾਨਸਕ ਤੰਦਰੁਸਤੀ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ਅਤੇ ਇਹਨਾਂ ਨੂੰ ਸਿੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ। ਸਰਕਾਰ ਨੂੰ ਵੀ ਮਾਨਸਕ ਸਿਹਤ ਅਤੇ ਮਾਨਸਿਕ ਸਫਾਈ ਦੀਆ ਸੇਵਾਵਾਂ ਦੇਣ ਹਿੱਤ ਵਿਸ਼ੇਸ ਯਤਨ ਕਰਨੇ ਚਾਹੀਦੇ ਹਨ।

**# ਸੰਪਰਕ : 98151-39576**

# ਪੰਜਾਬ ਵਾਸੀ ਯੋਗ ਉਮੀਦਵਾਰ ਨੂੰ ਹੀ ਸਰਪੰਚੀ ਲਈ ਚੁਣਨ : ਤਰੁਨਪ੍ਰੀਤ ਸੌਂਦ

## ਕੈਬਨਿਟ ਮੰਤਰੀ ਨੂੰ ਪੰਜਾਬ ਪੁਲਸ ਦੀ ਟੁਕੜੀ ਵੱਲੋਂ ਗਾਰਡ ਆਫ ਆਨਰ



ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਪੇਂਡੂ ਵਿਕਾਸ ਤੇ ਪੰਚਾਇਤਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਲੇਬਰ, ਪ੍ਰਾਹੁਣਚਾਰੀ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਮੰਤਰੀ, ਪੰਜਾਬ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੂੰ ਮੰਗਲਵਾਰ ਨੂੰ ਇੰਪਰੂਵਮੈਂਟ ਟਰੱਸਟ ਖੰਨਾ ਵਿਖੇ ਪਹੁੰਚਣ 'ਤੇ ਪੰਜਾਬ ਪੁਲਸ ਦੀ ਟੁਕੜੀ ਵੱਲੋਂ ਗਾਰਡ ਆਫ ਆਨਰ ਦਿੱਤਾ ਗਿਆ।ਕੈਬਨਿਟ ਮੰਤਰੀ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਸਭ ਤੋਂ ਅਹਿਮ ਵਿਭਾਗ ਵਜ਼ੀਰੀ ਦੇ ਰੂਪ ਵਿੱਚ ਦਿੱਤੇ ਗਏ ਹਨ, ਜਿਨ੍ਹਾਂ ਨੂੰ ਮੈਂ ਸਮਝਦਾ ਹਾਂ ਕਿ ਇਹ ਇੱਕ ਸੇਵਾ ਦਾ ਕੰਮ ਹੈ।ਉਨ੍ਹਾਂ ਕਿਹਾ ਕਿ ਮੈਂ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਜਿਸ ਉਮੀਦ ਤੇ ਭਰੋਸੇ ਦੇ ਨਾਲ ਤੁਸੀਂ ਮੈਨੂੰ ਚੁਣਿਆ ਸੀ, ਮੈਂ ਕਦੇ ਵੀ ਉਹ ਭਰੋਸਾ ਟੁੱਟਣ ਨਹੀਂ ਦੇਵਾਂਗਾ।ਉਨ੍ਹਾ ਕਿਹਾ ਕਿ ਬੜੀ ਇਮਾਨਦਾਰੀ ਤੇ ਸ਼ਿਦਤ ਦੇ ਨਾਲ ਪੰਜਾਬ ਦੇ ਲੋਕਾਂ ਦੇ ਕੰਮ ਕਰਾਂਗੇ ਤਾਂ ਜੋ ਪੰਜਾਬ ਨੂੰ ਰੰਗਲਾ ਪੰਜਾਬ ਬਣਾ ਸਕੀਏ।

ਉਦਯੋਗ ਤੇ ਵਣਜ ਮੰਤਰੀ ਸ੍ਰੀ ਸੌਂਦ ਨੇ ਕਿਹਾ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਦਾ ਸੁਪਨਾ ਹੈ ਕਿ ਪੰਜਾਬ ਵਿੱਚ ਉਦਯੋਗ ਵੀ ਵਧੇ ਫੁਲੇ, ਇਸ ਲਈ ਉਹ ਵਿਦੇਸ਼ੀ ਕੰਪਨੀਆਂ ਨੂੰ ਵੀ ਇੱਥੇ ਉਦਯੋਗ ਸਥਾਪਤ ਕਰਨ ਲਈ ਸੱਦਾ ਵੀ ਦੇ ਰਹੇ ਹਨ।ਉਨ੍ਹਾਂ ਕਿਹਾ ਕਿ ਜਿਹੜੀ ਪੰਜਾਬ ਵਿੱਚ ਪਹਿਲਾਂ ਤੋਂ ਚੱਲ ਰਹੀ ਇੰਡਸਟਰੀ ਵਿੱਚ ਕੁੱਝ ਛੋਟੀਆਂ ਮੋਟੀਆਂ ਦਿੱਕਤਾਂ ਆ ਰਹੀਆਂ ਹਨ, ਉਨ੍ਹਾਂ ਨੂੰ ਸਮਝ ਕੇ ਦੂਰ ਕਰਾਂਗੇ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪੰਚਾਇਤੀ ਚੋਣਾਂ 'ਤੇ ਬੋਲਦੇ ਕਿਹਾ ਕਿ ਕੁਝ ਦਿਨ ਪਹਿਲਾਂ ਪੰਜਾਬ ਵਿਧਾਨ ਸਭਾ ਵਿੱਚ ਪੰਚਾਇਤੀ ਚੋਣਾਂ ਨੂੰ ਲੈ ਕੇ ਇੱਕ ਬਿਲ ਪਾਸ ਹੋਇਆ ਸੀ, ਜਿਸ ਤਹਿਤ ਪੰਚਾਇਤੀ ਚੋਣਾਂ ਕਿਸੇ ਪਾਰਟੀ ਦੇ ਝੰਡੇ ਦੇ ਨਿਸ਼ਾਨ ਹੇਠ ਨਹੀਂ ਲੜੀਆਂ ਜਾਣਗੀਆਂ, ਕਿਉਂਕਿ ਇਸ ਨਾਲ ਪਿੰਡਾਂ ਵਿੱਚ ਧੜੇਬੰਦੀ ਬਣ ਜਾਂਦੀ ਹੈ ਤੇ ਇਸ ਨਾਲ ਆਪਸੀ ਵੈਰ ਵਿਰੋਧ ਵਧਦਾ ਹੈ।ਉਨ੍ਹਾਂ ਕਿਹਾ ਕਿ ਇੱਕ ਦੂਜੇ ਦੀ ਜਿੱਦਬਾਜ਼ੀ ਵਿੱਚ ਬਹੁਤ ਰੁਪਿਆ ਵਹਾਇਆ ਜਾਂਦਾ ਹੈ ਤੇ ਫਿਰ ਜਿੱਤਣ ਤੋਂ ਬਾਅਦ ਉਹ ਰੁਪਿਆ ਪੂਰਾ ਕਰਨ ਲਈ ਕਿਸੇ ਹੋਰ ਤਰੀਕੇ ਦਾ ਸਹਾਰਾ ਲੈਣਾ ਪੈਂਦਾ ਹੈ, ਜਿਸ ਨਾਲ ਭ੍ਰਿਸ਼ਟਾਚਾਰ ਦਾ ਬੋਲ-ਬਾਲਾ ਹੁੰਦਾ ਹੈ, ਪਰ ਸਾਡੀ ਸਰਕਾਰ ਵਿਚ ਭ੍ਰਿਸ਼ਟਾਚਾਰ ਨੂੰ ਕੋਈ ਥਾਂ ਨਹੀਂ। ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਇਸ ਬਿਲ ਦੇ ਪਾਸ ਹੋਣ ਨਾਲ ਮੈਂ ਭਰੋਸਾ ਦਿਵਾਉਂਦਾ ਹਾਂ ਕਿ ਜ਼ਿਆਦਾਤਰ ਸਰਪੰਚੀ ਦੀਆਂ ਚੋਣਾਂ ਸਰਬਸੰਮਤੀ ਨਾਲ ਹੀ ਹੋਣਗੀਆਂ।ਉਨ੍ਹਾਂ ਕਿਹਾ ਕਿ ਸਰਬਸੰਮਤੀ ਨਾਲ ਪੰਚਾਇਤ ਬਣਨ 'ਤੇ ਜਿੱਥੇ ਪਿੰਡ ਨੂੰ ਗਰਾਂਟ ਮਿਲਣੀ ਹੁੰਦੀ ਹੈ, ਉੱਥੇ ਉਸ ਪਿੰਡ ਨੂੰ 5 ਲੱਖ ਰੁਪਏ ਦੀ ਵਾਧੂ ਗਰਾਂਟ ਵੀ ਦਿੱਤੀ ਜਾਵੇਗੀ।ਉਨ੍ਹਾਂ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੋ ਵੀ ਸਰਪੰਚ ਚੁਣੋਂ ਉਹ ਯੋਗ ਉਮੀਦਵਾਰ ਹੋਣ, ਜਿਨ੍ਹਾਂ ਕੋਲ ਪਿੰਡਾਂ ਦੇ ਵਿਕਾਸ ਕਾਰਜ ਕਰਨ ਦਾ ਸਮਾਂ ਹੋਵੇ, ਉਨ੍ਹਾਂ ਨੂੰ ਹੀ ਸਰਪੰਚ ਬਣਾਇਆ ਜਾਵੇ।ਇਸ ਮੌਕੇ ਜ਼ਿਲ੍ਹਾ ਤੇ ਪੁਲਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਰਕਰ ਵੀ ਹਾਜ਼ਰ ਸਨ।

# ਸੂਬੇ ਭਰ ਦੇ ਕੰਪਿਊਟਰ ਅਧਿਆਪਕ 28 ਨੂੰ ਖਟਕੜ ਕਲਾਂ 'ਚ ਕਰਨਗੇ 'ਮਹਾਂ ਰੈਲੀ'

## ਮੁੱਖ ਮੰਤਰੀ ਦਾ ਘਿਰਾਓ ਕਰਕੇ ਯਾਦ ਕਰਵਾਉਣਗੇ ਚੋਣਾਂ 'ਚ ਕੀਤਾ ਵਾਅਦਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)-ਸਿੱਖਿਆ ਵਿਭਾਗ ਦੇ ਅਧੀਨ ਮਰਜਿੰਗ, ਛੇਵੇਂ ਪੇ ਕਮੀਸ਼ਨ ਦਾ ਲਾਭ ਆਦਿ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਬੀਤੀ 1 ਸਤੰਬਰ ਤੋਂ ਸੰਗਰੂਰ ਵਿਖੇ ਭੁੱਖ ਹੜਤਾਲ 'ਤੇ ਬੈਠੇ ਸੂਬੇ ਭਰ ਦੇ ਕੰਪਿਊਟਰ ਅਧਿਆਪਕਾਂ ਦੇ ਗੁੱਸਾ ਸੱਤਵੇਂ ਆਸਮਾਨ 'ਤੇ ਹੈ।ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਸੂਬਾ ਸਰਕਾਰ ਦੀ ਬੇਰੁਖੀ ਦੇ ਚੱਲਦੇ ਉਨ੍ਹਾਂ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਵਸ ਮੌਕੇ 28 ਸਤੰਬਰ ਨੂੰ ਖਟਕੜ ਕਲਾਂ ਵਿਖੇ ਮਹਾਂ ਰੈਲੀ ਕਰਨ ਦਾ ਐਲਾਨ ਕੀਤਾ ਹੈ, ਜਿਸ ਵਿੱਚ ਸੂਬੇ ਭਰ ਤੋਂ ਕੰਪਿਊਟਰ ਅਧਿਆਪਕ ਆਪਣੇ ਪਰਿਵਾਰਾਂ ਸਮੇਤ ਸ਼ਿਰਕਤ ਕਰਨਗੇ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕੰਪਿਊਟਰ ਅਧਿਆਪਕ ਆਗੂ ਪਰਮਵੀਰ ਸਿੰਘ ਪੰਮੀ, ਜੌਨੀ ਸਿੰਗਲਾ, ਪ੍ਰਦੀਪ ਕੁਮਾਰ ਮਲੂਕਾ, ਨਰਦੀਪ ਸ਼ਰਮਾ, ਰਣਜੀਤ ਸਿੰਘ, ਲਖਵਿੰਦਰ ਸਿੰਘ, ਗੁਰਬਖਸ਼ ਲਾਲ, ਜਸਪਾਲ, ਰਜਵੰਤ ਕੌਰ ਆਦਿ ਨੇ ਦੱਸਿਆ ਕਿ ਉਹ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਪਿਛਲੇ 19 ਸਾਲਾਂ ਤੋਂ ਸੰਘਰਸ਼ ਕਰ ਰਹੇ ਹਨ, ਪਰ ਨਾ ਤਾਂ ਪਿਛਲੀਆਂ ਸਰਕਾਰ ਤੇ ਨਾ ਹੀ ਮੌਜੂਦਾ ਪੰਜਾਬ ਸਰਕਾਰ ਨੇ ਉਨ੍ਹਾਂ ਦੀ ਬਾਂਹ ਫੜੀ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਲ ਨਾਲ ਆਮ ਆਦਮੀ ਪਾਰਟੀ ਦੇ ਹੋਰਨਾਂ ਆਗੂ, ਜੋ ਕਾਂਗਰਸ ਸਰਕਾਰ ਮੌਕੇ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਲੈ ਕੇ ਤਤਕਾਲੀਨ ਸਰਕਾਰ ਨੂੰ ਕੋਸਦੇ ਸਨ, ਅੱਜ ਉਹੀ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਸੁਣਨ ਤੇ ਪੂਰਾ ਕਰਨ ਤੋਂ ਪਾਸਾ ਵੱਟ ਗਏ ਹਨ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲਗਭਗ 30 ਵਾਰ ਉਨ੍ਹਾਂ ਨੂੰ ਮੀਟਿੰਗ ਦਾ ਸਮਾਂ ਦੇ ਚੁੱਕੇ ਹਨ, ਪਰ ਅੱਜ ਤੱਕ ਉਨ੍ਹਾਂ ਨੇ ਕੰਪਿਊਟਰ ਅਧਿਆਪਕਾਂ ਨਾਲ ਇੱਕ ਵਾਰ ਵੀ ਮੀਟਿੰਗ ਨਹੀਂ ਕੀਤੀ।ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਹੁਣ ਸੰਘਰਸ਼ ਆਰ-ਪਾਰ ਦੀ ਲੜਾਈ ਵਿੱਚ ਤਬਦੀਲ ਹੋਵੇਗਾ, ਜਿਸ ਦੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ।ਇਸ ਸੰਘਰਸ਼ ਅਧੀਨ 28 ਸਤੰਬਰ ਨੂੰ ਖਟਕੜ ਕਲਾਂ ਵਿਖੇ ਸੂਬਾ ਪੱਧਰੀ ਮਹਾਂ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਜਿੱਥੇ ਕੰਪਿਊਟਰ ਅਧਿਆਪਕ ਆਪਣੇ ਪਰਵਾਰਾਂ ਨਾਲ ਸ਼ਾਮਲ ਹੋਣਗੇ, ਉਥੇ ਵੱਖ ਵੱਖ ਕਰਮਚਾਰੀ ਤੇ ਕਿਸਾਨ ਜਥੇਬੰਦੀਆਂ ਨੇ ਵੀ ਇਸ ਐਕਸ਼ਨ ਵਿੱਚ ਵੱਡੀ ਗਿਣਤੀ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ।ਕੰਪਿਊਟਰ ਅਧਿਆਪਕ ਆਗੂਆਂ ਨੇ ਦੱਸਿਆ ਕਿ ਇਸ ਮੌਕੇ ਉਨ੍ਹਾਂ ਵੱਲੋਂ ਮੁੱਖ ਮੰਤਰੀ ਦਾ ਘਿਰਾਓ ਕਰਦੇ ਹੋਏ ਉਨ੍ਹਾਂ ਨੂੰ ਚੋਣਾਂ ਵੇਲ਼ੇ ਕੀਤਾ ਵਾਅਦਾ ਯਾਦ ਕਰਵਾਇਆ ਜਾਵੇਗਾ।

# ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇਵੇਗੀ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ



ਮੋਗਾ (ਇਕਬਾਲ ਸਿੰਘ ਖਹਿਰਾ)-ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸ਼ਿੰਦਰ ਸਿੰਘ ਸਾਫੂਵਾਲਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਮੋਗਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਘੋਲੀਆ ਦੀ ਪ੍ਰਧਾਨਗੀ ਵਿੱਚ ਸਾਫੂਵਾਲਾ ਵਿਖੇ ਕੀਤੀ ਗਈ। ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਵਿਸੇਸ਼ ਤੌਰ 'ਤੇ ਮੀਟਿੰਗ 'ਚ ਪੁੱਜੇ। ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਨੇ ਮੀਟਿੰਗ ਨੂੰ ਸੰਬੋਧਨ ਹੁੰਦੇ ਦੱਸਿਆ ਕਿ ਅਸੀਂ ਕਈ ਵਾਰ ਪੰਜਾਬ ਸਰਕਾਰ ਖਿਲਾਫ ਮਜ਼ਦੂਰਾਂ ਦੀਆਂ ਮੰਗਾਂ ਸਬੰਧੀ ਆਵਾਜ਼ ਉਠਾਈ। ਸਰਕਾਰ ਨੇ ਮਜ਼ਦੂਰ ਜਥੇਬੰਦੀਆਂ ਨਾਲ ਮੀਟਿੰਗਾਂ ਕਰਕੇ ਮੰਗਾਂ ਪੂਰੀਆਂ ਕਰਨ ਦੇ ਵਿਸ਼ਵਾਸ ਦਿਵਾਏ, ਪਰ ਅੱਜ ਤੱਕ ਸਾਡੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਗਈਆਂ। ਲੰਬੀ ਇੰਤਜ਼ਾਰ ਤੋਂ ਬਾਅਦ ਅਸੀਂ ਇੱਕ ਅਕਤੂਬਰ ਨੂੰ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਸੰਗਰੂਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਧਰਨਾ ਲਾਉਣ ਜਾ ਰਹੇ ਹਾਂ। ਸਾਡੀਆਂ ਮੰਗਾਂ ਹਨ ਲੋੜਵੰਦ ਮਜ਼ਦੂਰ ਪਰਵਾਰਾਂ ਨੂੰ 10-10 ਮਰਲੇ ਦੇ ਪਲਾਟ ਦਿੱਤੇ ਜਾਣ ਤੇ ਘਰ ਬਣਾਉਣ ਲਈ ਪੰਜ ਪੰਜ ਲੱਖ ਰੁਪਿਆ ਸਰਕਾਰ ਘਰ ਪਾਉਣ ਲਈ ਦੇਵੇ। ਨਰੇਗਾ ਜੀ ਦਿਹਾੜੀ ਵਿੱਚ ਵਾਧਾ ਕਰਕੇ 700 ਰੁਪਿਆ ਕੀਤਾ ਜਾਵੇ ਤੇ ਪੂਰਾ ਸਾਲ ਨਰੇਗਾ ਦਾ ਕੰਮ ਚਲਾਇਆ ਜਾਵੇ। ਡਿਊਟੀ ਦੌਰਾਨ ਮੌਤ ਹੋਣ 'ਤੇ ਨਰੇਗਾ ਮਜ਼ਦੂਰਾਂ ਲਈ ਪੰਜਾਬ ਸਰਕਾਰ ਕੋਈ ਆਰਥਿਕ ਪੌਲਿਸੀ ਤੈਅ ਕਰੇ। ਭਗਵੰਤ ਮਾਨ ਸਰਕਾਰ ਨੇ ਚੋਣਾਂ ਸਮੇਂ ਵਾਅਦੇ ਕੀਤੇ ਸੀ ਕਿ ਔਰਤਾਂ ਨੂੰ ਇੱਕ ਹਜ਼ਾਰ ਰੁਪਿਆ ਪੈਨਸ਼ਨ ਦਿੱਤੀ ਜਾਵੇਗੀ, ਉਹ ਸ਼ੁਰੂ ਕੀਤੀ ਜਾਵੇ। ਪੈਨਸ਼ਨਾਂ ਵਧਾ ਕੇ ਜੋ 2500 ਕਰਨ ਦਾ ਵਾਅਦਾ ਕੀਤਾ ਸੀ, ਸਰਕਾਰ ਉਹ ਪੂਰਾ ਕਰੇ। ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਸਸਤੇ ਰੇਟ ਤੇ, ਸਿਰਫ ਮਜ਼ਦੂਰਾਂ ਨੂੰ ਦਿੱਤਾ ਜਾਵੇ। ਦੋ ਹਿੱਸੇ ਜ਼ਮੀਨ ਵੀ ਗਰੀਬ ਕਿਸਾਨੀ ਨੂੰ ਦਿੱਤੀ ਜਾਵੇ। ਡੰਮੀ ਬੋਲੀਆਂ ਬੰਦ ਕੀਤੀਆਂ ਜਾਣ।

ਡੰਮੀ ਬੋਲੀਆਂ ਕਰਨ ਵਾਲੇ ਅਧਿਕਾਰੀਆਂ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਮੀਟਿੰਗ ਵਿੱਚ ਮਜ਼ਦੂਰਾਂ ਨਾਲ ਸੰਪਰਕ ਮੁਹਿੰਮ ਚਲਾਉਣ, ਪਿੰਡਾਂ ਵਿੱਚ ਫੰਡ ਮੁਹਿਮ ਚਲਾਉਣ ਤੇ ਵੱਧ ਤੋਂ ਵੱਧ ਸੰਗਤ ਨੂੰ ਇੱਕ ਅਕਤੂਬਰ ਨੂੰ ਸੰਗਰੂਰ ਵਿਖੇ ਲਾਏ ਜਾ ਰਹੇ ਧਰਨੇ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਲਿਜਾਇਆ ਜਾਵੇ। ਇਸ ਸਬੰਧੀ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਜ਼ਿਲ੍ਹਾ ਮੀਤ ਪ੍ਰਧਾਨ ਬੱਗਾ ਸਿੰਘ ਨੇ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਉਹ ਇੱਕ ਅਕਤੂਬਰ ਦੇ ਧਰਨੇ ਨੂੰ ਸਫਲ ਬਣਾਉਣ।

## ਕਾਤਰਾਂ

### ਰੇਤ ਨਾਲ ਭਰਿਆ ਟਰੈਕਟਰ-ਟਰਾਲੀ ਬਰਾਮਦ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਆਰਿਫ ਕੇ ਦੀ ਪੁਲਸ ਨੇ ਬੀਤੇ ਦਿਨ ਗਸ਼ਤ ਤੇ ਚੈਕਿੰਗ ਦੌਰਾਨ ਪਿੰਡ ਅੱਕੂ ਵਾਲਾ ਦੇ ਨੇੜਿਓਂ ਰੇਤ ਨਾਲ ਭਰੀ ਇੱਕ ਟਰੈਕਟਰ-ਟਰਾਲੀ ਬਰਾਮਦ ਕੀਤੀ, ਪਰ ਦੋਸ਼ੀ ਮੌਕੇ ਤੋਂ ਫ਼ਰਾਰ ਹੋ ਗਿਆ।ਇਸ ਮਾਮਲੇ ਦੀ ਜਾਂਚ ਕਰ ਰਹੇ ਆਰਿਫ ਕੇ ਦੇ ਸਹਾਇਕ ਇੰਸਪੈਕਟਰ ਗੁਰਚਰਨ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਗਸ਼ਤ ਤੇ ਚੈਕਿੰਗ ਦੌਰਾਨ ਉਨ੍ਹਾਂ ਨੇ ਪਿੰਡ ਅੱਕੂ ਵਾਲਾ ਨੇੜੇ ਰੇਤ ਨਾਲ ਭਰੀ ਇੱਕ ਟਰੈਕਟਰ-ਟਰਾਲੀ ਨੂੰ ਆਉਂਦੇ ਦੇਖਿਆ, ਜਿਸ ਨੂੰ ਦੇਖ ਕੇ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ।ਮਾਮਲੇ ਦੀ ਜਾਂਚ ਕਰ ਰਹੇ ਗੁਰਚਰਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਰੇਤ ਨਾਲ ਭਰੀ ਟਰੈਕਟਰ-ਟਰਾਲੀ ਨੂੰ ਕਬਜ਼ੇ 'ਚ ਲੈ ਕੇ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

### ਸੰਗੀਤਮਈ ਸੁੰਦਰ ਕਾਂਡ ਪਾਠ ਤੇ ਕੀਰਤਨ 27 ਨੂੰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਸ੍ਰੀ ਸੰਤ ਨਰਸਿੰਘ ਮੰਦਰ ਵਿਖੇ ਦਿਵਯਾ ਸੰਗੀਤਮਈ ਸੁੰਦਰ ਕਾਂਡ ਪਾਠ ਤੇ ਯੁਗਲ ਨਾਮ ਸੰਕੀਰਤਨ 27 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਦੀਪ ਜੈਨ ਨੇ ਦੱਸਿਆ ਕਿ ਮੰਦਰ ਦੇ ਮੂਰਤੀ ਸਥਾਪਨਾ ਦਿਵਸ ਸਬੰਧੀ 27 ਸਤੰਬਰ ਨੂੰ ਸਵੇਰੇ 10 ਵਜੇ ਪ੍ਰਸਾਦਿ ਲੱਗੇਗਾ ਤੇ 12 ਵਜੇ ਪਰਮ ਪੂਜਨੀਕ ਸ੍ਰੀ ਰਾਮ ਸਖ਼ਾ ਜੂ ਮਹਾਰਾਜ (ਕਾਨਹਾ ਜੀ) ਆਪਣੇ ਪ੍ਰਵਚਨਾਂ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।

### ਪਾਂਡੂਸਰ ਮੁਹੱਲੇ 'ਚ ਚੋਰ ਵੱਲੋਂ ਪੰਜ ਚੋਰੀਆਂ ਨੂੰ ਅੰਜਾਮ

ਨਾਭਾ (ਵਰਿੰਦਰ ਵਰਮਾ)-ਨਾਭਾ ਦੇ ਪਾਂਡੂਸਰ ਮੁਹੱਲੇ ਵਿਖੇ ਤੜਕਸਾਰ ਇੱਕ ਚੋਰ ਵੱਲੋਂ ਘਰਾਂ ਦੇ ਅੰਦਰ ਵੜ ਕੇ ਪੰਜ ਚੋਰੀਆਂ ਨੂੰ ਅੰਜਾਮ ਦਿੱਤਾ ਗਿਆ।ਚੋਰ ਦੀ ਇਹ ਸਾਰੀ ਘਟਨਾ ਘਰ ਅੰਦਰ ਲਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ।ਇਕੱਲੇ ਸ਼ਾਤਰ ਇੱਕ ਚੋਰ ਵੱਲੋਂ ਕਰੀਬ 15 ਲੱਖ 'ਤੇ ਹੱਥ ਸਾਫ ਕਰ ਦਿੱਤਾ ਹੈ, ਜਿਸ ਵਿੱਚ ਸੋਨੇ ਦੇ ਗਹਿਣੇ, ਨਗਦੀ ਤੇ ਪੰਜ ਮੋਬਾਇਲ ਸ਼ਾਮਲ ਹੈ।ਚੋਰ ਇੰਨਾ ਸ਼ਾਤਰ ਸੀ ਕਿ ਉਸ ਨੇ ਪਰਵਾਰ ਦੇ ਇੱਕ ਮੈਂਬਰ ਨੂੰ ਵੀ ਭਣਕ ਨਹੀਂ ਲੱਗਣ ਦਿੱਤੀ।ਚੋਰੀ ਦੀ ਇਸ ਘਟਨਾ ਤੋਂ ਬਾਅਦ ਮੁਹੱਲੇ ਤੇ ਸ਼ਹਿਰ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।ਇਸ ਮੌਕੇ ਪੁਲਸ ਦੇ ਜਾਂਚ ਅਧਿਕਾਰੀ ਚਮਕੌਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਸੀਸੀਟੀਵੀ ਦੀ ਮਦਦ ਨਾਲ ਚੋਰ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### ਲਾਟਰੀ ਮਾਮਲੇ 'ਚ ਪੱਤਰਕਾਰ ਸੀਖਾਂ ਪਿੱਛੇ

ਬਠਿੰਡਾ (ਰਾਜੀਵ ਗੋਇਲ)-ਪਿੰਡ ਮਲੂਕਾ ਵਿਖੇ ਚਲਾਏ ਜਾ ਰਹੇ ਫ਼ਰਜ਼ੀ ਲੱਕੀ ਡਰਾਅ ਨੂੰ ਲੈ ਕੇ ਥਾਣਾ ਦਿਆਲਪੁਰਾ ਦੀ ਪੁਲਸ ਵੱਲੋਂ ਦਰਜ ਕੀਤੇ ਗਏ ਮੁਕੱਦਮੇ ਅਧੀਨ ਇਸੇ ਡਰਾਅ ਦੀ ਪ੍ਰਮੋਸ਼ਨ ਕਰਨ ਦੇ ਸਬੰਧ ਵਿੱਚ ਸੀ.ਆਈ.ਏ ਸਟਾਫ ਬਠਿੰਡਾ ਵੱਲੋਂ ਮਲੂਕਾ ਇੱਕ ਪੱਤਰਕਾਰ ਨੂੰ ਜੇਲ੍ਹ ਭੇਜਿਆ ਗਿਆ ਹੈ। ਜਾਣਕਾਰੀ ਅਨੁਸਾਰ ਜੇਲ੍ਹ ਭੇਜੇ ਗਏ ਉਕਤ ਸਖਸ਼ ਵੱਲੋਂ ਹੋਰ ਵੀ ਅਹਿਮ ਜਾਣਕਾਰੀਆਂ ਮਹਿਕਮੇ ਨੂੰ ਦਿੱਤੀਆਂ ਗਈਆਂ ਹਨ, ਜਿਨ੍ਹਾਂ ਦੇ ਅਧਾਰ 'ਤੇ ਆਉਣ ਵਾਲੇ ਦਿਨਾਂ ਵਿੱਚ ਪ੍ਰਮੋਸ਼ਨ ਕਰਨ ਵਾਲੇ ਯੂ-ਟਿਊਬਰਾਂ ਸਮੇਤ ਹੋਰ ਵੀ ਲੋਕਾਂ 'ਤੇ ਗਾਜ ਡਿੱਗਣ ਦੀ ਸੰਭਾਵਨਾ ਬਣੀ ਹੋਈ ਹੈ। ਇਸ ਮਾਮਲੇ ਦਾ ਮੁੱਖ ਮਾਸਟਰਮਾਈਂਡ ਅਜੇ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ, ਜਿਸਦੀ ਜਲਦ ਗ੍ਰਿਫ਼ਤਾਰੀ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਉਧਰ ਦੂਜੇ ਪਾਸੇ ਆਮ ਲੋਕਾਂ ਵੱਲੋਂ ਜਿਹੜੀ ਦਵਾਈ ਕੰਪਨੀ ਦੀ ਆੜ ਹੇਠ ਇਹ ਲਾਟਰੀ ਦਾ ਧੰਦਾ ਚਲਾਇਆ ਜਾ ਰਿਹਾ ਸੀ, ਉਸ ਦਵਾਈ ਕੰਪਨੀ ਦੀ ਵੀ ਡੂੰਘਾਈ ਨਾਲ ਜਾਂਚ ਦੀ ਮੰਗ ਕੀਤੀ ਗਈ ਹੈ, ਕਿਉਂਕਿ ਇਸ ਦਵਾਈ ਕੰਪਨੀ ਦੀ ਆੜ ਹੇਠ ਵੀ ਬਹੁਤ ਸਾਰੇ ਲੋਕ ਠੱਗੀ ਦਾ ਸ਼ਿਕਾਰ ਹੋ ਚੁੱਕੇ ਹਨ।

# 'ਆਪ' ਆਗੂ ਵੱਲੋਂ ਗਿੱਦੜਬਾਹਾ ਤੋਂ ਅਜ਼ਾਦ ਚੋਣ ਲੜਨ ਦਾ ਐਲਾਨ

## ਬਾਗੀ ਹਾਂ ਦਾਗੀ ਨਹੀਂ : ਇਕਬਾਲ ਗਮੇਆਣਾ



ਦੋਦਾ (ਰਕੀਸ਼ ਸਿੰਘ)-ਪੰਜਾਬ ਵਿਚ ਸਭ ਤੋਂ ਵੱਧ ਚਰਚਿਤ ਵਿਧਾਨ ਸਭਾ ਸੀਟ ਗਿੱਦੜਬਾਹਾ, ਜੋ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਲੁਧਿਆਣਾ ਤੋਂ ਮੈਂਬਰ ਪਾਰਲੀਮੈਂਟ ਚੁਣੇ ਜਾਣ ਕਾਰਨ ਖਾਲੀ ਹੋ ਚੁੱਕੀ ਹੈ, ਬਾਈ ਇਲੈਕਸ਼ਨ ਲਈ ਸਮੂਹ ਪਾਰਟੀਆਂ ਵੱਲੋਂ ਸਰਗਰਮੀਆਂ ਸ਼ੁਰੂ ਹਨ। ਪਰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਇਕਬਾਲ ਸਿੰਘ ਗਮੇਆਣਾ ਵੱਲੋਂ ਇਸ ਹਲਕੇ ਤੋਂ ਅਜ਼ਾਦ ਚੋਣ ਲੜਨ ਦਾ ਐਲਾਨ ਕਰ ਕੇ ਆਪਣੇ ਪੋਸਟਰ ਲਾਉਣੇ ਤੇ ਵਰਕਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਰੱਖਿਆ ਹੈ। ਵਿਸ਼ੇਸ਼ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਜੋ ਪਾਰਟੀ ਆਮ ਘਰਾਂ ਦੇ ਵਿਅਕਤੀਆਂ ਨੂੰ ਟਿਕਟਾਂ ਦੇਣ ਦੀਆਂ ਗੱਲਾਂ ਕਰਦੀ ਸੀ, ਆਪਣੇ ਰਸਤੇ ਤੋਂ ਭਟਕ ਚੁੱਕੀ ਹੈ ਅਤੇ ਖਾਸ ਵਿਅਕਤੀਆਂ ਨੂੰ ਥਾਂ ਦਿੱਤੀ ਜਾ ਰਹੀ ਹੈ। ਇਸ ਲਈ ਆਈ ਅਜ਼ਾਦ ਚੋਣ ਲੜਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂ ਬਾਗੀ ਹਾਂ, ਪਰ ਦਾਗੀ ਨਹੀਂ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਵੀ ਮਿਲ ਰਿਹਾ ਹੈ। ਇਸ ਖੇਤਰ ਵਿੱਚ ਅਜ਼ਾਦ ਉਮੀਦਵਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

## ਅੱਜ ਬਿਜਲੀ ਬੰਦ ਰਹੇਗੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ)-ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਵਧੀਕ ਨਿਗਰਾਨ ਇੰਜੀਨੀਅਰ ਮੰਡਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 25 ਸਤੰਬਰ ਨੂੰ ਸਵੇਰੇ 6 ਵਜੇ ਤੋਂ 9 ਵਜ਼ੇ ਤੱਕ ਤਿੰਨ ਘੰਟੇ ਬਿਜਲੀ ਬੰਦ ਰਹੇਗੀ।ਮਿਲੀ ਜਾਣਕਾਰੀ ਅਨੁਸਾਰ ਜਿਹੜੇ ਖੇਤਰ ਪ੍ਰਭਾਵਿਤ ਹੋਣਗੇ, ਉਨ੍ਹਾਂ ਵਿੱਚ 66 ਕੇ ਵੀ ਐੱਸ ਐੱਸ ਭੁੱਟੀਵਾਲਾ, ਕਾਉਣੀ, ਰੁਪਾਣਾ, ਮਲੋਟ ਰੋਡ, ਫੂਲੇਵਾਲਾ, ਲੁਬਾਣਿਆਂ ਵਾਲੀ ਤੇ ਮੁਕੰਦੇ ਵਾਲਾ ਫੀਡਰ ਸ਼ਾਮਲ ਹਨ।

# ਜੁਆਇੰਟ ਫਰੰਟ ਦੇ ਸੱਦੇ 'ਤੇ ਰੈਲੀ ਦੀਆਂ ਤਿਆਰੀਆਂ ਮੁਕੰਮਲ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜੁਆਇੰਟ ਫਰੰਟ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਹੱਲ ਕਰਾਉਣ ਲਈ 25 ਸਤੰਬਰ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਸਾਹਮਣੇ ਕੀਤੀ ਜਾ ਰਹੀ ਰੈਲੀ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ।ਇਸ ਸਬੰਧੀ ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੇ ਸਟੇਟ ਆਗੂ ਕਿੱਕਰ ਸਿੰਘ, ਜ਼ਿਲ੍ਹਾ ਪ੍ਰਧਾਨ ਕਿਸ਼ਨ ਚੰਦ ਜਾਗੋਵਾਲੀਆ, ਜਨਰਲ ਸਕੱਤਰ ਪ੍ਰਤਾਪ ਸਿੰਘ ਢਿੱਲੋਂ, ਬਲਬੀਰ ਸਿੰਘ ਕੰਬੋਜ, ਬਲਬੀਰ ਸਿੰਘ ਘੁੱਦੂਵਾਲਾ ਤੇ ਦੀਵਾਨ ਚੰਦ ਸਖੀਜਾ ਨੇ ਦੱਸਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਵਾਰ-ਵਾਰ ਮੀਟਿੰਗਾਂ ਦੇ ਕੇ ਮੀਟਿੰਗਾਂ ਨਾ ਕਰਨ ਦਾ ਟਾਲ ਮਟੋਲਾ ਕਰ ਰਹੀ ਹੈ, ਜਿਸ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਭਰ ਤੋਂ ਮਿਲੀਆਂ ਰਿਪੋਰਟਾਂ ਅਨੁਸਾਰ 25 ਸਤੰਬਰ ਨੂੰ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਦਫ਼ਤਰ ਸਾਹਮਣੇ ਕੀਤੀ ਜਾ ਰਹੀ ਰੈਲੀ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ।ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਤੇ ਮੁਲਾਜ਼ਮਾਂ ਵਿੱਚ ਰੈਲੀ ਪ੍ਰਤੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਰੈਲੀ ਕਰਨ ਉਪਰੰਤ ਪੈਨਸ਼ਨਰਾ ਤੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਦੇ ਨਾਂਅ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਸੌਂਪਿਆ ਜਾਵੇਗਾ।

# ਸੁਰਜੀਤ ਕਾਉਂਕੇ ਦੀ ਪੁਸਤਕ 'ਸਮੇਂ ਦੀ ਅੱਖ' ਲੋਕ ਅਰਪਣ



ਲਿਖਾਰੀ ਸਭਾ ਮੋਗਾ ਦੇ ਮੈਂਬਰ ਸੁਰਜੀਤ ਸਿੰਘ ਕਾਉਂਕੇ ਦੀ ਪੁਸਤਕ 'ਸਮੇਂ ਦੀ ਅੱਖ' ਲੋਕ ਅਰਪਣ ਕਰਦੇ ਹੋਏ।

ਮੋਗਾ (ਇਕਬਾਲ ਸਿੰਘ ਖਹਿਰਾ) ਲਿਖਾਰੀ ਸਭਾ ਮੋਗਾ ਦੀ ਇਕ ਵਿਸ਼ੇਸ਼ ਮੀਟਿੰਗ ਦੌਰਾਨ ਲੰਬੀ ਉਮਰ 95 ਸਾਲ ਦੇ ਸੁਹਿਰਦ ਲੇਖਕ ਜੋਧ ਸਿੰਘ ਮੋਗਾ ਤੇ ਪੱਤਰਕਾਰ ਤੇ ਕਾਲਮ ਨਵੀਸ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਦੀ ਰਹਿਨੁਮਾਈ ਹੇਠ ਸਭਾ ਦੇ ਸਮੂਹ ਮੈਂਬਰਾਂ ਵੱਲੋਂ ਨੇਚਰ ਪਾਰਕ ਮੋਗਾ ਵਿਖੇ ਸਭਾ ਦੇ ਪ੍ਰਧਾਨ ਪ੍ਰੋਫੈਸਰ ਸੁਰਜੀਤ ਸਿੰਘ ਕਾਉਂਕੇ ਦੀ ਨਵੀਂ ਪੁਸਤਕ 'ਸਮੇਂ ਦੀ ਅੱਖ' (ਗ਼ਜ਼ਲ ਸੰਗ੍ਰਹਿ) ਲੋਕ ਅਰਪਿਤ ਕੀਤੀ ਗਈ। ਮੀਟਿੰਗ ਦੀ ਕਾਰਵਾਈ ਸਹਾਇਕ ਸਕੱਤਰ ਉੱਭਰਦੇ ਸ਼ਾਇਰ ਮੀਤ ਗੁਰਮੀਤ ਨੇ ਬਾਖ਼ੂਬੀ ਨਿਭਾਉਂਦਿਆਂ ਕਿਹਾ ਕਿ ਪ੍ਰੋਫੈਸਰ ਸੁਰਜੀਤ ਸਿੰਘ ਕਾਉਂਕੇ ਦੀ ਇਹ ਦਸਵੀਂ ਪੁਸਤਕ ਹੈ ਤੇ ਕਿਸੇ ਵੀ ਲੇਖਕ ਦਾ ਸੁਭਾਅ, ਸ਼ਖ਼ਸੀਅਤ, ਸ਼ੈਲਿਕਤਾ, ਵਿਦਵਤਾ ਤੇ ਸਮਾਜ ਅਤੇ ਸ਼ਿਸ਼ਟਾਚਾਰ ਪ੍ਰਤੀ ਪ੍ਰਤੀਬੱਧਤਾ ਉਸ ਦੀਆਂ ਪੁਸਤਕਾਂ ਤੋਂ ਹੀ ਜਾਣਿਆ ਜਾ ਸਕਦਾ ਹੈ ਅਤੇ ਸਾਨੂੰ ਉਸ ਦੀਆਂ ਲਿਖਤਾਂ ਤੋਂ ਉਹਜ਼ਾ ਉਤਸ਼ਾਹ ਤੇ ਪ੍ਰੇਰਨਾ ਮਿਲ ਰਹੀ ਹੈ। ਇਸ ਮੌਕੇ ਜੋਧ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸੁਰਜੀਤ ਸਿੰਘ ਕਾਉਂਕੇ ਪੰਜਾਬੀ ਸ਼ਾਇਰੀ ਦਾ ਇੱਕ ਉੱਚਾ ਬੁਰਜ ਹੈ, ਹਥਲਾ ਗ਼ਜ਼ਲ ਸੰਗ੍ਰਹਿ ਉਸ ਦੀ ਨਿਰੰਤਰ ਸਾਧਨਾ ਦਾ ਚਮਤਕਾਰ ਹੈ, ਜੋ ਉਸ ਨੂੰ ਬੁਲੰਦ ਗਜ਼ਲਕਾਰਾਂ ਦੀ ਕਤਾਰ ਵਿੱਚ ਖੜਾ ਕਰਦਾ ਹੈ। ਸਾਬਕਾ ਡੀ ਪੀ ਆਰ ਓ ਗਿਆਨ ਸਿੰਘ ਨੇ ਕਿਹਾ ਕਿ ਸੁਰਜੀਤ ਕਾਉਂਕੇ ਦਾ ਕਾਵਿ-ਬੋਧ ਆਪਣੀ ਰੂਪਕ ਗੁਣਵੱਤਾ ਤੇ ਬਿੰਬਾਵਲੀ ਸਦਕਾ ਨਵੇਂ ਦਿਸਹੱਦੇ ਕਾਇਮ ਕਰਦਾ ਦਿਖਾਈ ਦਿੰਦਾ ਹੈ, ਉਸ ਨੂੰ ਸ਼ਬਦਾਂ ਦੀਆਂ ਉੱਡਦੀਆਂ ਚਿੜੀਆਂ ਫੜਨ ਦਾ ਸ਼ੌਕ ਹੈ। ਇਸ ਸਮੇਂ ਨਾਮਵਰ ਲੇਖਕ ਸੁਰਜੀਤ ਕਾਲੇਕੇ ਨੇ ਉਸ ਵੱਲੋਂ ਇਸ ਪੁਸਤਕ ਦਾ ਲਿਖਿਆ ਮੁੱਖ ਬੰਦ ਪੜ੍ਹ ਕੇ ਸੁਣਾਇਆ। ਸਮਾਗਮ ਦੌਰਾਨ ਚੇਅਰਮੈਨ ਪਰਮਜੀਤ ਸਿੰਘ ਚੂਹੜਚੱਕ ਜਨਰਲ ਸਕੱਤਰ ਨੇ ਇਸ ਪੁਸਤਕ ਦੇ ਅਖੀਰ ਵਿੱਚ ਲਿਖਿਆ ਜੋਧ ਸਿੰਘ ਦਾ ਰੇਖਾ ਚਿੱਤਰ ਬੜੇ ਹੀ ਠਰੰਮੇ ਤੇ ਸ਼ਿੱਦਤ ਨਾਲ ਪੇਸ਼ ਕਰਕੇ ਪਾਠਕਾਂ ਨੂੰ ਸਰਸ਼ਾਰ ਕਰ ਦਿੱਤਾ। ਕੈਨੇਡਾ ਤੋਂ ਆਏ ਸਭਾ ਦੇ ਸੁਹਿਰਦ ਤੇ ਸੀਨੀਅਰ ਮੈਂਬਰ ਠਾਕਰਪ੍ਰੀਤ ਰਾਊਕੇ ਨੇ ਕਿਹਾ ਕਿ ਸੁਰਜੀਤ ਕਾਉਂਕੇ ਸਮਾਜਕ ਸਰੋਕਾਰਾਂ ਦਾ ਸ਼ਾਇਰ ਹੈ। ਗੀਤਾਂ ਦੇ ਬਾਦਸ਼ਾਹ ਪਿਆਰਾ ਸਿੰਘ ਚਹਿਲ ਨੇ ਬਹੁਤ ਪਿਆਰੀ ਗ਼ਜ਼ਲ ਤਰੰਨਮ ਵਿੱਚ ਪੇਸ਼ ਕਰਕੇ ਸਾਰਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਉਪਰੋਕਤ ਤੋਂ ਇਲਾਵਾ ਇਸ ਸਮੇਂ ਹਾਜ਼ਰ ਡਾ. ਬਲਦੇਵ ਸਿੰਘ ਢਿੱਲੋਂ, ਅਸ਼ੋਕ ਚਟਾਨੀ, ਸੁਖਦੇਵ ਸਿੰਘ ਬਰਾੜ, ਨਰਿੰਦਰ ਸ਼ਰਮਾ ਜੋਸ਼ੀ, ਪ੍ਰੇਮ ਕੁਮਾਰ ਵਿੰਗ ਸਕੱਤਰ, ਬਲਬੀਰ ਸਿੰਘ ਪਰਦੇਸੀ, ਈਲੀਨਾ ਧੀਮਾਨ, ਗਿੱਲ ਕੋਟਲੀ ਸੰਘਰ, ਗੁਰਨਾਮ ਸਿੰਘ ਅਟਵਾਲ, ਜਗੀਰ ਖੋਖਰ, ਅਕਾਸ਼ਦੀਪ ਸਿੰਘ, ਬਲਜੀਤ ਸਿੰਘ, ਗੀਤਕਾਰ ਬਲਵਿੰਦਰ ਸਿੰਘ ਕੈਂਥ ਆਦਿ ਨੇ ਪ੍ਰੋਫੈਸਰ ਕਾਉਂਕੇ ਨੂੰ ਵਧਾਈ ਦਿੱਤੀ। ਸੁਰਜੀਤ ਸਿੰਘ ਕਾਉਂਕੇ ਨੇ ਦੂਰੋਂ ਨੇੜਿਓਂ ਆਏ ਸਾਰੇ ਲੇਖਕਾਂ ਦਾ ਤਹਿਦਿਲੋਂ ਧੰਨਵਾਦ ਕੀਤਾ।

## ਬੱਸ ਦੀ ਲਪੇਟ 'ਚ ਆਉਣ ਨਾਲ ਦੋ ਵਿਅਕਤੀਆਂ ਦੀ ਮੌਤ, ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਤਲਵੰਡੀ ਭਾਈ ਦੀ ਪੁਲਸ ਨੇ ਤਲਵੰਡੀ ਭਾਈ ਦੇ ਮੇਨ ਚੌਕ ਵਿਖੇ ਬੱਸ ਦੀ ਲਪੇਟ 'ਚ ਆਉਣ ਕਾਰਨ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਦੀ ਮੌਤ ਦੇ ਮਾਮਲੇ 'ਚ ਮ੍ਰਿਤਕ ਦੇ ਭਰਾ ਦੇ ਬਿਆਨਾਂ 'ਤੇ ਕਥਿਤ ਦੋਸ਼ੀ ਅਣਪਛਾਤੇ ਬੱਸ ਚਾਲਕ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਥਾਣਾ ਤਲਵੰਡੀ ਭਾਈ ਦੇ ਹੌਲਦਾਰ ਬਲਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ 'ਚ ਚਮਕੌਰ ਸਿੰਘ ਪੁੱਤਰ ਠਾਣਾ ਸਿੰਘ ਵਾਸੀ ਮੰਗੇਵਾਲ ਨੇ ਦੱਸਿਆ ਕਿ ਉਸ ਦਾ ਭਰਾ ਬਲਵਿੰਦਰ ਸਿੰਘ ਅਤੇ ਮੇਜਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਮੰਗੇਵਾਲ ਨੂੰ ਨਾਲ ਲੈ ਕੇ ਜਾ ਰਿਹਾ ਸੀ, ਜਦੋਂ ਉਹ ਮੋਟਰਸਾਈਕਲ 'ਤੇ ਤਲਵੰਡੀ ਭਾਈ ਤੋਂ ਫ਼ਰੀਦਕੋਟ ਜਾ ਰਿਹਾ ਸੀ ਤਾਂ ਇਕ ਤੇਜ਼ ਰਫਤਾਰ ਪਨਬੱਸ ਨੰਬਰ ਪੀ.ਬੀ-03ਏ.ਜੇ.-6133 ਦੇ ਅਣਪਛਾਤੇ ਚਾਲਕ ਨੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਬਲਵਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਮੇਜਰ ਸਿੰਘ ਨੂੰ ਜ਼ਖ਼ਮੀ ਹਾਲਤ ਵਿੱਚ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਜਿੱਥੇ ਉਸ ਦੀ ਵੀ ਮੌਤ ਹੋ ਗਈ। ਮਾਮਲੇ ਦੀ ਜਾਂਚ ਕਰ ਰਹੇ ਬਲਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ 'ਚ ਅਣਪਛਾਤੇ ਬੱਸ ਚਾਲਕ ਖਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਔਰਤ ਕੋਲੋਂ ਸੋਨੇ ਦੀਆਂ ਚੂੜੀਆਂ ਖੋਹ ਕੇ ਫ਼ਰਾਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਸ੍ਰੀ ਮੁਕਤਸਰ ਸਾਹਿਬ ਦੇ ਬੈਂਕ ਰੋਡ ਤੋਂ ਲੁਟੇਰੇ ਔਰਤ ਦੇ ਪਾਈਆਂ 2 ਸੋਨੇ ਦੀਆਂ ਚੂੜੀਆਂ ਖੋਹ ਕੇ ਫ਼ਰਾਰ ਹੋ ਗਏ।ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।ਕ੍ਰਿਸ਼ਨਾ ਰਾਣੀ ਪਤਨੀ ਵਕੀਲ ਚੰਦ ਨੇ ਪੁਲਸ ਨੂੰ ਦੱਸਿਆ ਸੀ ਕਿ ਉਹ ਮੰਦਰ ਤੋਂ ਵਾਪਸ ਆਪਣੇ ਘਰ ਨੂੰ ਆ ਰਹੀ ਸੀ ਤੇ ਦੋ ਮੋਟਰਸਾਈਕਲਾਂ 'ਤੇ ਸਵਾਰ ਚਾਰ ਵਿਅਕਤੀਆਂ ਨੇ ਉਸ ਕੋਲੋਂ ਸੋਨੇ ਦੀਆਂ ਚੂੜੀਆਂ ਖੋਹ ਲਈਆਂ।

## ਅੰਬੇਡਕਰ ਪਾਰਕ ਦੀ ਸਾਂਭ-ਸੰਭਾਲ ਯਕੀਨੀ ਬਣਾਏ ਪ੍ਰਸ਼ਾਸਨ : ਅਨੁਰਾਗ ਸ਼ਰਮਾ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਪਿਛਲੇ ਲੰਮੇ ਸਮੇਂ ਤੋਂ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਦੇ ਦਫਤਰ ਕੋਲ ਅੰਬੇਡਕਰ ਪਾਰਕ ਦਾ ਬਹੁਤ ਬੁਰਾ ਹਾਲ ਹੈ।ਕਈ ਵਾਰ ਖਬਰਾਂ ਲੱਗਣ ਤੋਂ ਬਾਅਦ ਵੀ ਪ੍ਰਸ਼ਾਸਨ ਦਾ ਅੰਬੇਡਕਰ ਪਾਰਕ ਦੀ ਸਾਂਭ ਸੰਭਾਲ ਵੱਲ ਕੋਈ ਧਿਆਨ ਨਹੀਂ ਹੈ। ਤਾਜ਼ਾ ਮਾਮਲਾ ਦੱਸਦੇ ਹੋਏ ਅਨੁਰਾਗ ਸ਼ਰਮਾ ਨੇ ਦੱਸਿਆ ਕਿ ਪਾਰਕ ਦੀਆਂ ਗਰਿੱਲਾਂ ਟੁੱਟ ਚੁੱਕੀਆਂ ਹਨ। ਗਰਿੱਲਾਂ ਟੁੱਟੀਆਂ ਹੋਣ ਕਰਕੇ ਅਕਸਰ ਬੇਸਹਾਰਾ ਪਸ਼ੂ ਆਉਂਦੇ ਹਨ।ਪਾਰਕ ਵਿੱਚ ਮਾਲੀ ਦਾ ਕੋਈ ਇੰਤਜ਼ਾਮ ਨਹੀਂ ਹੈ। ਅਨੁਰਾਗ ਸ਼ਰਮਾ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਅੰਬੇਡਕਰ ਪਾਰਕ ਦੀ ਸਾਂਭ ਸੰਭਾਲ ਕੀਤੀ ਜਾਵੇ।

# ਪੀਲਾ ਕਾਰਡ ਧਾਰਕ ਪੱਤਰਕਾਰਾਂ ਵੱਲੋਂ ਪ੍ਰੈੱਸ ਵੈੱਲਫੇਅਰ ਕਲੱਬ ਦਾ ਗਠਨ



ਰਾਜਪੁਰਾ (ਰਮੇਸ਼ ਕਟਾਰੀਆ)-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਪੀਲਾ ਕਾਰਡ ਧਾਰਕ ਰਾਜਪੁਰਾ ਦੇ ਪੱਤਰਕਾਰਾਂ ਨੇ ਪ੍ਰੈੱਸ ਵੈੱਲਫੇਅਰ ਕਲੱਬ ਰਾਜਪੁਰਾ ਦਾ ਗਠਨ ਕੀਤਾ ਹੈ।ਅੱਜ ਹੋਈਆਂ ਚੋਣਾਂ ਵਿੱਚ ਨਾਮਜ਼ਦਗੀ ਦਾਖ਼ਲ ਕਰਨ ਸਮੇਂ ਜਦੋਂ ਪ੍ਰਧਾਨ ਦੇ ਅਹੁਦੇ ਲਈ ਅਸ਼ੋਕ ਪ੍ਰੇਮੀ ਤੋਂ ਇਲਾਵਾ ਕੋਈ ਹੋਰ ਨਾਂਅ ਅੱਗੇ ਨਹੀਂ ਆਇਆ ਤਾਂ ਚੋਣ ਅਧਿਕਾਰੀ ਨੇ ਐਡਵੋਕੇਟ ਰਣਜੀਤ ਸਿੰਘ, ਸੰਜੇ ਚਾਵਲਾ ਤੇ ਜੀ ਪੀ ਸਿੰਘ ਨੇ ਅਸ਼ੋਕ ਪ੍ਰੇਮੀ ਨੂੰ ਬਿਨਾਂ ਮੁਕਾਬਲਾ ਪ੍ਰਧਾਨ ਐਲਾਨ ਦਿੱਤਾ।ਇਸ ਮੌਕੇ ਜਾਣਕਾਰੀ ਦਿੰਦਿਆਂ ਚੋਣ ਅਧਿਕਾਰੀ ਐਡਵੋਕੇਟ ਰਣਜੀਤ ਸਿੰਘ, ਸੰਜੇ ਚਾਵਲਾ ਤੇ ਜੀ ਪੀ ਸਿੰਘ ਨੇ ਦੱਸਿਆ ਕਿ 21 ਸਤੰਬਰ ਨੂੰ ਹੋਈ ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਉਪਰੋਕਤ ਤਿੰਨਾਂ ਨੂੰ ਚੋਣ ਅਧਿਕਾਰੀ ਨਿਯੁਕਤ ਕੀਤਾ ਸੀ, ਜਿਸ ਤੋਂ ਬਾਅਦ ਚੋਣ ਕਰਵਾਉਣ ਲਈ ਨਾਮਜ਼ਦਗੀਆਂ ਪ੍ਰਧਾਨ ਦਾ ਅਹੁਦਾ 23 ਸਤੰਬਰ ਨੂੰ ਸਵੇਰੇ 11.30 ਵਜੇ ਤੋਂ ਦੁਪਹਿਰ 12 ਵਜੇ ਤੱਕ ਰੱਖਿਆ ਗਿਆ ਸੀ।ਉਸ ਸਮੇਂ ਹਾਜ਼ਰ ਸਮੂਹ ਪੱਤਰਕਾਰਾਂ ਵੱਲੋਂ ਪ੍ਰਧਾਨ ਦੇ ਅਹੁਦੇ ਲਈ ਕੇਵਲ ਅਸ਼ੋਕ ਪ੍ਰੇਮੀ ਨੇ ਹੀ ਆਪਣਾ ਨਾਂਅ ਦਾਇਰ ਕੀਤਾ। ਨਾਮਜ਼ਦਗੀ ਦੀ ਸਮਾਂ ਸੀਮਾ ਖਤਮ ਹੋਣ ਤੋਂ ਬਾਅਦ ਚੋਣ ਅਧਿਕਾਰੀਆਂ ਦੀ ਟੀਮ ਨੇ ਅਸ਼ੋਕ ਪ੍ਰੇਮੀ ਨੂੰ ਦੋ ਸਾਲਾਂ ਲਈ ਪ੍ਰਧਾਨ ਐਲਾਨ ਦਿੱਤਾ ਅਤੇ ਉਨ੍ਹਾਂ ਨੂੰ ਕਾਰਜਕਾਰਨੀ ਬਣਾਉਣ ਦਾ ਅਧਿਕਾਰ ਵੀ ਦੇ ਦਿੱਤਾ।ਗਰੁੱਪ ਆਫ ਜਰਨਲਿਸਟ ਦੀ ਤਰਫੋਂ ਨਵਨਿਯੁਕਤ ਪ੍ਰਧਾਨ ਅਸ਼ੋਕ ਪ੍ਰੇਮੀ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕਰਨ ਉਪਰੰਤ ਅਸ਼ੋਕ ਪ੍ਰੇਮੀ ਨੇ ਉਨ੍ਹਾਂ ਨੂੰ ਬਿਨਾਂ ਮੁਕਾਬਲਾ ਪ੍ਰਧਾਨ ਚੁਣੇ ਜਾਣ 'ਤੇ ਸਮੂਹ ਸਤਿਕਾਰਤ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ 'ਆਪ' ਨੇ ਸਮੂਹ-ਬੰਦੀ ਖਤਮ ਕਰਕੇ ਇਕਜੁੱਟਤਾ ਦਾ ਸਬੂਤ ਦਿੱਤਾ ਹੈ।

I, Sukhwinder Singh S/O Kuldip Singh, R/o Village Mehroli, Po Mengewal, Tehsil Anandpur Sahib, Mehrauli, Mangewal, Rupnagar, Punjab-140123. Declare that Name of My Father has been wrongly written as Kuldeep Singh in my Passport-X3650652 . The actual name of My Father is Kuldip Singh, which may be amended accordingly.

I, Geeta Sandhu D/O Ram Dass R/o. 609, Urban Estate, Phagwara, District Kapurthala, Punjab, India-144401 inform that I have obtained a PNB Metlife Policy vide No: 21410536 in which my father name is mentioned as MEHANGA SINGH, which is wrong. My father's actual and correct name is RAM DASS.

I, Pratipal Singh (Aadhar No. 9570 2388 9146) S/o S. Gurbaksh Singh Resident of H. No. 22-A, Kamal Nagar, Jalandhar declare that both the name Pritpal Singh and Pratipal Singh pertain to one and the same person.

I, Anju W/o Nirdosh Kumar Inderjit Singh R/o H. No. 11, Kutia Road, Basti Danishmandan Jalandhar declare that my original sale deed bearing Vasika No. 1458 dated 21.05.2008 duly registered with the office of Sub registrar Jalandhar-II has been lost. I am the owner of the property and i have to take lone from the Bank against the mortgage of the property, If some one have objections on it then he/she can contact me.

We, Swaran Singh S/o Puran Singh and Krishna Devi W/o Swaran Singh both R/o H.No. WQ-209, Mohalla Chai Aam, Basti Sheikh, Jalandhar declare that our son Davinder Singh and his wife Binder Kaur are out of our control. We disinherit them from our movable and immovable property. We and our family shall not be held responsible for any of their acts, deeds and things. All please note.

I, Anu Kapoor W/o Shammi Kapoor R/o Lane No. 5, H.No. 136, Friends Colony, Opposite D.A.V. College, Jalandhar, Punjab certified that I have no concern/relation with my elder brother Prem Pal alongwith his wife Geeta Dhir Living separately. Myself and other family members shall not be held responsible for any kind of act, deeds, dealing of themself to any person/party related to them. All Please Note.

I, Satya Devi W/o Gopal Dass R/o Vill. Nawan Shalla (Chawa), P.O. Pul Tibri, Pincode-143530, Tehsil/Distt. Gurdaspur, Punjab, India, declare that my name Satya Devi and Date of Birth 01.01.1970 is wrony. But my name Satya Devi Papey and Date of Birth 02.01.1970 is correct.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਏਸ਼ੀਆ ਬਾਕਸਿੰਗ ਚੈਂਪੀਅਨਸ਼ਿਪ 'ਚ ਸਿਲਵਰ ਮੈਡਲ ਜੇਤੂ ਯੋਗਿਮਾ ਕਲਿਆਣ ਦਾ ਸਨਮਾਨ



**ਸਮਾਣਾ (ਇਕਬਾਲ ਸਿੰਘ)**-ਸਮਾਣਾ ਦੀ ਹੋਣਹਾਰ ਧੀ ਯੋਗਿਮਾ ਕਲਿਆਣ ਨੇ ਏਸ਼ੀਆ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਸਿਲਵਰ ਮੈਡਲ ਜਿੱਤ ਕੇ ਸਮਾਣਾ ਸ਼ਹਿਰ ਦਾ ਨਾਮ ਰੋਸ਼ਨ ਕੀਤਾ ਹੈ।ਜਿਸ ਦੇ ਚਲਦਿਆਂ ਰੋਟਰੀ ਕਲੱਬ ਸਮਾਣਾ ਸੈਂਟਰਲ ਵੱਲੋਂ ਪ੍ਰਧਾਨ ਪ੍ਰਦੀਪ ਗੋਇਲ ਮਿੱਕਾ ਤੇ ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਪ੍ਰਧਾਨ ਰਮਨ ਮਹਿੰਦਰਾ ਦੀ ਅਗਵਾਈ ਹੇਠ ਯੋਗਿਮਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਵਧਾਈ ਦਿੱਤੀ।ਇਸ ਮੌਕੇ ਪ੍ਰਦੀਪ ਗੋਇਲ ਮਿੱਕਾ ਤੇ ਰਮਨ ਮਹਿੰਦਰਾ ਨੇ ਕਿਹਾ ਕਿ ਯੋਗਿਮਾ ਕਲਿਆਣ ਦੇ ਇਹ ਮੈਡਲ ਜਿੱਤਣ ਨਾਲ ਉਸ ਦੇ ਮਾਪਿਆਂ ਤੇ ਸ਼ਹਿਰ ਦਾ ਨਾਮ ਰੋਸ਼ਨ ਹੋਇਆ ਹੈ।ਇਸ ਮੌਕੇ ਕਮਲ ਸ਼ਰਮਾ, ਰਮੇਸ਼ ਅਨੇਜਾ, ਹਰਜਿੰਦਰ ਸਿੰਘ ਜਵੰਦਾ, ਭਰਤ ਗਾਇਕ ਆਸ਼ੂ ਸਮਾਣਾ, ਰਣਜੀਤ ਰਾਣਾ ਸ਼ਨੀ ਪੰਘਲੀ, ਸਾਹਿਲ ਭਟਨਾਗਰ, ਰੈਲੀ ਸਿੰਗਲਾ, ਸ੍ਰੀ ਹੰਸ ਰਾਜ ਕਲਿਆਣ, ਜੀਵਨ ਧਾਲੀਵਾਲ, ਕਰਨ ਕਲਿਆਣ, ਸੰਨੂੰ ਕਲਿਆਣ, ਧਰਮਵੀਰ ਕਲਿਆਣ, ਪ੍ਰਦੀਪ ਮੱਟੂ, ਜੋਗਿੰਦਰ ਲਾਲ ਮੱਟੂ, ਡਾ. ਜੀਵਨ ਕਲਿਆਣ ਆਦਿ ਮੌਜੂਦ ਰਹੇ।

## ਮਾਤਾ ਗੁਰਮੇਲ ਕੌਰ ਨੂੰ ਕਾਂਗਰਸ ਪਾਰਟੀ ਵੱਲੋਂ ਭਾਵਭਿੰਨੀ ਸ਼ਰਧਾਂਜਲੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** - ਆੜ੍ਹਤੀਆ ਹਰਦਿਆਲ ਸਿੰਘ ਮਾਂਗਟ ਦੇ ਸਤਿਕਾਰਯੋਗ ਮਾਤਾ ਤੇ ਸਮਾਜ ਸੇਵੀ ਜਸਵਿੰਦਰ ਸਿੰਘ ਮਾਂਗਟ ਦੀ ਦਾਦੀ ਮਾਤਾ ਗੁਰਮੇਲ ਕੌਰ ਮਾਂਗਟ ਦਾ ਅੰਤਿਮ ਸੰਸਕਾਰ ਸੋਮਵਾਰ ਪਿੰਡ ਹਮੀਦੀ ਵਿਖੇ ਵੱਡੀ ਗਿਣਤੀ 'ਚ ਪਹੁੰਚੇ ਵੱਖ ਵੱਖ ਆਗੂਆਂ, ਇਲਾਕੇ ਦੇ ਲੋਕਾਂ, ਮੁਹਤਬਰਾਂ ਦੀ ਹਾਜ਼ਰੀ ਵਿੱਚ ਕਰ ਦਿੱਤਾ ਗਿਆ।ਇਸ ਮੌਕੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ, ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਕਾਂਗਰਸ ਪਾਰਟੀ ਵੱਲੋਂ ਮਾਤਾ ਗੁਰਮੇਲ ਕੌਰ ਮਾਂਗਟ ਦੀ ਦੇਹ ਉੱਪਰ ਦੁਸ਼ਾਲਾ ਭੇਟ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ।ਇਸ ਮੌਕੇ ਕਲੱਬ ਪ੍ਰਧਾਨ ਅਮਨਦੀਪ ਸਿੰਘ ਵਿਰਕੀ, ਹਰਪ੍ਰੀਤ ਸਿੰਘ ਬਾਜਵਾ, ਜਥੇ: ਨਾਥ ਸਿੰਘ ਹਮੀਦੀ, ਪ੍ਰਧਾਨ ਏਕਮ ਸਿੰਘ ਦਿਉਲ, ਰਾਗੀ ਭਾਈ ਜਸਪਾਲ ਸਿੰਘ, ਦਰਸ਼ਨ ਸਿੰਘ ਰਾਣੂ, ਬੂਟਾ ਸਿੰਘ ਪਾਲ, ਧੰਨਾ ਸਿੰਘ ਦਿਉਲ, ਆੜ੍ਹਤੀਆ ਮਦਨ ਲਾਲ, ਵੇਦ ਪ੍ਰਕਾਸ਼, ਕ੍ਰਿਸ਼ਨ ਲਾਲ, ਅਸ਼ੋਕ ਕੁਮਾਰ, ਜੀਵਨ ਲਾਲ, ਦਿਨੇਸ਼ ਕੁਮਾਰ, ਵਿਜੇ ਕੁਮਾਰ, ਇੰਸਪੈਕਟਰ ਕੁਲਦੀਪ ਸਿੰਘ, ਮਨਪ੍ਰੀਤ ਸਿੰਘ, ਬਲਦੇਵ ਸਿੰਘ ਬਰਨਾਲਾ, ਹਰਪ੍ਰੀਤ ਸਿੰਘ ਵਿਰਕ, ਮਨਪ੍ਰੀਤ ਸਿੰਘ, ਹਰਜੋਤ ਸਿੰਘ ਬੱਲ੍ਹ, ਗੁਰਜੰਟ ਸਿੰਘ ਰਾਣੂ, ਨੰਬਰਦਾਰ ਦਰਸ਼ਨ ਸਿੰਘ ਬਿੰਦ, ਅਜਮੇਰ ਸਿੰਘ ਰਾਣੂ, ਜਥੇ: ਕੌਰ ਸਿੰਘ ਰਾਣੂ, ਗੁਰਚਰਨ ਸਿੰਘ ਦਿਉਲ, ਭਾਈ ਸੇਵਕ ਸਿੰਘ ਕਰਮਗੜ੍ਹ, ਬਲਦੇਵ ਸਿੰਘ ਰਾਣੂ, ਡਾ: ਬਲਵੰਤ ਰਾਏ, ਹਰਤੇਜ ਸਿੰਘ ਠੁੱਲੀਵਾਲ, ਡਾ: ਜਸਪਾਲ ਸਿੰਘ ਮਾਂਗਟ, ਅਮਰ ਸਿੰਘ ਚੋਪੜਾ, ਆੜ੍ਹਤੀਆ ਉਪਜੀਤ ਸਿੰਘ ਮਾਂਗਟ, ਭਾਈ ਅਮਰਜੀਤ ਸਿੰਘ ਹਮੀਦੀ, ਜਰਨੈਲ ਸਿੰਘ ਠੁੱਲੀਵਾਲ, ਸੁਰਜਣ ਸਿੰਘ ਸੋਨੀ ਆਦਿ ਹਾਜ਼ਰ ਸਨ।

## ਕਲੇਰੀਅਨ ਬੱਚਿਆਂ ਨੇ ਸੋਨ ਤਗਮਿਆਂ 'ਤੇ ਧਾਵਾ ਬੋਲਿਆ



**ਬਠਿੰਡਾ (ਰਾਜੀਵ ਗੋਇਲ)**-ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਦੇ ਹਾਕੀ ਖਿਡਾਰੀਆਂ ਸੁਖਦੀਪ ਸਿੰਘ, ਤੇਗਵੀਰ ਸਿੰਘ, ਸਹਿਜਪ੍ਰੀਤ ਸਿੰਘ, ਕਮਲਦੀਪ ਸਿੰਘ, ਗੁਰਨੂਰਪ੍ਰੀਤ ਸਿੰਘ ਤੇ ਨਵਦੀਪ ਸਿੰਘ ਨੇ ਅੰਡਰ-19 ਦੇ ਉੜੀਸਾ ਵਿਖੇ ਹੋਏ ਹਾਕੀ ਮੁਕਾਬਲਿਆਂ ਵਿੱਚ 20 ਤੋਂ 22 ਸਤੰਬਰ ਦੇ ਨੈਸ਼ਨਲ ਪੱਧਰ ਦੇ ਹਾਕੀ ਮੁਕਾਬਲਿਆਂ ਵਿੱਚ ਨੈਸ਼ਨਲ ਇੰਡੀਆ ਟੀਮ ਵੱਲੋਂ ਭਾਗ ਲਿਆ ਤੇ ਪਿਸ ਮੈਚਾਂ ਵਿੱਚ ਹਾਕੀ ਦੀ ਖੇਡ ਵਿੱਚ ਚੰਗਾ ਪ੍ਰਦਰਸ਼ਨ ਕੀਤਾ। ਹਾਕੀ ਦੇ ਫਾਈਨਲ ਮੁਕਾਬਲੇ ਵਿੱਚ ਉੜੀਸਾ ਨੂੰ 3-0 ਨਾਲ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਗੋਲਡ ਮੈਡਲ ਪ੍ਰਾਪਤ ਕਰਕੇ ਆਪਣੇ ਕਲੇਰ ਸਕੂਲ ਦਾ, ਆਪਣੇ ਕੋਚ ਮਨਦੀਪ ਸਿੰਘ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਹਾਕੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਨ ਉਪਰੰਤ ਸੋਨ ਤਗਮੇ ਜਿੱਤਣ 'ਤੇ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ, ਚੇਅਰਪਰਸਨ ਮੈਡਮ ਹਰਦੀਪ ਕੌਰ ਕਲੇਰ, ਡਾਇਰੈਕਟਰ ਕੰਧਿਰੂਲ ਸਿੱਧੂ, ਪ੍ਰਿੰਸੀਪਲ ਸ਼ਸ਼ੀ ਕਾਂਤ, ਸੀਨੀਅਰ ਕੁਆਰਡੀਨੇਟਰ ਰੰਜੀਵ ਸ਼ਰਮਾ, ਸਮੂਹ ਸਟਾਫ਼ ਤੇ ਸਾਰੇ ਕੁਆਰਡੀਨੇਟਰਜ਼ ਨੇ ਹਾਕੀ ਖਿਡਾਰੀਆਂ, ਉਨ੍ਹਾਂ ਦੇ ਹਾਕੀ ਕੋਚ ਮਨਦੀਪ ਸਿੰਘ ਨੂੰ ਤੇ ਖਿਡਾਰੀਆਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਇਹ ਕਲੇਰ ਸਕੂਲ ਲਈ ਬੜੇ ਮਾਣ ਦੀ ਗੱਲ ਹੈ ਕਿ ਹਾਕੀ ਖਿਡਾਰੀਆਂ ਨੇ ਨੈਸ਼ਨਲ ਪੱਧਰ ਦੇ ਹਾਕੀ ਮੁਕਾਬਲਿਆਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਤੇ ਗੋਲਡ ਮੈਡਲ ਜਿੱਤੇ। ਉਨ੍ਹਾਂ ਕਿਹਾ ਕਿ ਇਹ ਸਭ ਹਾਕੀ ਕੋਚ ਮਨਦੀਪ ਸਿੰਘ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਹਾਕੀ ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਨਿੱਘਾ ਸੁਆਗਤ ਕੀਤਾ ਗਿਆ।

## ਪ੍ਰੋ: ਸੰਜੇ ਦਿਵੇਦੀ ਨੂੰ ਨੈਸ਼ਨਲ ਮੀਡੀਆ ਗੁਰੂ ਐਵਾਰਡ ਨਾਲ ਸਨਮਾਨਤ ਕੀਤਾ ਜਾਵੇਗਾ



**ਜੈਤੋ (ਸਤੀਸ਼ ਕੁਮਾਰ ਭੋਗੀ)**-ਕਲਪਵ੍ਰਿਕਸ਼ ਸਾਹਿਤ ਸੇਵਾ ਸੰਸਥਾ, ਪਾਲੀ (ਰਾਜਸਥਾਨ) ਵੱਲੋਂ 29 ਸਤੰਬਰ ਨੂੰ ਵੰਦੇ ਮਾਤਰਮ ਅਕੈਡਮੀ, ਪਾਲੀ ਵਿਖੇ ਸਿੱਖਿਆ ਸ਼ਾਸਤਰੀ ਪੰਡਤ ਵਿਸ਼ਨੂੰ ਪ੍ਰਸਾਦ ਚਤੁਰਵੇਦੀ ਦੀ ਯਾਦ ਵਿੱਚ ਦੂਜੀ ਰਾਸ਼ਟਰੀ ਲੈਕਚਰ ਸੀਰੀਜ਼ ਤੇ ਸਾਹਿਤਕ ਪੁਰਸਕਾਰ ਸਮਾਰੋਹ ਦਾ ਆਯੋਜਨ ਕੀਤਾ ਗਿਆ।ਸੰਸਥਾ ਦੇ ਪ੍ਰਧਾਨ ਪਵਨ ਪਾਂਡੇ ਤੇ ਕਨਵੀਨਰ ਰਾਜਿੰਦਰ ਸਿੰਘ ਭਾਟੀ ਨੇ ਦੱਸਿਆ ਕਿ ਸਮਾਗਮ ਵਿੱਚ ਮਨੁੱਖੀ ਕਦਰਾਂ-ਕੀਮਤਾਂ ਦੀ ਸਥਾਪਨਾ, ਸਾਹਿਤਕ ਲੇਖਣੀ, ਪੱਤਰਕਾਰੀ ਤੇ ਵਿੱਦਿਅਕ ਪੱਧਰ ਦੇ ਨਵੀਨੀਕਰਨ ਵਿੱਚ ਪਾਏ ਵਿਸ਼ੇਸ਼ ਯੋਗਦਾਨ ਲਈ ਭਾਰਤੀ ਜਨ ਸੰਚਾਰ ਸੰਸਥਾਨ ਨਵੀਂ ਦਿੱਲੀ ਦੇ ਸਾਬਕਾ ਡਾਇਰੈਕਟਰ ਜਨਰਲ ਪ੍ਰੋ. (ਡਾ.) ਸੰਜੇ ਦਿਵੇਦੀ ਜੀ ਨੂੰ ਪੰ. ਵਿਸ਼ਨੂੰ ਪ੍ਰਸਾਦ ਚਤੁਰਵੇਦੀ ਰਾਸ਼ਟਰੀ ਮੀਡੀਆ ਗੁਰੂ ਸਨਮਾਨ-2024 ਨਾਲ ਸਨਮਾਨਤ ਕੀਤਾ ਜਾਵੇਗਾ।ਭਾਰਤਬੋਧ, ਰਾਜਨੀਤਕ, ਸਮਾਜਿਕ ਤੇ ਮੀਡੀਆ ਮੁੱਦਿਆਂ 'ਤੇ ਪ੍ਰੋ. ਸੰਜੇ ਦਿਵੇਦੀ ਦੇ 3500 ਤੋਂ ਵੱਧ ਲੇਖ ਵੱਖ-ਵੱਖ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ।ਉਸ ਨੇ 35 ਕਿਤਾਬਾਂ ਲਿਖੀਆਂ ਤੇ ਸੰਪਾਦਿਤ ਕੀਤੀਆਂ।ਸੰਜੇ ਦਿਵੇਦੀ ਤਿਮਾਹੀ ਮੈਗਜ਼ੀਨ ਮੀਡੀਆ ਵਿਮਰਸ਼ ਦੇ ਆਨਰੇਰੀ ਸਲਾਹਕਾਰ ਸੰਪਾਦਕ ਵੀ ਹਨ।

## ਆਲ ਇੰਡੀਆ ਕਿਸਾਨ ਸਭਾ ਦੀ ਮੀਟਿੰਗ ਹੋਈ



**ਮੱਖੂ (ਰਛਪਾਲ ਸਿੰਘ ਸੰਧੂ)** ਆਲ ਇੰਡੀਆ ਕਿਸਾਨ ਸਭਾ ਬਲਾਕ ਮਖੂ ਦੀ ਮੀਟਿੰਗ ਜ਼ਿਲ੍ਹਾ ਆਗੂ ਰਛਪਾਲ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਪਿੰਡ ਮਹਿਮੂਦ ਵਾਲਾ ਵਿਖੇ ਹੋਈ।ਮੀਟਿੰਗ ਵਿੱਚ ਕਿਸਾਨ ਆਗੂਆਂ ਦੇ ਨਾਲ ਬੀਬੀਆਂ ਵੱਲੋਂ ਵੀ ਵੱਡੀ ਗਿਣਤੀ ਵਿੱਚ ਹਾਜ਼ਰੀ ਲਵਾਈ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਕਿਸਾਨ ਸਭਾ ਪੰਜਾਬ ਦੇ ਜਨਰਲ ਸਕੱਤਰ ਬਲਦੇਵ ਸਿੰਘ ਨਿਹਾਲਗੜ੍ਹ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ ਜ਼ਮੀਨਾਂ ਦੀਆਂ ਕਿਸਾਨਾਂ ਨੂੰ ਰਜਿਸਟਰੀਆਂ ਕਰਕੇ ਖ਼ਜ਼ਾਨੇ ਵਿੱਚ ਪੈਸੇ ਜਮ੍ਹਾਂ ਕਰਾ ਲਏ ਤੇ ਬਾਅਦ ਵਿੱਚ ਕੋਰਟ 'ਚ ਕੇਸ ਦਰਜ ਕਰਾ ਕੇ ਕਿਸਾਨਾਂ ਕੋਲੋਂ ਜ਼ਮੀਨਾਂ ਖੋਹ ਰਹੀ ਹੈ।ਕਿਸਾਨਾਂ ਵੱਲੋਂ ਬਹੁਤ ਹੀ ਮਿਹਨਤ ਨਾਲ ਜ਼ਮੀਨਾਂ ਨੂੰ ਵਾਹੀ ਯੋਗ ਬਣਾਇਆ ਗਿਆ, ਪਰ ਹੁਣ ਕੇਂਦਰ ਸਰਕਾਰ ਵਾਹੀ ਯੋਗ ਤਿਆਰ ਕੀਤੀਆਂ ਜ਼ਮੀਨਾਂ ਕਿਸਾਨਾਂ ਕੋਲੋਂ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਦੇਣਾ ਚਾਹੁੰਦੀ ਹੈ, ਜਿਸ ਦਾ ਆਲ ਇੰਡੀਆ ਕਿਸਾਨ ਸਭਾ ਤੇ ਹੋਰ ਕਿਸਾਨ ਜਥੇਬੰਦੀਆਂ ਨਾਲ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦਾ ਡਟ ਕੇ ਵਿਰੋਧ ਕਰੇਗੀ। ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਕਾਮਰੇਡ ਕਸ਼ਮੀਰ ਸਿੰਘ ਨੇ ਕਿਹਾ ਕਿ ਐਜੀਟੇਸ਼ਨ ਲਾਬੰਦ ਕਰਕੇ ਕੇਂਦਰ ਸਰਕਾਰ ਕੋਲੋਂ ਜ਼ਮੀਨਾਂ ਦੁਬਾਰਾ ਪੱਕੀਆਂ ਕਰਾਈਆਂ ਜਾਣਗੀਆਂ।ਇਸ ਮੀਟਿੰਗ ਵਿੱਚ ਆਲ ਇੰਡੀਆ ਕਿਸਾਨ ਸਭਾ ਦੇ ਜ਼ਿਲ੍ਹਾ ਫ਼ਿਰੋਜ਼ਪਰ ਦੇ ਆਗੂ ਰਛਪਾਲ ਸਿੰਘ ਸੰਧੂ, ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਕਾਮਰੇਡ ਪੂਰਨ ਸਿੰਘ ਮਾੜੀਮੇਘਾ, ਜ਼ਿਲ੍ਹਾ ਆਗੂ ਕਾਮਰੇਡ ਮਹਾਬੀਰ ਸਿੰਘ, ਬਲਾਕ ਆਗੂ ਰਤਨ ਸਿੰਘ, ਬਲਕਾਰ ਸਿੰਘ, ਬਲਬੀਰ ਸਿੰਘ ਵਸਤੀ ਸੋਢੀਆਂ, ਕਰਨੈਲ ਸਿੰਘ ਮੰਨੂ ਮਾਛੀ, ਰੂੜ ਸਿੰਘ, ਕਿਸ਼ੋਰ ਸਿੰਘ ਸਾਬਕਾ ਸਰਪੰਚ ਮਹਿਮੂਦ ਵਾਲਾ, ਮੰਗਲ ਸਿੰਘ, ਰੇਸ਼ਮ ਸਿੰਘ, ਜਰਨੈਲ ਸਿੰਘ ਆਗੂ ਬਲਾਕ ਮਖੂ, ਬਲਜੀਤ ਸਿੰਘ ਮਹਿਮੂਦ ਵਾਲਾ, ਗੁਰਮੇਜ ਸਿੰਘ ਖੰਨਾ, ਕਮਲ ਸਿੰਘ ਮੱਖੂ, ਗੁਰਮੁੱਖ ਸਿੰਘ ਮੱਲਾਂਵਾਲਾ, ਮਨਜੀਤ ਸਿੰਘ ਕੁੱਲਾ ਪੱਟੀ ਆਦਿ ਕਿਸਾਨ ਹਾਜ਼ਰ ਸਨ।

## ਪੰਚਾਇਤੀ ਚੋਣਾਂ ਪਾਰਦਰਸ਼ੀ ਢੰਗ ਨਾਲ ਕਰਵਾਏ ਸੂਬਾ ਸਰਕਾਰ : ਹਰਿੰਦਰ ਮਹਿਰਾਜ



**ਬਠਿੰਡਾ (ਰਾਜੀਵ ਗੋਇਲ)**-ਸੂਬੇ ਦੇ ਹਾਲਾਤ ਪੁਰਾਣੇ ਸਮਿਆਂ ਦੀ ਯੂ.ਪੀ ਵਰਗੇ ਹੋ ਗਏ ਹਨ ਤੇ ਵਪਾਰੀ ਪੰਜਾਬ ਛੱਡਣ ਲਈ ਮਜਬੂਰ ਹੋ ਗਏ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਬ) ਦੇ ਹਲਕਾ ਰਾਮਪੁਰਾ ਫੂਲ ਦੇ ਮੁੱਖ ਸੇਵਾਦਾਰ ਹਰਿੰਦਰ ਸਿੰਘ ਮਹਿਰਾਜ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਦੁਕਾਨਦਾਰ ਆਪਣੀਆਂ ਦੁਕਾਨਾਂ ਅੰਦਰ ਵੀ ਮਹਿਫੂਜ਼ ਨਹੀਂ ਹਨ ਤੇ ਔਰਤਾਂ ਦਾ ਘਰੋਂ ਨਿਕਲਣਾ ਮੁਸ਼ਕਲ ਹੋ ਗਿਆ ਹੈ। ਸ਼ਰੇਆਮ ਕਤਲ, ਲੁੱਟਖੋਹ, ਫਿਰੌਤੀਆਂ, ਦੁਕਾਨਾਂ ਅੰਦਰ ਸ਼ਰੇਆਮ ਹੋ ਰਹੀਆਂ ਲੁੱਟ-ਖੋਹ ਦੀਆਂ ਵਾਰਦਾਤਾਂ ਨੇ ਅੱਜ ਸੂਬੇ ਦੇ ਵਪਾਰੀ ਨੂੰ ਹੋਰ ਸੂਬਿਆਂ ਵਿੱਚ ਰਹਿਣ ਬਸੇਰਾ ਬਣਾਉਣ ਲਈ ਮਜਬੂਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਾਲਾਤ ਮੁਤਾਬਕ ਸਾਡਾ ਸੂਬਾ ਪੁਰਾਣੇ ਸਮਿਆਂ ਦੀ ਯੂ.ਪੀ ਨੂੰ ਵੀ ਪਿੱਛੇ ਛੱਡ ਚੁੱਕਿਆ ਹੈ। ਆਏ ਦਿਨ ਸੂਬੇ ਅੰਦਰ ਵਾਪਰ ਰਹੀਆਂ ਵਾਰਦਾਤਾਂ ਅਖ਼ਬਾਰਾਂ ਦੀਆਂ ਮੁੱਖ ਸੁਰਖੀਆਂ ਬਣ ਚੁੱਕੀਆਂ ਹਨ। ਦੂਜੇ ਪਾਸੇ ਪੰਚਾਇਤੀ ਚੋਣਾਂ ਨੂੰ ਲੈ ਕੇ ਗੱਲਬਾਤ ਕਰਦੇ ਹੋਏ ਮਹਿਰਾਜ ਨੇ ਕਿਹਾ ਕਿ ਮੌਜੂਦਾ ਸਰਕਾਰ ਬਦਲਾਅ ਦਾ ਨਾਅਰਾ ਲੈ ਕੇ ਆਈ ਸੀ ਤੇ ਸੂਬੇ ਅੰਦਰ ਆਪ ਵੱਲੋਂ ਕਿੰਨਾ ਬਦਲਾਅ ਕੀਤਾ ਗਿਆ ਹੈ, ਇਹ ਸਾਡੇ ਸਭ ਦੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਜੇਕਰ ਸੂਬੇ ਅੰਦਰ ਆਮ ਆਦਮੀ ਪਾਰਟੀ ਨਿਰਪੱਖ ਢੰਗ ਨਾਲ ਪੰਚਾਇਤੀ ਚੋਣਾਂ ਕਰਾਏ ਤਾਂ ਸੂਬੇ ਅੰਦਰ ਬਦਲਾਅ ਦੀ ਸਥਿਤੀ ਸਪੱਸ਼ਟ ਹੋ ਜਾਵੇਗੀ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹੱਕ 'ਚ ਅਦਾਲਤੀ ਫ਼ੈਸਲਿਆਂ ਦਾ ਸਤਿਕਾਰ ਕਰੇ ਪੰਜਾਬ ਸਰਕਾਰ



**ਕੋਟਕਪੂਰਾ (ਗੁਰਮੀਤ ਭੁੱਲਰ)** ਪੰਜਾਬ ਦੇ ਵੱਖ-ਵੱਖ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿੱਚ ਕੰਮ ਕਰਦੇ ਲੱਖਾਂ ਮੁਲਾਜ਼ਮ ਤੇ ਸੇਵਾਮੁਕਤ ਹੋਏ ਪੈਨਸ਼ਨਰ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਪਿਛਲੇ ਕਾਫੀ ਸਮੇਂ ਤੋਂ ਲਗਾਤਾਰ ਸੰਘਰਸ਼ ਕਰ ਰਹੇ ਹਨ।ਇਸ ਦੇ ਨਾਲ ਹੀ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ 1 ਜਨਵਰੀ 2016 ਤੋਂ 30 ਜੂਨ 2021 ਤੱਕ ਦਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਬਣਦਾ ਬਕਾਇਆ ਲੈਣ ਲਈ, ਸੋਧੀ ਹੋਈ ਲੀਵ ਇਨਕੈਸ਼ਮੈਂਟ ਪ੍ਰਾਪਤ ਕਰਨ ਲਈ, ਮਹਿੰਗਾਈ ਭੱਤੇ ਦੀਆਂ ਬਕਾਇਆ ਪਈਆਂ ਸਾਰੀਆਂ ਕਿਸ਼ਤਾਂ ਤੇ ਬਣਦਾ ਬਕਾਇਆ ਲੈਣ ਲਈ ਅਤੇ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਵੱਲੋਂ ਪੈਨਸ਼ਨਰਾਂ ਲਈ ਸਿਫ਼ਾਰਸ਼ ਕੀਤੇ ਗਏ 2.59 ਦੇ ਗੁਣਾਂਕ ਨੂੰ ਲਾਗੂ ਕਰਾਉਣ ਲਈ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਸੈਂਕੜੇ ਰਿਟ ਪਟੀਸ਼ਨਜ਼ ਦਾਇਰ ਕਰਨ ਤੇ ਪਿਛਲੇ ਸਮੇਂ ਦੌਰਾਨ ਮਾਨਯੋਗ ਅਦਾਲਤ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹੱਕ ਵਿੱਚ ਆਏ ਫ਼ੈਸਲਿਆਂ ਨੂੰ ਲਾਗੂ ਕਰਾਉਣ ਲਈ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਪੰਜਾਬ ਸਰਕਾਰ ਵਿਰੁੱਧ ਅਦਾਲਤੀ ਮਾਣਹਾਨੀ ਦੇ ਕੇਸ ਦਾਇਰ ਕਰਨ ਲਈ ਮਜਬੂਰ ਹੋ ਰਹੇ ਹਨ।ਇਸ ਸਾਰੇ ਮਾਮਲੇ ਸਬੰਧੀ ਟਿੱਪਣੀ ਕਰਦੇ ਹੋਏ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ ਚੰਡੀਗੜ੍ਹ ਦੇ ਸੂਬਾ ਸਰਪ੍ਰਸਤ ਤਰਨ ਸਿੰਘ ਸਰਾਂਵਾ, ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਤੇ ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਐਡੀਸ਼ਨਲ ਜਨਰਲ ਸਕੱਤਰ ਕਰਤਾਰ ਸਿੰਘ ਪਾਲ, ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਜਨਰਲ ਸਕੱਤਰ ਪ੍ਰੇਮ ਚਾਵਲਾ ਤੇ ਐਡੀਸ਼ਨਲ ਜਨਰਲ ਸਕੱਤਰ ਸੱਤਿਆ ਪਾਲ ਗੁਪਤਾ, ਪ੍ਰੈਸ ਸਕੱਤਰ ਭੁਪਿੰਦਰ ਸਿੰਘ ਸੇਖੋਂ ਅਤੇ ਕੁਲਵੰਤ ਸਿੰਘ ਚਾਨੀ ਨੇ ਕਿਹਾ ਕਿ ਪੰਜਾਬ ਦੀ ਕੁੱਝ ਉੱਚ ਅਫ਼ਸਰਸ਼ਾਹੀ ਪੰਜਾਬ ਦਾ ਖ਼ਜ਼ਾਨਾ ਖ਼ਾਲੀ ਹੋਣ ਦਾ ਬਹਾਨਾ ਲਾ ਕੇ ਪੰਜਾਬ ਦੇ ਮੁੱਖ ਮੰਤਰੀ ਨੂੰ ਲਗਾਤਾਰ ਗੁੰਮਰਾਹ ਕਰ ਰਹੀ ਹੈ, ਜਿਸਦੇ ਨਤੀਜੇ ਵਜੋਂ ਪੰਜਾਬ ਸਰਕਾਰ ਤੇ ਹੁਕਮਰਾਨ ਆਮ ਆਦਮੀ ਪਾਰਟੀ ਦੀ ਰਾਜਨੀਤਕ ਸਥਿਤੀ ਦਿਨੋਂ ਦਿਨ ਲੋਕਾਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਮਨਾਂ ਵਿੱਚ ਖਰਾਬ ਹੋਣ ਦੇ ਨਾਲ-ਨਾਲ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਸਾਹਿਬਾਨ ਦੀ ਨਜ਼ਰ ਵਿੱਚ ਵੀ ਕਾਫ਼ੀ ਖਰਾਬ ਹੋ ਰਹੀ ਹੈ, ਜਿਸ ਦੀ ਸਪੱਸ਼ਟ ਉਦਾਹਰਣ ਹੈ ਕਿ ਮਾਨਯੋਗ ਅਦਾਲਤ ਵੱਲੋਂ ਵੱਖ-ਵੱਖ ਮਾਣਹਾਨੀ ਕੇਸਾਂ ਦੀ ਸੁਣਵਾਈ ਕਰਦਿਆਂ ਅਦਾਲਤੀ ਫ਼ੈਸਲੇ ਲਾਗੂ ਨਾ ਕਰਨ ਲਈ ਜ਼ਿੰਮੇਵਾਰ ਅਧਿਕਾਰੀਆਂ ਨੂੰ ਆਪਣੀਆਂ ਜੇਬਾਂ ਵਿੱਚੋਂ ਕਾਸਟ ਭਰਨ ਲਈ ਲਗਾਤਾਰ ਫ਼ੈਸਲੇ ਆ ਰਹੇ ਹਨ। ਸਮੂਹ ਮੁਲਾਜ਼ਮ ਤੇ ਪੈਨਸ਼ਨਰ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲਮਕ ਅਵਸਥਾ ਵਿੱਚ ਪਈਆਂ ਸਾਰੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਕਰਨ ਲਈ ਲੋੜੀਂਦੇ ਪੱਤਰ ਜਾਰੀ ਕੀਤੇ ਜਾਣ ਅਤੇ ਮਾਨਯੋਗ ਅਦਾਲਤ ਵੱਲੋਂ ਪਿਛਲੇ ਸਮੇਂ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹੱਕ ਵਿੱਚ ਕੀਤੇ ਗਏ ਫ਼ੈਸਲੇ ਜਿਵੇਂ ਰਿਟਾਇਰਮੈਂਟ ਤੋਂ ਬਾਅਦ 10 ਸਾਲ ਤੋਂ ਜ਼ਿਆਦਾ ਕਮਿਊਟੇਸ਼ਨ ਦੀ ਕਟੌਤੀ ਬੰਦ ਕਰਨਾ, ਸੇਵਾ ਮੁਕਤੀ ਦੇ ਅਗਲੇ ਦਿਨ ਸਲਾਨਾ ਤਰੱਕੀ ਦਾ ਲਾਭ ਦੇਣ ਸਬੰਧੀ ਜਨਰਲਾਇਜ਼ ਕੀਤੀ ਜਾਣ ਤੇ ਪੈਨਸ਼ਨਰਾਂ ਦੀ ਤਰਜ਼ 'ਤੇ ਸਾਰੇ ਫ਼ੈਸਲੇ ਜਨਰਲਾਇਜ਼ ਕੀਤੇ ਜਾਣ।

## ਹੱਡਾਰੋੜੀ ਚੁਕਵਾਉਣ ਲਈ ਵਫਦ ਵੱਲੋਂ ਐੱਸ ਡੀ ਐੱਮ ਨੂੰ ਤੀਜੀ ਵਾਰ ਮੈਮੋਰੰਡਮ

**ਐੱਸ ਡੀ ਐੱਮ ਵੱਲੋਂ ਦੋਸ਼ੀਆਂ ਖ਼ਿਲਾਫ਼ ਜਲਦੀ ਸਖ਼ਤ ਐਕਸ਼ਨ ਦਾ ਭਰੋਸਾ**



**ਮਾਲੇਰਕੋਟਲਾ (ਅਸਲਮ ਪਰਿਹਾਰ)** ਹੱਡਾਰੋੜੀ ਚੁਕਾਓ ਪਰਿਵਾਰ ਬਚਾਓ ਕਮੇਟੀ ਦਾ ਵਫਦ ਸੋਮਵਾਰ ਮਾਨਯੋਗ ਐੱਸ ਡੀ ਐੱਮ ਮਾਲੇਰਕੋਟਲਾ ਮੈਡਮ ਅਪਰਨਾ ਐੱਮ ਬੀ, ਆਈ ਏ ਐੱਸ ਜੀ ਨੂੰ ਤੀਸਰੀ ਵਾਰ ਮਿਲਿਆ ਤੇ ਹੱਡਾਰੋੜੀ ਚੁਕਵਾਉਣ ਲਈ ਮੈਮੋਰੰਡਮ ਦਿੱਤਾ ਗਿਆ। ਵਫਦ ਨੇ ਕਿਹਾ ਕਿ ਕਾਰਜ ਸਾਧਕ ਅਫ਼ਸਰ ਮਾਲੇਰਕੋਟਲਾ ਵੱਲੋਂ ਉੱਚ ਅਧਿਕਾਰੀਆਂ ਨੂੰ ਗਲਤ ਜਾਣਕਾਰੀ ਦਿੱਤੀ ਜਾ ਰਹੀ ਹੈ ਕਿ ਠੇਕੇਦਾਰ ਵੱਲੋਂ ਨੌਧਰਾਣੀ ਫਾਟਕ ਦੇ ਨਜ਼ਦੀਕ ਖਾਲੀ ਜਗ੍ਹਾ ਉੱਪਰ ਮੁਰਦਾ ਜਾਨਵਰ ਸੁੱਟਣੇ ਬੰਦ ਕਰ ਦਿੱਤੇ ਹਨ ਅਤੇ ਜੋ ਮੁਰਦਾ ਜਾਨਵਰਾਂ ਦੀ ਉਸ ਜਗ੍ਹਾ ਵਿੱਚ ਰਹਿੰਦ ਖੂੰਹਦ ਸੀ, ਉਸ ਨੂੰ ਚੁੱਕਵਾ ਕੇ ਸਫ਼ਾਈ ਕਰਵਾ ਦਿੱਤੀ ਹੈ। ਵਫਦ ਵਿੱਚ ਸ਼ਾਮਲ ਮੁਲਾਜ਼ਮਾਂ ਦੇ ਸੂਬਾਈ ਆਗੂ ਤੇ ਮੁਹੱਲਾ ਨਿਵਾਸੀ ਰਣਜੀਤ ਸਿੰਘ ਰਾਣਵਾਂ, ਮਹਿੰਦਰ ਸਿੰਘ (ਰੇਲਵੇ), ਲਾਲ ਸਿੰਘ, ਲੱਡੂ ਰਾਮ, ਸਤਨਾਮ ਸਿੰਘ, ਅਜੇ ਕੁਮਾਰ, ਜਰਨੈਲ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਐੱਸ ਡੀ ਐੱਮ ਦੇ ਲਿਖਤੀ ਧਿਆਨ ਵਿੱਚ ਮੁੜ ਲਿਆਂਦਾ ਕਿ ਨੌਧਰਾਣੀ ਫਾਟਕਾਂ ਦੇ ਨਜ਼ਦੀਕ ਹਾਈਸਕੂਲ ਏਰੀਏ ਨਜ਼ਦੀਕ ਉਸੇ ਜਗ੍ਹਾ 'ਤੇ ਠੇਕੇਦਾਰ ਦੇ ਬੰਦੇ ਪੱਕਾ ਟੈਂਟ ਲਗਾ ਕੇ ਬੈਠਦੇ ਹਨ ਅਤੇ ਉਸ ਦੇ ਬੰਦਿਆਂ ਵੱਲੋਂ ਹੀ ਹੱਡਾਰੋੜੀ ਦਾ ਕੰਮ ਚਾਲੂ ਰੱਖਿਆ ਜਾ ਰਿਹਾ ਹੈ। ਹਰ ਰੋਜ਼ ਵੱਖੋ ਵੱਖਰੇ ਮੁਰਦਾ ਪਸ਼ੂਆਂ/ਹੱਡੀਆਂ ਦੀ ਰੱਖ ਰਖਾ, ਗੱਡੀਆਂ ਦੀ ਲੋਡਿੰਗ ਅਣ-ਲੋਡਿੰਗ ਜਾਰੀ ਰੱਖੀ ਜਾ ਰਹੀ ਹੈ। ਇਸ ਬਾਰੇ ਮਾਨਯੋਗ ਐੱਸ ਡੀ ਐੱਮ ਨੇ ਵੀ ਮੰਨਿਆ ਕਿ ਉਨ੍ਹਾਂ ਵੀ ਦੋ ਵਾਰ ਉਸ ਸਥਾਨ ਦੀ ਅਚਾਨਕ ਚੈਕਿੰਗ ਕੀਤੀ ਹੈ, ਕੰਮ ਅਜੇ ਵੀ ਜਾਰੀ ਹੈ।ਉਨ੍ਹਾਂ ਵਫਦ ਨੂੰ ਭਰੋਸਾ ਦੁਆਇਆ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ, ਜਲਦੀ ਹੀ ਡੂੰਘਾਈ ਨਾਲ ਵਿਚਾਰ ਕਰਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਐਕਸ਼ਨ ਲਿਆ ਜਾਵੇਗਾ।

## ਲਖਵੀਰ ਲੱਖਾ ਤੇ ਅਵਤਾਰ ਢਿਪਾਲੀ ਕਿਸਾਨ ਸੈੱਲ ਦੇ ਸੂਬਾ ਸੈਕਟਰੀ ਨਿਯੁਕਤ



**ਬਠਿੰਡਾ (ਰਾਜੀਵ ਗੋਇਲ)** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਕਿਸਾਨ ਸੈੱਲ ਵੱਲੋਂ ਆਲ ਇੰਡੀਆਂ ਕਿਸਾਨ ਵਿੰਗ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਹਲਕਾ ਰਾਮਪੁਰਾ ਫੂਲ ਨਾਲ ਸੰਬੰਧਤ ਭਗਤਾ ਭਾਈਕਾ ਦੇ ਵਸਨੀਕ ਉੱਘੇ ਨੌਜਵਾਨ ਕਾਂਗਰਸੀ ਆਗੂ ਲਖਵੀਰ ਸਿੰਘ ਲੱਖਾ ਤੇ ਅਵਤਾਰ ਸਿੰਘ ਢਿਪਾਲੀ ਨੂੰ ਕਿਸਾਨ ਸੈੱਲ ਦਾ ਸੂਬਾ ਸੈਕਟਰੀ ਨਿਯੁਕਤ ਕੀਤਾ ਗਿਆ ਹੈ। ਇਸ ਦੇ ਨਾਲ-ਨਾਲ ਰਣਜੀਤ ਸਿੰਘ ਦਿਆਲਪੁਰਾ ਭਾਈਕਾ ਨੂੰ ਭਗਤਾ ਬਲਾਕ ਦਾ ਪ੍ਰਧਾਨ ਤੇ ਭੁਪਿੰਦਰ ਸਿੰਘ ਭਾਈਰੂਪਾ ਨੂੰ ਫੂਲ ਦਾ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਤੇ ਸੂਬਾ ਪ੍ਰਧਾਨ ਕਿਰਨਜੀਤ ਸਿੰਘ ਸੰਧੂ ਵੱਲੋਂ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂਆਂ ਦੀ ਹਾਜ਼ਰੀ ਵਿੱਚ ਇਨ੍ਹਾਂ ਚਹੁੰ ਆਗੂਆਂ ਨੂੰ ਨਿਯੁਕਤੀ ਪੱਤਰ ਵੰਡੇ ਗਏ।

ਗੱਲਬਾਤ ਕਰਦੇ ਹੋਏ ਕਾਂਗੜ ਤੇ ਮਿੱਠਾ ਨੇ ਕਿਹਾ ਕਿ ਜਿਹੜੀਆਂ ਗੱਲਾਂ ਕਰਕੇ ਆਮ ਆਦਮੀ ਪਾਰਟੀ ਵੱਲੋਂ ਸੂਬੇ ਅੰਦਰ ਸਰਕਾਰ ਬਣਾਈ ਗਈ ਸੀ, ਅੱਜ ਮੌਜੂਦਾ ਸਰਕਾਰ ਉਨ੍ਹਾਂ ਸਾਰੀਆਂ ਹੀ ਗੱਲਾਂ ਤੋਂ ਭੱਜ ਗਈ ਹੈ। ਆਮ ਇਨਸਾਨ ਦਾ ਘਰੋਂ ਨਿਕਲਣਾ ਮੁਸ਼ਕਲ ਹੋ ਗਿਆ ਹੈ, ਦੁਕਾਨਦਾਰ ਆਪਣੀਆਂ ਦੁਕਾਨਾਂ ਅੰਦਰ ਹੀ ਮਹਿਫੂਜ਼ ਨਹੀਂ ਹਨ, ਕਿਸਾਨੀ ਮਸਲੇ ਹੱਲ ਨਹੀਂ ਹੋ ਰਹੇ ਤੇ ਕਿਸਾਨ ਧਰਨਿਆਂ 'ਤੇ ਬੈਠਦੇ ਨਜ਼ਰ ਆ ਰਹੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਸਰਕਾਰ ਬਣੇਗੀ। ਉਧਰ ਦੂਜੇ ਪਾਸੇ ਨਿਯੁਕਤ ਕੀਤੇ ਆਗੂਆਂ ਵੱਲੋਂ ਕਿਹਾ ਗਿਆ ਕਿ ਉਹ ਪਾਰਟੀ ਵੱਲੋਂ ਦਿੱਤੀ ਗਈ ਜ਼ੁੰਮੇਵਾਰੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਪਾਰਟੀ ਪ੍ਰਚਾਰ ਲਈ ਦਿਨ-ਰਾਤ ਇੱਕ ਕਰ ਦੇਣਗੇ। ਇਸ ਮੌਕੇ ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਅੰਰਿੰਦਰ ਸਿੰਘ ਢਿੱਲੋਂ ਪ੍ਰਧਾਨ ਕਿਸਾਨ ਕਾਂਗਰਸ ਬਠਿੰਡਾ, ਮਨਜੀਤ ਸਿੰਘ ਕੋਟਫੱਤਾ ਦਫਤਰ ਇੰਚਾਰਜ ਪੰਜਾਬ ਕਿਸਾਨ ਕਾਂਗਰਸ, ਮਨਪ੍ਰੀਤ ਸਿੰਘ ਸੇਖੋਂ ਪ੍ਰਧਾਨ ਕਿਸਾਨ ਕਾਂਗਰਸ ਫਰੀਦਕੋਟ, ਪਰਮਜੀਤ ਸਿੰਘ ਬਿਦਰ, ਸੁਰੇਸ਼ ਕੁਮਾਰ, ਜਸਮੀਤ ਸਿੰਘ ਬਰਾੜ, ਜੱਸਾ ਕਬੱਡੀ ਖਿਡਾਰੀ, ਰਾਜਿੰਦਰ ਸਿੰਘ ਕੋਠੇਭਾਈਆਣਾ, ਗੁਰਮੀਤ ਸਿੰਘ, ਸੁਖਦੀਪ ਸਿੰਘ, ਗੁਰਪ੍ਰੀਤ ਘਾਰੂ ਸਮੇਤ ਹੋਰ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

## ਪਹਿਲੀ ਤੋਂ ਮੰਡੀਆਂ ਰਹਿਣਗੀਆਂ ਬੰਦ : ਪ੍ਰਧਾਨ ਬਾਂਕਾ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਆੜ੍ਹਤੀਆ ਐਸੋਸੀਏਸ਼ਨ ਜਗਰਾਉਂ ਵੱਲੋਂ ਝੋਨੇ ਦੀ ਖਰੀਦ ਨੂੰ ਲੈ ਕੇ ਇੱਕ ਮੀਟਿੰਗ ਪੁਰਾਣੀ ਦਾਣਾ ਮੰਡੀ ਧਰਮਸ਼ਾਲਾ ਵਿਖੇ ਪ੍ਰਧਾਨ ਘਨ੍ਹੱਈਆ ਗੁਪਤਾ ਬਾਂਕਾ ਦੀ ਅਗਵਾਈ ਵਿੱਚ ਰੱਖੀ ਗਈ, ਜਿਸ ਵਿੱਚ ਇਹ ਫ਼ੈਸਲਾ ਲਿਆ ਗਿਆ ਕਿ ਇੱਕ ਅਕਤੂਬਰ ਤੋਂ ਜੋ ਸਰਕਾਰੀ ਖਰੀਦ ਝੋਨੇ ਦੀ ਸ਼ੁਰੂ ਹੋਣ ਜਾ ਰਹੀ ਹੈ, ਉਸ ਦਾ ਪੂਰਨ ਤੌਰ 'ਤੇ ਬਾਈਕਾਟ ਕੀਤਾ ਜਾਵੇਗਾ ਅਤੇ 1 ਅਕਤੂਬਰ ਤੋਂ ਮੰਡੀ ਪੂਰਨ ਤੌਰ 'ਤੇ ਬੰਦ ਰਹੇਗੀ। ਸੂਬਾ ਪ੍ਰਧਾਨ ਵਿਜੇ ਕਾਲੜਾ ਦੀ ਅਗਵਾਈ ਦੇ ਵਿੱਚ ਇੱਕ ਅਕਤੂਬਰ ਤੋਂ ਹੋਣ ਜਾਣ ਵਾਲੀ ਹੜਤਾਲ ਉਨਾ ਚਿਰ ਚੱਲੇਗੀ, ਜਿੰਨਾ ਚਿਰ ਆੜ੍ਹਤੀਆਂ ਦੁਆਰਾ ਰੱਖੀਆਂ ਮੰਗਾਂ, ਜਿਸ ਵਿੱਚ ਆੜ੍ਹਤੀਆਂ ਦੀ ਮੇਨ ਮੰਗ 2/50% ਦਾਮੀ ਨੂੰ ਲੈ ਕੇ ਜੋ ਦਾਮੀ ਪੰਜਾਬ ਮੰਡੀ ਬੋਰਡ ਦੇ ਕਾਨੂੰਨ ਮੁਤਾਬਿਕ ਆੜ੍ਹਤੀਆਂ ਨੂੰ 2/50% ਮਿਲਣੀ ਚਾਹੀਦੀ ਹੈ, ਉਹ ਆੜ੍ਹਤ 46 ਰੁਪਏ ਫਿਕਸ ਕਰ ਦਿੱਤੀ ਗਈ ਹੈ। ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੀ ਇਹ ਪਹਿਲੀ ਮੰਗ ਕਿ ਸਾਡੀ ਜਿਹੜੀ ਦਾਮੀ ਪੰਜਾਬ ਮੰਡੀ ਬੋਰਡ ਦੇ ਕਾਨੂੰਨ ਮੁਤਾਬਿਕ 2/50% ਦਿੱਤੀ ਜਾਵੇ ਤੇ ਪੰਜਾਬ ਭਰ ਦੇ ਆੜ੍ਹਤੀਆਂ ਦਾ ਜੋ 50 ਕਰੋੜ ਦੇ ਕਰੀਬ ਈਪੀਐੱਫ ਕੱਟਿਆ ਗਿਆ ਹੈ, ਉਹ ਵਾਪਸ ਕੀਤੀ ਜਾਵੇ। ਇਸ ਹੜਤਾਲ ਵਿੱਚ ਇੱਕ ਅਕਤੂਬਰ ਤੋਂ ਹਰ ਰੋਜ਼ ਮਾਰਕੀਟ ਕਮੇਟੀ ਜਗਰਾਉਂ ਦੇ ਅੱਗੇ ਧਰਨਾ ਆੜ੍ਹਤੀਆ ਮਜ਼ਦੂਰ ਤੇ ਮੁਨੀਮ ਵੀਰਾਂ ਵੱਲੋਂ 11 ਵਜੇ ਤੋਂ 1 ਵਜੇ ਤੱਕ ਹਰ ਰੋਜ਼ ਦਿੱਤਾ ਜਾਏਗਾ। ਮੀਟਿੰਗ ਵਿੱਚ ਕਮਲਜੀਤ ਸਿੰਘ ਮੱਲਾ, ਸੁਰਜੀਤ ਸਿੰਘ ਕਲੇਰ, ਰਾਜ ਕੁਮਾਰ ਭੱਲਾ, ਜਗਜੀਤ ਸਿੰਘ ਸਿੱਧੂ, ਭੂਸ਼ਣ ਗੋਇਲ, ਬਲਰਾਜ ਸਿੰਘ ਖਹਿਰਾ, ਗੁਰਮੀਤ ਸਿੰਘ ਦੌਧਰ, ਸਵਰਨਜੀਤ ਸਿੰਘ ਗਿੱਲ, ਜਤਿੰਦਰ ਸਿੰਘ ਸਰਾਂ ਤੇ ਸਮੂਹ ਆੜ੍ਹਤੀਆ ਐਸੋਸੀਏਸ਼ਨ ਹਾਜ਼ਰ ਸੀ।

## ਕੁੱਟਮਾਰ ਕਰਨ ਦੇ ਦੋਸ਼ਾਂ ਤਹਿਤ ਛੇ ਵਿਰੁੱਧ ਕੇਸ ਦਰਜ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਪਿੰਡ ਗੁਰਧਨਪੁਰ ਵਿਖੇ ਦੋ ਵਿਅਕਤੀਆਂ ਦੀ ਕੁੱਟਮਾਰ ਕੀਤੇ ਜਾਣ ਦੇ ਕਥਿਤ ਮਾਮਲੇ 'ਚ ਸਰਹਿੰਦ ਪੁਲਿਸ ਵੱਲੋਂ ਪਿੰਡ ਗੁਰਧਨਪੁਰ ਦੇ ਛੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪੀ.ਜੀ.ਆਈ. ਚੰਡੀਗੜ੍ਹ ਵਿਖੇ ਜ਼ੇਰੇ ਇਲਾਜ਼ ਨਿਸ਼ਾਨ ਸਿੰਘ (46) ਵਾਸੀ ਪਿੰਡ ਗੁਰਧਨਪੁਰ ਨੇ ਫੋਨ 'ਤੇ ਦੱਸਿਆ ਕਿ ਉਸਦੇ ਗੁਆਂਢ 'ਚ ਰਹਿਣ ਵਾਲੇ ਵਿਅਕਤੀ ਕਬੂਤਰ ਰੱਖਣ ਦੀ ਆੜ 'ਚ ਚਿੱਟਾ ਵੇਚਣ ਦਾ ਕੰਮ ਕਰਦੇ ਹਨ, ਜਿਨ੍ਹਾਂ ਕੋਲ ਗ਼ਲਤ ਕਿਸਮ ਦੇ ਵਿਅਕਤੀ ਆਉਂਦੇ-ਜਾਂਦੇ ਰਹਿੰਦੇ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ ਮਾੜੇ ਕੰਮ ਕਰਨ ਤੋਂ ਰੋਕਿਆ ਤਾਂ ਉਨ੍ਹਾਂ ਦੇ ਇੱਕ ਬੰਦੇ ਨੇ ਉਸਦੇ ਭਰਾ ਕਪਤਾਨ ਸਿੰਘ (33) ਦੇ ਚਪੇੜ ਮਾਰੀ।ਨਿਸ਼ਾਨ ਸਿੰਘ ਨੇ ਦੱਸਿਆ ਕਿ ਇਸੇ ਗੱਲ ਦੀ ਰੰਜ਼ਿਸ਼ ਨੂੰ ਲੈ ਕੇ ਕੇ ਉਕਤ ਵਿਅਕਤੀਆਂ ਵੱਲੋਂ ਉਨ੍ਹਾਂ ਦੇ ਘਰ 'ਤੇ ਹਮਲਾ ਕਰ ਦਿੱਤਾ ਗਿਆ, ਜਿੱਥੇ ਤੇਜ਼ਧਾਰ ਹਥਿਆਰਾਂ ਨਾਲ ਉਸਦੇ ਗੰਭੀਰ ਸੱਟਾਂ ਮਾਰੀਆਂ ਗਈਆਂ ਤੇ ਕੋਠੇ ਤੋਂ ਵੀ ਉਨ੍ਹਾਂ ਦੇ ਘਰ 'ਤੇ ਇੱਟਾਂ ਰੋੜੇ ਮਾਰੇ ਗਏ।ਨਿਸ਼ਾਨ ਸਿੰਘ ਦੀ ਸ਼ਿਕਾਇਤ 'ਤੇ ਅਮਰਜੀਤ ਸਿੰਘ, ਪਲਵਿੰਦਰ ਸਿੰਘ, ਸ਼ਿੰਗਾਰਾ ਸਿੰਘ, ਗੁਰਦਿਆਲ ਸਿੰਘ, ਸਰੂਪ ਸਿੰਘ ਤੇ ਘੋਲੀ ਵਾਸੀ ਪਿੰਡ ਗੁਰਧਨਪੁਰ ਵਿਰੁੱਧ ਅ/ਧ 333, 191(3), 190, 115(2) ਬੀ.ਐਨ.ਐਸ. ਤਹਿਤ ਮੁੱਕਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## ਪੁਲਸ ਨੇ ਡਰੱਗ ਸੌਦਾਗਰ ਨੂੰ 15 ਲੱਖ ਦੀ ਡਰੱਗ ਮਨੀ, ਮੋਬਾਈਲ ਫ਼ੋਨ ਤੇ ਥਾਰ ਸਮੇਤ ਕੀਤਾ ਕਾਬੂ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀ.ਆਈ.ਏ ਸਟਾਫ਼ ਦੀ ਪੁਲਸ ਨੇ ਬੀਤੇ ਦਿਨ ਗਸ਼ਤ ਤੇ ਚੈਕਿੰਗ ਦੌਰਾਨ ਮਿਲੀ ਸੂਚਨਾ ਦੇ ਆਧਾਰ 'ਤੇ ਕਿਲਾ ਵਾਲਾ ਚੌਕ ਵਿਖੇ ਇੱਕ ਨਸ਼ਾ ਤਸਕਰ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ 'ਚੋਂ 15 ਲੱਖ ਰੁਪਏ ਦੀ ਡਰੱਗ ਮਨੀ, ਮੋਬਾਈਲ ਫ਼ੋਨ ਤੇ ਥਾਰ ਗੱਡੀ ਬਰਾਮਦ ਕੀਤੀ ਹੈ। ਇਸ ਸਬੰਧੀ ਥਾਣਾ ਸਦਰ ਫ਼ਿਰੋਜ਼ਪੁਰ ਦੀ ਪੁਲਸ ਨੇ ਮੁਲਜ਼ਮ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ।ਥਾਣਾ ਸੀਆਈਏ ਸਟਾਫ਼ ਦੇ ਸਹਾਇਕ ਇੰਸਪੈਕਟਰ ਨਰਿੰਦਰ ਕੁਮਾਰ ਨੇ ਦੱਸਿਆ ਕਿ ਬੀਤੇ ਦਿਨ ਪੁਲਸ ਪਾਰਟੀ ਸਮੇਤ ਗਸ਼ਤ ਤੇ ਚੈਕਿੰਗ ਦੌਰਾਨ ਉਨ੍ਹਾਂ ਨੂੰ ਕਿਲ੍ਹਾ ਵਾਲਾ ਚੌਕ ਨੇੜੇ ਸੂਚਨਾ ਮਿਲੀ ਸੀ ਕਿ ਕਥਿਤ ਦੋਸ਼ੀ ਬਿੰਦਰ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਪਿੰਡ ਪੀਰ ਇਸਮਾਈਲ ਖਾਂ, ਹਾਲ ਵਾਸੀ ਕ੍ਰਿਸ਼ਨਾ ਐਨਕਲੇਵ ਰੋਡ ਨੇੜੇ ਡੇਰਾ ਰਾਧਾ ਸੁਆਮੀ ਸਿਟੀ ਫ਼ਿਰੋਜ਼ਪੁਰ ਹੈਰੋਇਨ ਵੇਚਣ ਦਾ ਕੰਮ ਕਰਦਾ ਹੈ ਤੇ ਅੱਜ ਵੀ ਉਹ ਆਸ-ਪਾਸ ਦੇ ਪਿੰਡਾਂ ਵਿੱਚ ਹੈਰੋਇਨ ਸਪਲਾਈ ਕਰਕੇ ਪੈਸੇ ਇਕੱਠੇ ਕਰ ਰਿਹਾ ਹੈ ਤੇ ਆਪਣੀ ਥਾਰ ਗੱਡੀ ਨੰਬਰ ਪੀ.ਬੀ.-05ਏ.ਐਮ.-2679 ਵਿੱਚ ਆ ਰਿਹਾ ਹੈ ਤਾਂ ਨਾਕਾਬੰਦੀ ਕੀਤੀ ਜਾਵੇ।ਫਿਰ ਉਸ ਨੂੰ ਕਾਬੂ ਕੀਤਾ ਜਾ ਸਕਦਾ ਹੈ, ਜਿਸ 'ਤੇ ਪੁਲਸ ਨੇ ਪਿੰਡ ਖੈਫੇਮੇਕੀ ਦੇ ਕੋਲ ਨਾਕਾਬੰਦੀ ਕਰਕੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਸ ਦੇ ਕਬਜ਼ੇ 'ਚੋਂ 15 ਲੱਖ ਰੁਪਏ ਦੀ ਡਰੱਗ ਮਨੀ, ਮੋਬਾਇਲ ਤੇ ਥਾਰ ਗੱਡੀ ਬਰਾਮਦ ਕੀਤੀ।ਮਾਮਲੇ ਦੀ ਜਾਂਚ ਕਰ ਰਹੇ ਨਰਿੰਦਰ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ 'ਚ ਕਥਿਤ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਚੋਰ ਗਰੋਹ ਦੇ ਦੋ ਮੈਂਬਰ 14 ਮੋਟਰਸਾਈਕਲਾਂ, ਇੱਕ ਸਕੂਟਰ ਤੇ ਆਈਫੋਨ ਸਮੇਤ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਆਈਏ ਸਟਾਫ਼ ਫਿਰੋਜ਼ਪੁਰ ਪੁਲਸ ਨੇ ਗਸ਼ਤ ਦੌਰਾਨ ਛਾਪੇਮਾਰੀ ਕਰਕੇ ਅਤੇ ਚੋਰੀ ਦੇ ਮੋਟਰਸਾਈਕਲ, ਮੋਬਾਈਲ ਫੋਨ ਤੇ 1 ਸਕੂਟਰ ਬਰਾਮਦ ਸਮੇਤ ਦੋ ਵਿਅਕਤੀਆਂ ਨੂੰ ਕਰਕੇ ਉਨ੍ਹਾਂ ਖਿਲਾਫ ਥਾਣਾ ਕੁੱਲਗੜ੍ਹੀ ਵਿੱਚ ਚੋਰੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ।ਥਾਣਾ ਸੀਆਈਏ ਸਟਾਫ਼ ਫ਼ਿਰੋਜ਼ਪੁਰ ਦੇ ਸਹਾਇਕ ਇੰਸਪੈਕਟਰ ਰਾਜੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਬੀਤੇ ਦਿਨ ਫ਼ਰੀਦਕੋਟ ਰੋਡ ਨੇੜੇ ਸੂਚਨਾ ਮਿਲੀ ਸੀ ਕਿ ਕਥਿਤ ਦੋਸ਼ੀ ਧਰਮਪ੍ਰੀਤ ਸਿੰਘ ਉਰਫ਼ ਧੰਮੀ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਖਾਨਪੁਰ ਤੇ ਜੁਵਨਾਇਲ ਪੁੱਤਰ ਰਾਜ ਕੁਮਾਰ ਵਾਸੀ ਪਿੰਡ ਰੁਕਨਾ ਮੁੰਗਲਾ, ਹਾਲ 8 ਨੰਬਰ ਚੁੰਗੀ ਰਾਹਗੀਰਾਂ ਤੋਂ ਮੋਬਾਈਲ ਫੋਨ ਤੇ ਮੋਟਰਸਾਈਕਲ ਵੀ ਚੋਰੀ ਕਰਦੇ ਹਨ ਅਤੇ ਜੇਕਰ ਛਾਪਾ ਮਾਰਿਆ ਜਾਵੇ ਤਾਂ ਉਨ੍ਹਾਂ ਨੂੰ ਕਾਬੂ ਕੀਤਾ ਜਾ ਸਕਦਾ ਹੈ, ਜਿਸ 'ਤੇ ਪੁਲਸ ਨੇ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 14 ਮੋਟਰਸਾਈਕਲ, 1 ਆਈਫੋਨ 12 ਪ੍ਰੋ ਤੇ 1 ਸਕੂਟਰ ਬਰਾਮਦ ਕੀਤਾ ਹੈ।ਮਾਮਲੇ ਦੀ ਜਾਂਚ ਕਰ ਰਹੇ ਥਾਣਾ ਮੁਖੀ ਰਾਜੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਖਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਕਾਨਫਰੰਸ ਅੱਜ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਪੰਜਾਬ ਸਰਕਾਰ ਨੂੰ ਝੋਨੇ ਦੀ ਫਸਲ ਨੂੰ ਖ੍ਰੀਦਨ ਲਈ ਸਰਕਾਰ ਤੋਂ ਤਿਆਰੀਆਂ ਮੁਕੰਮਲ ਕਰਵਾਉਣ ਦੀ ਮੰਗ ਨੂੰ ਲੈ ਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਵੱਲੋਂ 25 ਸਤੰਬਰ ਨੂੰ ਦਾਣਾ ਮੰਡੀ ਗੁਰੂ ਹਰਸਹਾਏ ਵਿਖੇ ਕੀਤੀ ਜਾ ਰਹੀ ਕਿਸਾਨ ਮਜ਼ਦੂਰ ਪੰਚਾਇਤ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾ ਨੇ ਕੀਤਾ। ਉਹਨਾਂ ਕਿਹਾ ਕਿ ਜਥੇਬੰਦੀ ਦੇ ਸੂਬਾ ਪ੍ਰਧਾਨ ਤੇ ਸੰਯੁਕਤ ਕਿਸਾਨ ਮੋਰਚਾ ਦੇ ਨੈਸ਼ਨਲ ਕਨਵੀਨਰ ਡਾਕਟਰ ਦਰਸ਼ਨ ਪਾਲ ਕਿਸਾਨਾਂ ਤੇ ਮਜ਼ਦੂਰਾਂ ਨੂੰ ਸੰਬੋਧਨ ਕਰਨਗੇ ਤੇ ਸੰਘਰਸ਼ ਦੀ ਅਗਲੀ ਰੂਪਰੇਖਾ ਦਾ ਐਲਾਨ ਕਰਨਗੇ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਇੱਕ ਨਵੇਂ ਬਲਾਕ ਦੀ ਚੋਣ ਕੀਤੀ ਗਈ ਹੈ, ਜਿਸ ਵਿੱਚ ਭੁਪਿੰਦਰ ਸਿੰਘ ਭਾਵੜਾ ਆਜਮ ਸ਼ਾਹ, ਸੁਰਜੀਤ ਸਿੰਘ ਚੱਕ ਰੋੜਾਂਵਾਲਾ, ਸਰੂਪ ਸਿੰਘ ਗੁਲਾਮ ਪੱਤਰਾ, ਹੀਰਾ ਸਿੰਘ ਜੀਆ ਬੱਗਾ, ਸੇਵਕ ਸਿੰਘ ਗੁਰਮੀਤ ਸਿੰਘ ਸੈਦੇ ਕੇ ਰੁਹੇਲਾ, ਜੋਗਿੰਦਰ ਸਿੰਘ, ਦਲਜੀਤ ਸਿੰਘ, ਰਸ਼ਪਾਲ ਸਿੰਘ ਵਸਤੀ ਨੱਥੇ ਸ਼ਾਹ, ਬਿੱਕਰ ਸਿੰਘ ਡੋਡ, ਦਵਿੰਦਰ ਸਿੰਘ ਬੁੱਕਣ ਵਾਲਾ, ਸੁਖਦੇਵ ਸਿੰਘ ਮਹਿਮਾ ਤੇ ਗੁਰਲਾਲ ਸਿੰਘ ਨੇਕਾਂਵਾਲੀ ਨੂੰ ਕਮੇਟੀ ਮੈਂਬਰ ਨਿਯੁਕਤ ਕੀਤਾ ਗਿਆ।

# ਸੈਂਟਰ ਪੱਕਾ ਕਾਲੇ ਵਾਲਾ ਵਿਖੇ ਪ੍ਰਾਇਮਰੀ ਬੱਚਿਆਂ ਦੇ ਖੇਡ ਮੁਕਾਬਲੇ

**ਸਿੱਖਿਆ ਦੇ ਨਾਲ ਖੇਡਾਂ ਵੀ ਬੱਚਿਆਂ ਦੇ ਵਿਕਾਸ ਲਈ ਜ਼ਰੂਰੀ : ਨਰਿੰਦਰ ਸਿੰਘ**




**ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਦੇ ਮੰਤਵ ਨਾਲ ਬਲਾਕ ਪੱਧਰੀ ਖੇਡਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਕੜੀ ਤਹਿਤ ਸੈਂਟਰ ਪੱਕਾ ਕਾਲੇ ਵਾਲਾ ਵਿਖੇ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੇ ਵੱਖ ਵੱਖ ਖੇਡ ਮੁਕਾਬਲੇ ਕਰਵਾਏ ਗਏ, ਜਿਸ ਦਾ ਉਦਘਾਟਨ ਨਰਿੰਦਰ ਸਿੰਘ ਬੀ ਪੀ ਈ ਓ ਜਲਾਲਾਬਾਦ-2 ਨੇ ਉਚੇਚੇ ਤੌਰ 'ਤੇ ਪੁੱਜ ਕੇ ਕੀਤਾ। ਪੱਕਾ ਕਾਲੇਵਾਲਾ ਕਲੱਸਟਰ ਦੇ ਹੈੱਡ ਤਿਲਕ ਰਾਜ ਕੰਬੋਜ ਦੀ ਦੇਖ-ਰੇਖ ਵਿੱਚ ਇਨ੍ਹਾਂ ਖੇਡਾਂ ਦੇ ਆਯੋਜਨ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਸਨਮਾਨ ਮੁੱਖ ਮਹਿਮਾਨ ਨਰਿੰਦਰ ਸਿੰਘ ਬੀ.ਪੀ.ਈ.ਓ. ਵੱਲਂ ਦਿੱਤੇ ਗਏ। ਇਨ੍ਹਾਂ ਖੇਡਾਂ 'ਚ ਪਿੰਡ ਪੱਕਾ ਕਾਲੇਵਾਲਾ ਦੇ ਸਰਪੰਚ ਬਲਤੇਜ ਸਿੰਘ ਤੇ ਸਮੂਹ ਪੰਚਾਇਤ ਨੇ ਵੱਡਾ ਯੋਗਦਾਨ ਪਾਇਆ। ਇਸ ਮੌਕੇ ਬੋਲਦਿਆਂ ਨਰਿੰਦਰ ਸਿੰਘ ਨੇ ਕਿਹਾ ਅਜੋਕੇ ਸਮੇਂ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ ਖੇਡਾਂ ਵੀ ਜ਼ਰੂਰੀ ਹਨ। ਇਸ ਕਲੱਸਟਰ ਦੇ ਹੈੱਡ ਤਿਲਕ ਰਾਜ ਕੰਬੋਜ ਦੀ ਅਗਵਾਈ ਹੇਠ ਤੇ ਪਿੰਡ ਦੀ ਸਮੁੱਚੀ ਪੰਚਾਇਤ ਦੇ ਸਿਰ ਇਸ ਕਾਮਯਾਬ ਆਯੋਜਨ ਦਾ ਸਿਹਰਾ ਜਾਂਦਾ ਹੈ, ਜਿਸ ਲਈ ਇਹ ਵਧਾਈ ਦੇ ਪਾਤਰ ਹਨ। ਸਿੱਖਿਆ ਅਫ਼ਸਰ ਨਰਿੰਦਰ ਸਿੰਘ ਨੇ ਕਿਹਾ ਕਿ ਮੈਂ ਇਸ ਕਲੱਸਟਰ ਦੇ ਮੁਖੀ ਤੇ ਸਮੂਹ ਅਧਿਆਪਕਾਂ ਤੋਂ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੇ ਪ੍ਰਦਰਸ਼ਨ ਦੀ ਆਸ ਰੱਖਦਾ ਹਾਂ। ਇਸ ਮੌਕੇ ਸ਼ਾਮ ਸਿੰਘ ਸੀ ਐੱਚ ਟੀ, ਸੰਦੇਸ਼ ਕੁਮਾਰ, ਪ੍ਰਦੀਪ ਸਿੰਘ, ਸੰਦੀਪ ਕੁਮਾਰ, ਵਿਕਾਸ ਕੁਮਾਰ, ਸੋਹਣ ਸਿੰਘ, ਮੁਖਤਿਆਰ ਸਿੰਘ, ਕਰਨ ਜੁਨੇਜਾ, ਸਨਪ੍ਰੀਤ ਕੌਰ, ਸੁਮਨ ਲਤਾ ਹਾਜ਼ਰ ਸਨ।

## ਖੇਡਾਂ ਨਾਲ ਸਰੀਰਕ ਤੰਦਰੁਸਤੀ ਮਿਲਦੀ : ਅਨੇਕ ਬਰਾੜ



**ਦੋਦਾ (ਵਕੀਲ ਸਿੰਘ)**-ਇਥੋਂ ਨੇੜਲੇ ਪਿੰਡ ਲੁੰਡੇਵਾਲਾ ਵਿਖੇ ਪਿੰਡ ਦੇ ਉੱਦਮੀ ਨੌਜਵਾਨਾਂ ਵੱਲੋਂ ਕ੍ਰਿਕਟ ਖੇਡ ਮੇਲਾ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਨੌਜਵਾਨ ਆਗੂ ਅਨੇਕ ਸਿੰਘ ਬਰਾੜ ਮਧੀਰ ਪੁੱਜੇ, ਜਿੱਥੇ ਉਨ੍ਹਾਂ ਵੱਲੋਂ ਖਿਡਾਰੀਆਂ ਨਾਲ ਜਾਣ-ਪਹਿਚਾਣ ਕੀਤੀ ਤੇ ਜੇਤੂ ਖਿਡਾਰੀਆਂ ਨੂੰ ਇਨਾਮ ਤਸੀਕਮ ਕੀਤੇ। ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਅਜਿਹੇ ਖੇਡ ਮੇਲੇ ਕਰਵਾਉਣ ਲਈ ਵੀ ਪ੍ਰੇਰਿਆ ਤੇ ਉਨ੍ਹਾਂ ਨੂੰ ਮਾਲੀ ਮਦਦ ਵੀ ਦਿੱਤੀ। ਉਨ੍ਹਾਂ ਇਸ ਮੌਕੇ ਬੋਲਦਿਆਂ ਕਿਹਾ ਕਿ ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਹੋ ਕੇ ਖੇਡਾਂ ਨਾਲ ਜੁੜਨਾ ਚਾਹੀਦਾ ਹੈ, ਜਿਨ੍ਹਾਂ ਕਰਕੇ ਸਰੀਰਕ ਤੰਦਰੁਸਤੀ ਤੇ ਨਰੋਈ ਸਿਹਤ ਬਣਾਈ ਜਾ ਸਕਦੀ ਹੈ। ਇਸ ਮੌਕੇ ਪਵਿੱਤਰ ਸਿੰਘ, ਸਹਿਜ ਸਿੰਘ, ਗੁਰਲਾਲ ਸਿੰਘ, ਨਾਇਬ ਸਿੰਘ, ਜਸਪਾਲ ਦੋਦਾ, ਸੁਖਜਿੰਦਰ ਸਿੰਘ ਆਦਿ ਆਗੂ ਮੌਜੂਦ ਸਨ।

## ਗਰਭਵਤੀ ਵਿਆਹੁਤਾ ਦੇ ਸਹੁਰੇ ਪਰਵਾਰ ਖਿਲਾਫ਼ ਕੁੱਟਮਾਰ ਦੇ ਦੋਸ਼ 'ਚ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮਮਦੋਟ ਦੀ ਪੁਲਸ ਨੇ ਪਿੰਡ ਕੜਮਾ ਵਿਖੇ ਗਰਭਵਤੀ ਔਰਤ ਦੀ ਕੁੱਟਮਾਰ ਕਰਨ ਦੇ ਦੋਸ਼ ਹੇਠ ਗਰਭਵਤੀ ਔਰਤ ਦੇ ਸਹੁਰਿਆਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ।ਥਾਣਾ ਮਮਦੋਟ ਦੇ ਸਹਾਇਕ ਇੰਸਪੈਕਟਰ ਸੁਖਚੈਨ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ 'ਚ ਸ਼ਿਕਾਇਤਕਰਤਾ ਵਿਆਹੁਤਾ ਔਰਤ ਮੀਨੂੰ ਬਾਲਾ ਪਤਨੀ ਵਿਵੇਕ ਕੁਮਾਰ ਵਾਸੀ ਪਿੰਡ ਕੜਮਾ ਨੇ ਦੱਸਿਆ ਕਿ ਉਸ ਦਾ ਵਿਆਹ ਵਿਵੇਕ ਕੁਮਾਰ ਨਾਲ ਹੋਇਆ ਸੀ ਤੇ ਉਸ ਦੇ ਬੱਚਾ ਹੋਣ ਵਾਲਾ ਹੈ। ਪੀੜਤ ਨੇ ਦੱਸਿਆ ਕਿ ਉਸ ਦਾ ਪਤੀ ਗੌਰਵ ਕੁਮਾਰ ਪੁੱਤਰ ਮਹਿੰਦਰ ਪਾਲ, ਵੀਨਾ ਰਾਣੀ ਪਤਨੀ ਮਹਿੰਦਰ ਪਾਲ ਅਤੇ ਸਹੁਰਾ ਮਹਿੰਦਰ ਪਾਲ ਉਸ ਨੂੰ ਕਾਰ ਨਾ ਲੈਣ ਅਤੇ ਦਾਜ ਦਹੇਜ ਘੱਟ ਲਿਆਉਣ ਕਰਕੇ ਤੰਗ-ਪ੍ਰੇਸ਼ਾਨ ਕਰਦੇ ਹਨ ਅਤੇ ਕੱਲ੍ਹ ਜਦੋਂ ਉਹ ਆਪਣੇ ਮਾਤਾ ਪਿਤਾ ਨਾਲ ਫੋਨ ਗੱਲ ਕਰ ਰਹੀ ਸੀ ਤਾਂ ਉਸ ਦੇ ਪਤੀ ਨੇ ਉਸ ਦਾ ਫੋਨ ਖੋਹ ਲਿਆ ਤੇ ਕੁੱਟਮਾਰ ਕਰਨ ਤੋਂ ਬਾਅਦ ਉਸ ਨੂੰ ਕਮਰੇ ਵਿੱਚ ਬੰਦ ਕਰ ਦਿੱਤਾ ਤੇ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ।ਕੁੱਝ ਸਮੇਂ ਬਾਅਦ ਜਦੋਂ ਪੀੜਤਾ ਦੇ ਪੇਕੇ ਮੈਂਬਰ ਅਤੇ ਮੋਹਤਬਰ ਉਥੇ ਆਏ ਤਾਂ ਦੋਸ਼ੀਅਨ ਨੇ ਫਿਰ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਤੇ ਉਸ ਦੇ ਪਰਵਾਰ ਤੇ ਮੋਹਤਬਰਾਂ ਨੂੰ ਧੱਕਾ ਮਾਰੇ।ਪੀੜਤਾ ਨੇ ਦੱਸਿਆ ਕਿ ਉਸ ਦੀ ਡਿਲੀਵਰੀ 25 ਸਤੰਬਰ ਨੂੰ ਹੋਣੀ ਸੀ ਅਤੇ ਮੁਲਜ਼ਮਾਂ ਨੇ ਉਸ ਦੇ ਪੇਟ ਵਿੱਚ ਲੱਤਾਂ ਵੀ ਮਾਰੀਆਂ।ਮਾਮਲੇ ਦੀ ਜਾਂਚ ਕਰ ਰਹੇ ਸੁਖਚੈਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਐੱਸ ਡੀ ਐੱਮ ਵੱਲੋਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਮਾਨਯੋਗ ਡਿਪਟੀ ਕਮਿਸ਼ਨਰ ਸ੍ਰੀਮਤੀ ਪ੍ਰੀਤੀ ਯਾਦਵ ਦੇ ਦਿਸ਼ਾ-ਨਿਰਦੇਸ਼ ਹੇਠ ਐਸ ਡੀ ਐਮ ਸ੍ਰੀਮਤੀ ਰੀਚਾ ਗੋਇਲ ਦੀ ਪ੍ਰਧਾਨਗੀ ਹੇਠ ਤੇ ਡਾਕਟਰ ਸਤੀਸ਼ ਕੁਮਾਰ ਦੇ ਪ੍ਰਬੰਧਾਂ ਹੇਠ ਬਲਾਕ ਸਮਾਣਾ ਦੇ ਪਿੰਡ ਬੰਮਣਾ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਤੇ ਝੋਨੇ ਦੀ ਪਰਾਲੀ/ਰਹਿੰਦ ਖੂੰਹਦ ਵਰਤੀ ਜਾਣ ਵਾਲੀ ਮਸ਼ੀਨਰੀ ਦੀ ਟਰਾਇਲ ਡੈਮੋਸਟ੍ਰੇਸ਼ਨ ਕੀਤੀ ਗਈ। ਕਿਸਾਨਾਂ ਨੂੰ ਸੰਬੋਧਤ ਕਰਦੇ ਹੋਏ ਐਸ ਡੀ ਐਮ ਵੱਲੋਂ ਅਪੀਲ ਕੀਤੀ ਗਈ ਕਿ ਉਹ ਝੋਨੇ ਦੀ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾ ਕੇ ਖੇਤਾਂ ਵਿੱਚ ਮਿਲਾਉਣ, ਕਿਉਂਕਿ ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ ਤੇ ਵਾਤਾਵਰਣ ਦੂਸ਼ਿਤ ਹੋਣ ਤੋਂ ਬਚ ਜਾਂਦਾ ਹੈ। ਉਨ੍ਹਾਂ ਵੱਲੋਂ ਕਿਸਾਨਾਂ ਨੂੰ ਖੇਤਾਂ ਵਿੱਚ ਕੰਮ ਲਈ ਵਰਤੀ ਜਾਣ ਵਾਲੀ ਸਾਰੀ ਮਸ਼ੀਨਰੀ ਜਿਵੇਂ ਸੁਪਰ ਸੀਡਰ, ਹੈਪੀ ਸੀਡਰ, ਸਰਫੇਸ ਸੀਡਰ, ਐਮਬੀ ਪਲਾਓ ਕੰਬਾਈਨ ਐਸ ਐਮ ਐਸ ਸਮੇਤ ਵਰਤੋਂ ਦੀ ਖੇਤਾਂ ਵਿੱਚ ਪ੍ਰਦਰਸ਼ਨੀ ਰਾਹੀਂ ਤਕਨੀਕੀ ਜਾਣਕਾਰੀ ਖੇਤੀਬਾੜੀ ਭਾਗ ਰਾਹੀ ਦਿੱਤੀ ਗਈ।

ਐਸਡੀਐਮ ਵੱਲੋਂ ਸਮੂਹ ਕਲਸਟਰ ਅਫ਼ਸਰ ਤੇ ਨੋਡਲ ਅਫ਼ਸਰ ਨੂੰ ਵਰਤੀ ਜਾਣ ਵਾਲੀ ਮਸ਼ੀਨਰੀ ਦੀ ਤਕਨੀਕੀ ਜਾਣਕਾਰੀ ਦੇ ਕੇ ਤਕਨੀਕੀ ਪੱਖੋਂ ਮਜਬੂਤ ਕੀਤਾ ਗਿਆ ਤੇ ਫੀਲਡ ਵਿੱਚ ਕੰਮ ਕਰਨ ਸਮੇਂ ਕਿਸੇ ਪ੍ਰਕਾਰ ਦੀ ਔਕੜ ਪੇਸ਼ ਨਾ ਆਵੇ ਤੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਦੇ ਤਰੀਕੇ ਦੱਸ ਸਕਣ। ਕਿਸਾਨਾਂ ਵੱਲੋਂ ਐਸਡੀਐਮ ਨੂੰ ਵਿਸ਼ਵਾਸ ਦਿੱਤਾ ਕਿ ਉਹ ਝੋਨੇ ਦੀ ਰਹਿੰਦ-ਖੂੰਹਦ ਨੂੰ ਬਗੈਰ ਅੱਗ ਲਾਏ ਕਣਕ ਦੀ ਬਿਜਾਈ ਕਰਨਗੇ।

ਇਸ ਤੋਂ ਪਹਿਲਾਂ ਐਸ ਡੀ ਐਮ ਵੱਲੋਂ ਦਫ਼ਤਰ ਨਗਰ ਕੌਂਸਲ ਵਿਖੇ ਸਮੂਹ ਕਲਸਟਰ ਤੇ ਨੋਡਲ ਅਫ਼ਸਰ ਸਮਾਣਾ ਦੀ ਮੀਟਿੰਗ ਮੀਟਿੰਗ ਕੀਤੀ ਗਈ ਤੇ ਉਨ੍ਹਾਂ ਨੂੰ ਸਖਤ ਹਦਾਇਤ ਕੀਤੀ ਗਈ ਕਿ ਉਹ ਸਵੇਰੇ 11 ਤੋਂ ਲੈ ਕੇ 3 ਵਜੇ ਤੱਕ ਆਪਣੇ ਆਪਣੇ ਅਲਰਟ ਕੀਤੇ ਪਿੰਡਾਂ ਵਿੱਚ ਰਹਿਣਗੇ ਅਤੇ ਕਿਸਾਨਾਂ ਨਾਲ ਰਾਬਤਾ ਕਰਕੇ ਜ਼ੀਰੋ ਵਰਨਿੰਗ ਦੇ ਟੀਚੇ ਨੂੰ ਪ੍ਰਾਪਤ ਕਰਨਗੇ ਖੇਤੀਬਾੜੀ ਅਫ਼ਸਰ ਵੱਲੋਂ ਕਿਸਾਨਾਂ ਨੂੰ ਸੰਬੋਧਤ ਕਰਦੇ ਦੱਸਿਆ ਗਿਆ ਕਿ ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਮਿਲਾਉਣ ਨਾਲ ਵੱਡੀ ਮਾਤਰਾ ਵਿੱਚ ਨਾਈਟ੍ਰੋਜਨ ਤੇ ਫਾਸਫੋਰਸ ਦੀ ਮਾਤਰਾ ਵਧੀ ਹੈ, ਜਿਸ ਨਾਲ ਖਾਦਾਂ 'ਤੇ ਆਉਣ ਵਾਲੇ ਖਰਚੇ ਨੂੰ ਘਟਾਇਆ ਜਾ ਸਕਦਾ ਹੈ। ਇਸ ਨਾਲ ਖੇਤਾਂ ਵਿੱਚ ਕੀ ਅੰਤਰ ਕੀੜਿਆਂ ਦੇ ਭਰਪੂਰ ਵਾਧਾ ਹੁੰਦਾ ਹੈ।

## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਿਟਿਡ ਕੰਪਨੀਜ਼ ਐਕਟ, 1956 ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚੋਂ ਇੱਕ ਸ਼ਾਖਾ ਦਫਤਰ, ਗੁਰਦਾਸਪੁਰ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਮਨਪ੍ਰੀਤ ਸਿੰਘ ਪੁੱਤਰ ਸ੍ਰੀ ਰਤਨ ਸਿੰਘ ਵਾਸੀ ਪਿੰਡ ਨਾਰਾਂਵਾਲੀ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ-143512
2. ਕੁਲਦੀਪ ਸਿੰਘ ਪੁੱਤਰ ਸ੍ਰੀ ਸੁਰਜੀਤ ਸਿੰਘ ਵਾਸੀ ਸ਼ਾਹਪੁਰ, ਦੋਸਤਪੁਰ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ-143526

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ, ਜੋ ਕਿ ਲਿਫਾਫੇ ਅਤੇ ਪ੍ਰਾਪਤੀ ਰਸੀਦਾਂ ਸਨ, ' ਵਾਪਸ ਪ੍ਰਾਪਤ ਨਹੀਂ ਹੋਏ' ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹ ਜਾਣਬੁੱਝ ਕੇ ਮੇਰੇ ਟ੍ਰਿਬਿਊਨਲ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 05/11/2024 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 24.09.2024
ਜਲੰਧਰ

ਸਹੀ/- ਸੁਖਜੀਤ ਸਿੰਘ ਜੌਲੀ
ਸਾਲਸ

## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਿਟਿਡ ਕੰਪਨੀਜ਼ ਐਕਟ, 1956 ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚੋਂ ਇੱਕ ਸ਼ਾਖਾ ਦਫਤਰ, ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਗੁਰਦੇਵ ਸਿੰਘ ਪੁੱਤਰ ਸ੍ਰੀ ਮਲਕੀਅਤ ਸਿੰਘ ਹੁਣ ਮ੍ਰਿਤਕ, ਰਾਹੀਂ ਇਸ ਦੇ ਕਾਨੂੰਨੀ/ਵਾਰਿਸਾਂ/ਪ੍ਰਤੀਨਿਧੀਆਂ : ਏ. ਤਰਸੇਮ ਸਿੰਘ ਪੁੱਤਰ ਸ੍ਰੀ ਗੁਰਦੇਵ ਸਿੰਘ, (ਰੈਸਪੋਂਡੈਂਟ ਨੰ: 2 ਵੀ), ਬੀ. ਮਨਦੀਪ ਕੌਰ ਪੁੱਤਰੀ ਸ੍ਰੀ ਗੁਰਦੇਵ ਸਿੰਘ, ਸਾਰੇ ਵਾਸੀ ਪਿੰਡ ਭੌਰਾ, ਤਹਿਸੀਲ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ-144506
2. ਤਰਸੇਮ ਸਿੰਘ ਪੁੱਤਰ ਸ੍ਰੀ ਗੁਰਦੇਵ ਸਿੰਘ ਵਾਸੀ ਪਿੰਡ ਭੌਰਾ, ਤਹਿਸੀਲ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ-144506 ਦੇ ਵਸਨੀਕ ਸੈਂਟਰਲ ਜੇਲ੍ਹ ਲੁਧਿਆਣਾ-141007 ਵਿਖੇ ਵੀ, ਰਾਹੀਂ ਐੱਸ. ਪੀ./ ਡੀ ਐੱਸ ਪੀ (ਜੇਲ)
3. ਗੁਰਦੀਪ ਸਿੰਘ ਪੁੱਤਰ ਸ੍ਰੀ ਕੇਵਲ ਸਿੰਘ ਵਾਸੀ ਪਿੰਡ ਲਧਾਣਾ ਝਿੱਕਾ, ਤਹਿਸੀਲ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ-144510.

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ, ਜੋ ਕਿ ਲਿਫਾਫੇ ਅਤੇ ਪ੍ਰਾਪਤੀ ਰਸੀਦਾਂ ਸਨ, ' ਵਾਪਸ ਪ੍ਰਾਪਤ ਨਹੀਂ ਹੋਏ' ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹ ਜਾਣਬੁੱਝ ਕੇ ਮੇਰੇ ਟ੍ਰਿਬਿਊਨਲ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 05/11/2024 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਸਹੀ/- ਸੁਖਜੀਤ ਸਿੰਘ ਜੌਲੀ
ਸਾਲਸ

# ਜਨਤਕ ਜਥੇਬੰਦੀਆਂ ਵੱਲੋਂ 8 ਨੂੰ ਥਾਣਾ ਮਹਿਤਪੁਰ ਦਾ ਘਿਰਾਓ ਕਰਨ ਦਾ ਐਲਾਨ



**ਮਹਿਤਪੁਰ (ਰਾਜਾ)** ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਇੱਕ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਇਲਾਕੇ ਵਿੱਚ ਵਧ ਰਹੇ ਨਸ਼ਿਆਂ, ਲੁੱਟਾਂ ਖੋਹਾਂ, ਔਰਤਾਂ ਨਾਲ ਵਧੀਕੀਆਂ, (ਸੂਦਖੋਰਾਂ) ਮਾਈਕਰੋਫਾਇਨਾਂਸ ਦੇ ਏਜੰਟਾਂ ਨੂੰ ਨੱਥ ਪਾਉਣ ਵਿੱਚ ਢਿੱਲਮੱਠ ਵਰਤਣ ਦੇ ਵਿਰੁੱਧ 8 ਅਕਤੂਬਰ ਨੂੰ ਮਹਿਤਪੁਰ ਪੁਲਸ ਵਿਰੁੱਧ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ। ਆਗੂਆਂ ਕਿਹਾ ਕਿ ਜਦ ਤੱਕ ਨਸ਼ੇ ਦੇ ਸੌਦਾਗਰਾਂ, ਭ੍ਰਿਸ਼ਟ ਸਿਆਸਤਦਾਨਾਂ ਅਤੇ ਪੁਲਸ ਵਿੱਚ ਬੈਠੀਆਂ ਕੁਝ ਕਾਲੀਆਂ ਭੇਡਾਂ ਦੇ ਨਾਪਾਕ ਗੱਠਜੋੜ ਵਿਰੁੱਧ ਲੋਕ ਲਹਿਰ ਨਹੀਂ ਉਸਾਰੀ ਜਾਂਦੀ ਉਦੋਂ ਤੱਕ ਮਾਵਾਂ ਦੇ ਪੁੱਤ ਬੇਨਿਆਈ ਮੌਤ ਮਰਦੇ ਰਹਿਣਗੇ। ਥਾਣਾ ਮੁਖੀਆਂ ਦੀਆਂ ਬਦਲੀਆਂ ਦੇ ਬਾਵਜੂਦ ਮਹਿਤਪੁਰ ਇਲਾਕੇ ਵਿੱਚ ਨਾ ਤਾਂ ਨਸ਼ਿਆਂ ਨੂੰ ਠੱਲ੍ਹ ਪਈ ਹੈ ਨਾ ਹੀ ਲੁੱਟਾਂ ਖੋਹਾਂ ਦਾ ਗਰਾਫ ਥੱਲੇ ਡਿੱਗਿਆ ਹੈ। ਆਏ ਦਿਨ ਮਾਵਾਂ ਦੇ ਪੁੱਤ ਨਸ਼ਿਆਂ ਦਾ ਸ਼ਿਕਾਰ ਹੋ ਕੇ ਸਿਵਿਆਂ ਦੇ ਰਾਹ ਤੁਰੇ ਹੋਏ ਹਨ। ਲੁੱਟਾਂ ਖੋਹਾਂ ਕਰਨ ਵਾਲਿਆਂ ਦੇ ਹੌਸਲੇ ਇੰਨੇ ਵਧ ਗਏ ਹਨ ਕਿ ਉਹ ਦਿਨ ਦਿਹਾੜੇ ਬੈਂਕਾਂ ਵਿੱਚ ਆਉਣ ਵਾਲੇ ਬਜ਼ੁਰਗ ਬਿਮਾਰ ਲੋੜਿਆਂ ਨੂੰ ਆਪਣਾ ਸ਼ਿਕਾਰ ਬਣਾਉਣ ਤੋਂ ਗੁਰੇਜ਼ ਨਹੀਂ ਕਰਦੇ ਦੋ ਦਿਨ ਪਹਿਲਾਂ ਆਦਮਪੁਰ ਤੋਂ ਕੈਂਸਰ ਦਾ ਮਰੀਜ਼ ਬਜ਼ੁਰਗ ਜੋੜਾ ਇਸ ਦਾ ਸ਼ਿਕਾਰ ਹੋ ਗਿਆ। ਇਲਾਕੇ ਦਾ ਡਰੱਗ ਮਾਫੀਆ ਪਿੰਡਾਂ ਅਤੇ ਸ਼ਹਿਰਾਂ ਵਿੱਚ ਆਪਣੀਆਂ ਜਾਇਦਾਦਾਂ ਵਿੱਚ ਅਥਾਹ ਵਾਧਾ ਕਰ ਰਿਹਾ ਹੈ। ਇਹਨਾਂ ਵਿਰੁੱਧ ਐਨ ਡੀ ਪੀ ਐਸ ਤੇ ਪਰਚੇ ਹੋਣ ਦੇ ਬਾਵਜੂਦ ਇਹਨਾਂ ਦੀਆਂ ਜਾਇਦਾਦਾਂ ਕੁਰਕ ਕਰਨ ਲਈ ਕੋਈ ਕਾਨੂੰਨ ਮਹਿਤਪੁਰ ਪੁਲਸ ਅਮਲ ਵਿੱਚ ਲਿਆਉਣ ਲਈ ਤਿਆਰ ਨਹੀਂ। ਸੂਦਖੋਰਾਂ ਅਤੇ ਮਾਈਕਰੋ ਫਾਇਨੈਂਸ ਕੰਪਨੀਆਂ ਦੇ ਏਜੰਟਾਂ ਦਾ ਸ਼ਿਕਾਰ ਔਰਤਾਂ ਮਹੀਨਿਆਂ ਬੱਧੀ ਇਨਸਾਫ ਲਈ ਥਾਣੇ ਦੇ ਧੱਕੇ ਖਾਂਦੀਆਂ ਹਨ। ਪੁਲਸ ਇਹਨਾਂ ਕੰਪਨੀਆਂ ਦੇ ਏਜੰਟਾਂ ਵੱਲੋਂ ਲੋਕਾਂ ਦੇ ਘਰਾਂ ਵਿੱਚੋਂ ਚੁੱਕਿਆ ਸਮਾਨ ਬਰਾਮਦ ਕਰਨ ਦੇ ਬਾਵਜੂਦ ਉਹਨਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕਰਦੀ।

ਜ਼ਿਲ੍ਹੇ ਦੇ ਪੁਲਸ ਮੁਖੀ ਦੇ ਹੁਕਮਾਂ ਦੇ ਬਾਵਜੂਦ ਮਹਿਤਪੁਰ ਪੁਲਸ ਦੇ ਥਾਣੇਦਾਰਾਂ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ। ਪ੍ਰੈਸ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਸੰਧੂ, ਗੁਰਕਮਲ ਸਿੰਘ, ਰਜਿੰਦਰ ਸਿੰਘ ਮੰਡ, ਇਸਤਰੀ ਜਾਗਰਿਤੀ ਮੰਚ ਦੀ ਜ਼ਿਲਾ ਪ੍ਰਧਾਨ ਅਨੀਤਾ ਸੰਧੂ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਮਾ, ਤਹਿਸੀਲ ਪ੍ਰਧਾਨ ਕਸ਼ਮੀਰ ਮੰਡਿਆਲਾ, ਵਿਜੇ ਬਾਠ, ਨੌਜਵਾਨ ਭਾਰਤ ਸਭਾ ਦੇ ਆਗੂ ਸੋਨੂੰ ਅਰੋੜਾ, ਰਤਨ ਸਿੰਘ, ਬਚਨ ਸਿੰਘ ਸਾਬਕਾ ਸਰਪੰਚ ਪੀੜਿਤ ਪਰਿਵਾਰਾਂ ਨਾਲ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਵੀ ਸ਼ਾਮਲ ਸਨ।

# ਤੇਜ ਪ੍ਰਕਾਸ਼ ਖਾਸਾ ਨੂੰ ਸ਼ਹੀਦ ਚੰਦਰਸ਼ੇਖਰ ਆਜ਼ਾਦ ਰਾਸ਼ਟਰੀ ਪੁਰਸਕਾਰ ਨਾਲ ਕੀਤਾ ਸਨਮਾਨਿਤ



**ਬਲਾਚੌਰ (ਜਸਵਿੰਦਰ ਬੈਂਸ)** ਮਹਾਰਾਸ਼ਟਰ ਦੇ ਲਾਤੂਰ ਵਿੱਚ ਮਰਾਠਵਾੜਾ ਮੁਕਤੀ ਸੰਗਰਾਮ ਦਿਵਸ ਮੌਕੇ 17/18 ਸਤੰਬਰ ਦੇ ਦਿਨ ਕੌਮੀ ਸਾਲਾਨਾ ਸੰਮੇਲਨ ਵਿੱਚ ਪੰਜਾਬ ਦੇ ਪੰਜਾਬ ਪ੍ਰਧਾਨ ਤੇਜ ਪ੍ਰਕਾਸ਼ ਖਾਸਾ ਨੂੰ ਸ਼ਹੀਦ ਚੰਦਰਸ਼ੇਖਰ ਆਜ਼ਾਦ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।ਅਖਿਲ ਭਾਰਤੀ ਭ੍ਰਿਸ਼ਟਾਚਾਰ ਵਿਰੋਧੀ ਸੰਘਰਸ਼ ਸਮਿਤੀ ਅਤੇ ਬ੍ਰਿਕਸ ਮਨੁੱਖੀ ਅਧਿਕਾਰ ਮਿਸ਼ਨ ਦੀ ਕੌਮੀ ਸਾਲਾਨਾ ਕਨਵੈਨਸ਼ਨ ਵਿੱਚ ਸਮਿਤੀ ਦੇ ਉੱਤਰੀ ਜ਼ੋਨ ਅਤੇ ਪੰਜਾਬ ਸੂਬਾ ਪ੍ਰਧਾਨ ਤੇਜ ਪ੍ਰਕਾਸ਼ ਖਾਸਾ ਨੂੰ ਉਨ੍ਹਾਂ ਵੱਲੋਂ ਕੀਤੇ ਭ੍ਰਿਸ਼ਟਾਚਾਰ ਵਿਰੋਧੀ ਕੰਮਾਂ ਲਈ ਸ਼ਹੀਦ ਚੰਦਰਸ਼ੇਖਰ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।ਉਨ੍ਹਾਂ ਨੂੰ ਇਹ ਸਨਮਾਨ ਰਾਸ਼ਟਰੀ ਪ੍ਰਧਾਨ ਬਾਬਾ ਸ੍ਰੀ ਪ੍ਰਦੀਪ ਪਾਟਿਲ ਖੰਡਾਪੁਰਕਰ ਅਤੇ ਸੈਨਿਕ ਭਲਾਈ ਅਧਿਕਾਰੀ ਲੈਫਟੀਨੈਂਟ ਕਰਨਲ ਸ਼ਰਦਜੀ ਪੰਡਰੇ, ਅਸ਼ੋਕ ਨੰਜੇਕਰ ਨੇ ਪ੍ਰਦਾਨ ਕੀਤਾ ਸ੍ਰੀ ਮੰਗਲ ਆਡੀਟੋਰੀਅਮ, ਲਾਤੂਰ ਮਹਾਂਰਾਸ਼ਟਰ ਵਿਖੇ ਵੱਡੀ ਗਿਣਤੀ ਵਿੱਚ ਹਾਜ਼ਰੀ ਵਿੱਚ ਦਿੱਤਾ।ਪ੍ਰੋਗਰਾਮ ਵਿੱਚ ਆਜ਼ਾਦੀ ਘੁਲਾਟੀਆਂ, ਬਹਾਦਰ ਔਰਤਾਂ, ਬਹਾਦਰ ਮਾਵਾਂ ਅਤੇ ਮਰਾਠਵਾੜਾ ਦੇ ਸੁਤੰਤਰਤਾ ਸੈਨਾਨੀਆਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਦੇ ਨਾਲ ਹੀ ਪਾਕਿਸਤਾਨ ਦੀਆਂ ਜੇਲ੍ਹਾਂ ਵਿੱਚ ਤਸ਼ੱਦਦ ਝੱਲਣ ਤੋਂ ਬਾਅਦ ਆਏ ਕੁਲਦੀਪ ਕੁਮਾਰ ਯਾਦਵ, ਗੁਜਰਾਤ, ਪੰਕਜ ਕੁਮਾਰ ਪੰਜਾਬ , ਜੰਮੂ-ਕਸ਼ਮੀਰ ਤੋਂ ਰਾਮਰਾਜਾ, ਜੰਮੂ-ਕਸ਼ਮੀਰ ਤੋਂ ਭਾਰਤ ਭੂਸ਼ਣ, ਜੰਮੂ-ਕਸ਼ਮੀਰ ਤੋਂ ਸ਼੍ਰੀਮਤੀ ਵਿਸ਼ਨੂੰ ਦੇਵੀ, ਸ਼੍ਰੀਮਤੀ ਸੁਵਰਨਾ ਦੇਵੀ ਜੰਮੂ-ਕਸ਼ਮੀਰ ਅਤੇ ਪੰਜਾਬ ਤੋਂ ਸੁਰਿੰਦਰ ਪਾਲ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਬਨ੍ਹਾ ਦੇ ਵਾਸਦੇਵ ਸਰਪੰਚ ਦੇ ਪਰਵਾਰ ਨੇ ਫੜਿਆ ਆਪ ਦਾ ਪੱਲਾ



**ਬਲਾਚੌਰ, (ਜਸਵਿੰਦਰ ਬੈਂਸ)** ਭਗਵੰਤ ਮਾਨ ਮੁੱਖ ਮੰਤਰੀ ਪੰਜਾਬ, ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਹਲਕਾ ਵਿਧਾਇਕ ਬੀਬੀ ਸੰਤੋਸ਼ ਕਟਾਰੀਆ ਦੀ ਅਗਵਾਈ ਵਿੱਚ ਪਿੰਡ ਬਨ੍ਹਾ ਤੋਂ ਵਾਸਦੇਵ ਸਰਪੰਚ ਦਾ ਪਰਵਾਰ ਸਾਥੀਆਂ ਸਮੇਤ ਕਾਂਗਰਸ ਪਾਰਟੀ ਨੂੰ ਛੱਡ ਕੇ 'ਆਪ' 'ਚ ਸ਼ਾਮਲ ਹੋਏ।ਇਸ ਮੌਕੇ ਬੀਬੀ ਸੰਤੋਸ਼ ਕਟਾਰੀਆ ਨੇ ਰਵਾਇਤੀ ਪਾਰਟੀਆਂ ਨੂੰ ਛੱਡ ਕੇ 'ਆਪ' 'ਚ ਆਏ ਸਾਰੇ ਸਮਰਥਕਾਂ ਦਾ ਨਿੱਘਾ ਸਵਾਗਤ ਕੀਤਾ।ਇਸ ਮੌਕੇ ਬੀਬੀ ਕਟਾਰੀਆ ਨੇ ਕਿਹਾ ਕਿ ਸ਼ਾਮਲ ਹੋਏ ਸਾਰੇ ਸਾਥੀਆਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।ਇਸ ਮੌਕੇ ਅਸ਼ੋਕ ਕਟਾਰੀਆ ਸੀਨੀਅਰ ਆਗੂ ਆਮ ਆਦਮੀ ਪਾਰਟੀ ਨੇ ਕਿਹਾ ਕਿ ਸਾਰੀ ਰਵਾਇਤੀ ਪਾਰਟੀਆਂ ਦੇ ਇਮਾਨਦਾਰ ਆਗੂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਜਾ ਰਹੇ ਹਨ। ਇਸ ਮੌਕੇ ਕਰਨਵੀਰ ਕਟਾਰੀਆ ਯੂਥ ਆਗੂ ਆਪ ਨੇ ਸ਼ਾਮਲ ਹੋਏ ਸਾਥੀਆਂ ਦਾ ਸਵਾਗਤ ਕੀਤਾ।ਇਸ ਦੀ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਚੰਦਰ ਮੋਹਨ ਜੇਡੀ ਮੀਡੀਆ ਇੰਚਾਰਜ ਨੇ ਕਿਹਾ ਕਿ ਲੋਕ ਰਵਾਇਤੀ ਪਾਰਟੀਆਂ ਦੇ ਲੋਕ ਲੁਭਾਵਣੇ ਝੂਠੇ ਵਾਅਦਿਆਂ ਤੋਂ ਦੁਖੀ ਹਨ।ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਚੌਧਰੀ ਵਾਸਦੇਵ ਭੂੰਬਲਾ ਸਰਪੰਚ ਬਨ੍ਹਾ ਦੇ ਪੁੱਤਰ ਮਨੀਸ਼ ਭੂੰਬਲਾ, ਸੋਨੂੰ ਭੂੰਬਲਾ, ਕੁੰਦਨ ਲਾਲ, ਕਮਲ ਚੇਚੀ, ਪੋਲਾ ਚੇਚੀ, ਅਸ਼ੋਕ ਚੇਚੀ, ਬਿਸ਼ੰਬਰ ਕਿਸਾਨਾ, ਹੇਮ ਰਾਜ ਭਾਟੀਆ ਪੰਚ, ਸਿਵ ਪ੍ਰਕਾਸ਼ ਪੰਚ, ਹੇਮਰਾਜ ਕਿਸਾਨਾ, ਮਹਿੰਦਰ ਖੇਪੜ, ਬਲਵੀਰ ਕਿਸਾਨਾ, ਰਾਜ ਕੁਮਾਰ ਭਾਟੀਆ ਆਦਿ ਦੇ ਪਰਵਾਰ ਸ਼ਾਮਲ ਹੋਏ।

# ਇਫਟੂ ਨੇ ਨਵੇਂ ਫੌਜਦਾਰੀ ਕਾਨੂੰਨਾਂ ਤੇ ਕਿਰਤ ਕੋਡਾਂ ਦੀਆਂ ਕਾਪੀਆਂ ਸਾੜੀਆਂ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਟਰੇਡ ਯੂਨੀਅਨਾਂ ਵੱਲੋਂ ਦਿੱਤੇ ਗਏ ਦੇਸ਼ ਵਿਆਪੀ ਸੱਦੇ 'ਤੇ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਜ਼ਿਲ੍ਹਾ



ਸ਼ਹੀਦ ਭਗਤ ਸਿੰਘ ਨਗਰ ਵਲੋਂ ਸਥਾਨਕ ਅੰਬੇਡਕਰ ਚੌਂਕ ਵਿਖੇ ਤਿੰਨ ਨਵੇਂ ਫੌਜਦਾਰੀ ਕਾਨੂੰਨਾਂ ਅਤੇ ਚਾਰ ਕਿਰਤ ਕੋਡਜ਼ ਦੀਆਂ ਕਾਪੀਆਂ ਸਾੜਕੇ ਇਹਨਾਂ ਕਾਨੂੰਨਾਂ ਦੇ ਵਿਰੋਧ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਵਿਚਾਰ ਪੇਸ਼ ਕਰਦਿਆਂ ਇਫਟੂ ਪੰਜਾਬ ਦੇ ਉੱਪ ਸਕੱਤਰ ਅਵਤਾਰ ਸਿੰਘ ਤਾਰੀ ਅਤੇ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਕਿਹਾ ਕਿ ਬਸਤੀਵਾਦੀ ਕਾਨੂੰਨ ਪ੍ਰਣਾਲੀ ਨੂੰ ਖ਼ਤਮ ਕਰਨ ਦੇ ਨਾਂ ਹੇਠ ਪੁਲਸ ਰਾਜ ਵਾਲੇ ਨਵੇਂ ਤਿੰਨ ਫੌਜਦਾਰੀ ਕਾਨੂੰਨ ਲਿਆਂਦੇ ਗਏ ਹਨ।ਦਰਅਸਲ ਇਹ ਬਸਤੀਵਾਦੀ ਕਾਨੂੰਨਾਂ ਤੋਂ ਵੀ ਵੱਧ ਘਾਤਕ ਹਨ।ਮੋਦੀ ਸਰਕਾਰ ਕਾਲੇ ਕਾਨੂੰਨ ਥੋਪਕੇ ਨਾਗਰਿਕਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਦਾ ਗਲਾ ਘੁੱਟ ਰਹੀ ਹੈ।ਉਹਨਾਂ ਕਿਹਾ ਕਿ ਇਹ ਕਾਨੂੰਨ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਜਮਹੂਰੀ ਹੱਕਾਂ ਨੂੰ ਖੋਹਣ ਲਈ ਹਨ।ਉਹਨਾਂ ਕਿਹਾ ਕਿ ਮਜਦੂਰ ਵਰਗ ਨੂੰ ਇਹਨਾਂ ਫਾਸ਼ੀਵਾਦੀ ਕਾਨੂੰਨਾਂ ਦਾ ਤਿੱਖਾ ਵਿਰੋਧ ਕਰਨਾ ਚਾਹੀਦਾ ਹੈ।

ਇਫਟੂ ਦੇ ਜਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ ਅਤੇ ਰੇਹੜੀ ਵਰਕਰ ਯੂਨੀਅਨ ਦੇ ਪ੍ਰਧਾਨ ਹਰੇ ਰਾਮ ਨੇ ਕਿਹਾ ਕਿ ਚਾਰ ਕਿਰਤ ਕੋਡਜ਼ ਕਾਮਿਆਂ ਨੂੰ ਆਪਣੀ ਜਥੇਬੰਦੀ ਬਣਾਉਣ ਅਤੇ ਹੱਕੀ ਮੰਗਾਂ ਨੂੰ ਲੈਕੇ ਘੋਲ ਕਰਨ, ਰੈਲੀਆਂ ਅਤੇ ਹੜਤਾਲਾਂ ਕਰਨ ਉੱਤੇ ਪਾਬੰਦੀਆਂ ਲਾਉਂਦੇ ਹਨ, ਉਹਨਾਂ ਦੇ ਜਮਹੂਰੀ ਹੱਕ ਕੁਚਲਦੇ ਹਨ।ਇਹ ਕੋਡਜ਼ ਕਿਰਤੀ ਵਰਗ ਨੂੰ ਜਥੇਬੰਦ ਹੋਣ, ਸੰਘਰਸ਼ ਕਰਨ ਤੋਂ ਰੋਕਣ ਦੇ ਹਥਿਆਰ ਹਨ।

## ਨਗਰ ਕੌਂਸਲ ਫਗਵਾੜਾ ਵੱਲੋਂ ਸਰਕਾਰੀ ਹਦਾਇਤਾਂ 'ਤੇ ਸਟਰੀਟ ਵੈਂਡਰਾਂ ਲਈ ਵਿਸ਼ੇਸ਼ ਸਿਖਲਾਈ ਕੈਂਪ

**ਫਗਵਾੜਾ (ਡਾ ਰਮਨ, ਜਸਵਿੰਦਰ ਢੱਡਾ)** ਨਗਰ ਕੌਂਸਲ ਫਗਵਾੜਾ ਨੇ ਸਰਕਾਰ ਵੱਲੋਂ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਤੇ ਨੂਲਮ ਅਤੇ ਪੰਜਾਬ ਰਾਜ ਅਰਬਨ ਲਾਈਵਲੀਹੁੱਡਜ਼ ਮਿਸ਼ਨ ਤਹਿਤ ਨਗਰ ਕੌਂਸਲ ਫਗਵਾੜਾ ਅਧੀਨ ਆਉਂਦੇ ਸਟਰੀਟ ਵੈਂਡਰਾਂ ਦੀ ਸਮਰੱਥਾ, ਨਿਰਮਾਣ ਅਤੇ ਸਿਖਲਾਈ ਲਈ ਅਸਿਸਟੈਂਟ ਕਮਿਸ਼ਨਰ ਕੁਲਪ੍ਰੀਤ ਸਿੰਘ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਕੈਂਪ ਵਿੱਚ ਪੀ ਜੀ ਆਈ ਤੋਂ ਆਈ ਹੋਈ ਟੀਮ ਮੈਡਮ ਹਰਪ੍ਰੀਤ ਕੌਰ ਤੇ ਮੈਡਮ ਜਾਨਵੀ ਨੇ ਇਸ ਵਿਸ਼ੇਸ਼ ਸਿਖਲਾਈ ਸੈਮੀਨਾਰ ਤਹਿਤ ਸਟਰੀਟ ਵੈਂਡਰਾਂ ਨੂੰ ਲੋਕਲ ਰਮੈਂਟ ਅਤੇ ਪੀ ਜੀ ਆਈ ਅਤੇ ਪ੍ਰੋਜੈਕਟ ਇਨਵਾਇਰਮੈਂਟ ਪਰਸਨਲ ਰਾਈਜੀਨ ਅਤੇ ਰੂਪ ਪ੍ਰੋਡਕਮਨ ਤੋਂ ਇਲਾਵਾ ਤੰਬਾਕੂ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ ਆਈ ਹੋਈ ਟੀਮ ਵਲੋਂ ਸਟਰੀਟ ਵੈਂਡਰਾਂ ਨੂੰ ਸਾਫ ਸਫਾਈ ਅਤੇ ਸਰਕਾਰ ਵਲੋਂ ਚਲਾਈ ਗਈ ਸਕੀਮ ਤੋਂ ਵੀ ਜਾਣੂ ਕਰਵਾਇਆ ਗਿਆ। ਇਸ ਮੌਕੇ ਨਗਰ ਕੌਂਸਲ ਅਧਿਕਾਰੀ ਅਸਿਸਟੈਂਟ ਕਮਿਸ਼ਨਰ ਸ਼੍ਰੀ ਕੁਲਪ੍ਰੀਤ ਸਿੰਘ, ਇੰਸਪੈਕਟਰ ਰਮਨ ਕੁਮਾਰ,ਸਿਟੀ ਮਿਸ਼ਨ ਮੈਨੇਜਰ ਗੁਰਵਿੰਦਰ ਸਿੰਘ, ਸੀਨੀਅਰ ਅਧਿਕਾਰੀ ਸ੍ਰੀ ਮੋਹਨ ਕੁਮਾਰ ਅਤੇ ਵੱਡੀ ਗਿਣਤੀ ਵਿਚ ਸਟਰੀਟ ਵੈਂਡਰ ਹਾਜ਼ਰ ਸਨ।

## ਅਰਸ਼ਦੀਪ ਕਲੇਰ ਦੇ ਬਿਆਨ 'ਤੇ 'ਆਪ' ਦਾ ਤਿੱਖਾ ਪ੍ਰਤੀਕਰਮ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਆਮ ਆਦਮੀ ਪਾਰਟੀ (ਆਪ) ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਮੁੱਖ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਵੱਲੋਂ ਮੰਤਰੀ ਮੰਡਲ ਦੇ ਵਿਸਥਾਰ ਨੂੰ ਲੈ ਕੇ ਦਿੱਤੇ ਬਿਆਨ 'ਤੇ ਤਿੱਖਾ ਪ੍ਰਤੀਕਰਮ ਦਿੱਤਾ ਹੈ।'ਆਪ' ਪੰਜਾਬ ਦੇ ਸੀਨੀਅਰ ਆਗੂ ਅਤੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਸਾਡਾ ਡੱਬਾ ਅਤੇ ਇੰਜਣ ਦੋਵੇਂ ਬਿਲਕੁਲ ਠੀਕ ਹਨ। ਸੁਖਬੀਰ ਬਾਦਲ ਵੱਲ ਇਸ਼ਾਰਾ ਕਰਦਿਆਂ ਨੀਲ ਗਰਗ ਨੇ ਕਿਹਾ ਕਿ ਇਹ ਕਿਸੇ ਇੱਕ ਪਰਵਾਰ ਦਾ ਡੱਬਾ ਨਹੀਂ ਹੈ।ਇਹ ਪੰਜਾਬ ਦੇ ਤਿੰਨ ਕਰੋੜ ਲੋਕਾਂ ਵੱਲੋਂ ਚੁਣੇ ਗਏ ਡੱਬੇ ਅਤੇ ਇੰਜਣ ਹਨ।ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਪੰਜਾਬ 'ਚ ਹਰ ਤਰ੍ਹਾਂ ਦੇ ਮਾਫ਼ੀਆ 'ਤੇ ਸ਼ਿਕੰਜਾ ਕੱਸਿਆ ਹੈ।ਅਕਾਲੀ ਸਰਕਾਰ ਵੇਲੇ ਪੈਦਾ ਹੋਏ ਗੈਂਗਸਟਰਾਂ ਖ਼ਿਲਾਫ਼ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ।ਸਰਕਾਰ ਨੇ ਨਸ਼ਾ ਤਸਕਰੀ ਨੂੰ ਕਾਬੂ ਕਰਕੇ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ।ਗਰਗ ਨੇ ਕਿਹਾ ਕਿ ਅਸਲ ਵਿੱਚ ਇੰਜਣ ਬਦਲਣ ਦੀ ਲੋੜ ਅਕਾਲੀ ਦਲ ਨੂੰ ਹੈ, ਜੋ ਪੰਜਾਬ ਅਤੇ ਪੰਥ ਦੀ ਪਾਰਟੀ ਤੋਂ ਇਕ ਪਰਿਵਾਰ ਦੀ ਪਾਰਟੀ ਬਣ ਚੁੱਕਾ ਹੈ। ਕਲੇਰ ਪਹਿਲਾਂ ਆਪਣੀ ਪਾਰਟੀ ਨੂੰ ਬਾਦਲ ਪਰਿਵਾਰ ਦੀ ਪਕੜ ਤੋਂ ਮੁਕਤ ਕਰਵਾਉਣ, ਫਿਰ ਦੂਜੀਆਂ ਪਾਰਟੀਆਂ 'ਤੇ ਟਿੱਪਣੀ ਕਰਨ।ਉਨ੍ਹਾਂ ਕਿਹਾ ਕਿ ਅੱਜ ਅਕਾਲੀ ਦਲ ਦੀ ਹਾਲਤ ਇਹ ਹੋ ਗਈ ਹੈ ਕਿ ਜੇਕਰ ਉਸ ਨੂੰ 11 ਮੈਂਬਰੀ ਕਮੇਟੀ ਬਣਾਉਣੀ ਪਵੇ ਤਾਂ ਉਹ ਨਹੀਂ ਬਣਾ ਸਕਦਾ।ਬਾਦਲ ਪਰਿਵਾਰ ਨੇ ਪਾਰਟੀ ਅਤੇ ਪੰਜਾਬ ਦੋਵਾਂ ਨੂੰ ਬਰਬਾਦ ਕਰ ਦਿੱਤਾ।ਇਨ੍ਹਾਂ ਲੋਕਾਂ ਨੇ ਆਪਣੇ ਫ਼ਾਇਦੇ ਲਈ ਪੰਜਾਬ ਵਿੱਚ ਨਸ਼ਾ ਤਸਕਰਾਂ ਨੂੰ ਉਤਸ਼ਾਹਿਤ ਕੀਤਾ।ਗੈਂਗਸਟਰ ਅਤੇ ਮਾਫ਼ੀਆ ਪੈਦਾ ਕੀਤਾ, ਜਿਸ ਦਾ ਨਤੀਜਾ ਅੱਜ ਤੱਕ ਪੰਜਾਬ ਭੁਗਤ ਰਿਹਾ ਹੈ।

## ਗਊ ਭਲਾਈ ਕੈਂਪ 'ਚ ਜ਼ਖਮੀ ਗਊ ਦਾ ਕੀਤਾ ਇਲਾਜ

**ਜਲੰਧਰ, (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਦੇ ਪਸ਼ੂ ਪਾਲਣ ਵਿਭਾਗ ਜਲੰਧਰ ਵੱਲੋਂ ਸ਼੍ਰੀ ਗਊਸ਼ਾਲਾ ਕਰਤਾਰਪੁਰ ਵਿਖੇ ਗਊ ਭਲਾਈ ਕੈਂਪ ਲਗਾਇਆ ਗਿਆ, ਜਿਸ ਵਿੱਚ ਬਿਮਾਰ ਅਤੇ ਜ਼ਖਮੀ ਗਊਆਂ ਦਾ ਇਲਾਜ ਕੀਤਾ ਗਿਆ।ਇਸ ਮੌਕੇ ਪੰਜਾਬ ਗਊ ਸੇਵਾ ਕਮਿਸ਼ਨ ਵੱਲੋਂ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਬੇਸਹਾਰਾ ਗਊਵੰਸ਼ ਦੇ ਇਲਾਜ ਲਈ 25,000 ਰੁਪਏ ਦੀਆਂ ਮੁਫ਼ਤ ਦਵਾਈਆਂ ਗਊਸ਼ਾਲਾ ਪ੍ਰਬੰਧਕਾਂ ਨੂੰ ਸੌਂਪੀਆਂ ਗਈਆਂ।ਇਹ ਕੈਂਪ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਰਾਮ ਮੂਰਤੀ ਮੱਟੂ ਦੀ ਅਗਵਾਈ ਵਿੱਚ ਲਗਾਇਆ ਗਿਆ ਸੀ, ਜਿਸਦਾ ਸੰਚਾਲਨ ਸਹਾਇਕ ਨਿਰਦੇਸ਼ਕ ਡਾ. ਅਨਿਲ ਕੁਮਾਰ ਅਤੇ ਹੋਰਨਾਂ ਸੀਨੀਅਰ ਅਧਿਕਾਰੀਆਂ ਨੇ ਮੌਜੂਦ ਰਹਿ ਕੇ ਆਪਣੀ ਨਿਗਰਾਨੀ ਵਿੱਚ ਕਰਵਾਇਆ।ਇਸ ਮੌਕੇ ਪੌਲੀਕਲੀਨਿਕ ਜਲੰਧਰ ਤੋਂ ਸਰਜਨ ਡਾ. ਵਿਪਨ ਕੁਮਾਰ, ਵੈਟਨਰੀ ਅਫ਼ਸਰ ਡਾ. ਪਰਮਜੀਤ ਅਹੀਰ, ਡਾ. ਧਰਮਾਂਸ਼ੂ ਮੱਲ ਅਤੇ ਸੀਨੀਅਰ ਵੈਟਨਰੀ ਇੰਸਪੈਕਟਰ ਅਸ਼ੋਕ ਕੁਮਾਰ ਤੇ ਵੈਟਰਨਰੀ ਇੰਸਪੈਕਟਰ ਰਾਜੀਵ ਕੁਮਾਰ ਨੇ ਤਨਦੇਹੀ ਨਾਲ ਡਿਊਟੀ ਨਿਭਾਈ। ਗਊਸ਼ਾਲਾ ਦੇ ਪ੍ਰਧਾਨ ਬਲਰਾਮ ਗੁਪਤਾ ਅਤੇ ਗਊਸ਼ਾਲਾ ਪ੍ਰਬੰਧਕ ਕਮੇਟੀ ਮੈਂਬਰਾਂ ਵੱਲੋਂ ਪਸ਼ੂ ਪਾਲਣ ਵਿਭਾਗ ਅਤੇ ਗਊ ਸੇਵਾ ਕਮਿਸ਼ਨ ਪੰਜਾਬ ਦੇ ਚੇਅਰਮੈਨ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ ਗਿਆ।

# ਬੀ ਡੀ ਪੀ ਓ ਦਫ਼ਤਰ ਮੋਹਾਲੀ 'ਚ ਮਹਿਲਾਵਾਂ ਤੇ ਬੱਚਿਆਂ ਲਈ 4 ਰੋਜ਼ਾ ਸਿਖਲਾਈ ਕੈਂਪ

**ਮੋਹਾਲੀ, (ਗੁਰਜੀਤ ਬਿੱਲਾ)**- ਦਫ਼ਤਰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਮੋਹਾਲੀ ਵਿਖੇ ਪੰਚਾਇਤੀ ਰਾਜ ਸੰਸਥਾ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਲਾਈਨ ਵਿਭਾਗ ਦੇ ਕਰਮਚਾਰੀਆਂ ਲਈ ਮਹਿਲਾ ਸਭਾ ਅਤੇ ਬਾਲ ਸਭਾ ਸਬੰਧੀ ਚਾਰ ਰੋਜ਼ਾ ਟ੍ਰੇਨਿੰਗ ਪ੍ਰੋਗਰਾਮ ਕੈਂਪ ਲਗਾਇਆ ਗਿਆ।ਇਹ ਕੈਂਪ ਦਫ਼ਤਰ ਬੀ ਡੀ ਪੀ ਓ ਮੋਹਾਲੀ ਵਿਖੇ ਧਨਵੰਤ ਸਿੰਘ ਰੰਧਾਵਾ, ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਮੋਹਾਲੀ ਦੀ ਅਗਵਾਈ ਹੇਠ 17 ਤੋਂ 20 ਸਤੰਬਰ ਤੱਕ ਲਗਾਇਆ ਗਿਆ। ਇਸ ਚਾਰ ਰੋਜ਼ਾ ਕੈਂਪ ਵਿਚ ਬਲਾਕ ਦੇ 73 ਪੰਚਾਇਤਾਂ ਦੀਆਂ ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ, ਏ.ਐਨ.ਐਮ. ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਕਰਮਚਾਰੀਆਂ ਅਤੇ ਹੋਰ ਵਿਭਾਗਾਂ ਦੇ ਕਰਮਚਾਰੀਆਂ ਵਲੋਂ ਵੀ ਭਾਗ ਲਿਆ ਗਿਆ।ਐਸ.ਆਈ.ਆਰ.ਡੀ. ਮੋਹਾਲੀ ਦੇ ਮਾਸਟਰ ਰਿਸੋਰਸ ਪਰਸਨ ਹਰਜੀਤ ਸਿੰਘ ਅਤੇ ਰਿਸੋਰਸ ਪਰਸਨ ਮਿਸ ਪ੍ਰੀਤੀ ਕਪੂਰ ਨੇ ਦੱਸਿਆ ਕਿ ਮਹਿਲਾਵਾਂ ਅਤੇ ਬੱਚਿਆਂ ਦੀ ਸ਼ਮੂਲੀਅਤ ਜੀ.ਪੀ.ਡੀ.ਪੀ. ਵਿਚ ਕਿਵੇਂ ਵਧਾਈ ਜਾ ਸਕਦੀ ਹੈ ਅਤੇ ਕਿਵੇਂ ਬੱਚਿਆਂ ਅਤੇ ਮਹਿਲਾਵਾਂ ਦੀ ਸਲਾਹ ਨਾਲ ਗਰਾਮ ਪੰਚਾਇਤ ਵਿਕਾਸ ਯੋਜਨਾ ਤਿਆਰ ਕੀਤੀ ਜਾ ਸਕਦੀ ਹੈ।ਇਸ ਮੌਕੇ ਬੀ ਡੀ ਪੀ ਓ ਮੋਹਾਲੀ ਦੇ ਸਮੂਹ ਪੰਚਾਇਤ ਸਕੱਤਰ, ਸੁਪਰਡੰਟ, ਪੰਚਾਇਤ ਅਫਸਰ, ਜੇ.ਈ., ਲੇਖਾਕਾਰ ਆਦਿ ਸਮੇਤ ਸਮੂਹ ਸਟਾਫ਼ ਹਾਜ਼ਰ ਸੀ।

# ਪਰਾਲੀ ਨੂੰ ਅੱਗ ਨਾ ਲਾਉਣ ਲਈ ਖੇਤੀਬਾੜੀ ਵਿਭਾਗ ਵੱਲੋਂ ਮੁਹਿੰਮ ਸ਼ੁਰੂ

**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਆ ਰਹੇ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਤੇ ਰਹਿੰਦ- ਖੂੰਹਦ ਨੂੰ ਅੱਗ ਨਾ ਲਗਾਉਣ ਪ੍ਰਤੀ ਜਾਗਰੂਕਤਾ ਦਾ ਸੰਚਾਰ ਕਰਨ ਲਈ ਖੇਤੀਬਾੜੀ ਵਿਭਾਗ ਟਾਂਡਾ ਵੱਲੋਂ ਵਿਸ਼ੇਸ਼ ਮੁਹਿੰਮ ਦੀ ਆਰੰਭਤਾ ਕੀਤੀ ਗਈ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦੀ ਮੌਜੂਦਗੀ ਵਿਚ ਅੱਗ ਨਾ ਲਾਉਣ ਸੰਬੰਧੀ ਜਾਗਰੂਕਤਾ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਵਿਸ਼ੇਸ਼ ਵੈਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਇਸ ਮੌਕੇ ਜਸਵੀਰ ਰਾਜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆ ਰਹੇ ਝੋਨੇ ਦੇ ਸੀਜ਼ਨ ਵਿਚ ਕਿਸਾਨਾਂ ਨੂੰ ਇਸ ਗੱਲ ਤੋਂ ਵਿਸ਼ੇਸ਼ ਤੌਰ 'ਤੇ ਜਾਣੂ ਕਰਵਾਇਆ ਜਾਵੇਗਾ ਕਿ ਉਹ ਝੋਨੇ ਦੀ ਪਰਾਲੀ ਅਤੇ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਜਿੱਥੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਰਹੇ ਹਨ, ਉਥੇ ਹੀ ਅੱਗ ਲਾਉਣ ਕਾਰਨ ਕਈ ਤਰ੍ਹਾਂ ਦੇ ਨੁਕਸਾਨ ਹੁੰਦੇ ਹਨ ਜੋ ਕਿ ਆਉਣ ਵਾਲੇ ਸਮੇਂ ਲਈ ਘਾਤਕ ਸਾਬਤ ਹੋਣਗੇ।ਇਸ ਮੌਕੇ ਉਨ੍ਹਾਂ ਇਕੱਤਰ ਹੋਏ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੇ ਜਾ ਰਹੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਲਈ ਕਿਹਾ।ਇਸ ਮੌਕੇ ਖੇਤੀਬਾੜੀ ਵਿਕਾਸ ਅਫਸਰ ਡਾ. ਲਵਜੀਤ ਸਿੰਘ, ਖੇ ਨੇ ਦੱਸਿਆ ਕਿ ਇਹ ਜਾਗਰੂਕਤਾ ਮੁਹਿੰਮ ਬਲਾਕ ਟਾਂਡਾ ਵਿਚ ਕੁੱਲ 29 ਦਿਨ ਕਿਸਾਨਾਂ 'ਚ ਜਾਗਰੂਕਤਾ ਦਾ ਸੰਚਾਰ ਕਰੇਗੀ। ਇਸ ਸਮੇਂ ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਕਿਸਾਨ ਨੂੰ ਪਰਾਲੀ ਪ੍ਰਬੰਧਨ ਲਈ ਕਿਸੇ ਵੀ ਤਰ੍ਹਾਂ ਦੀ ਮਸ਼ੀਨਰੀ ਦੀ ਲੋੜ ਹੈ ਤਾਂ ਉਹ ਖੇਤੀਬਾੜੀ ਦਫਤਰ ਟਾਂਡਾ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਕੌਂਸਲਰ ਹਰਿ ਕ੍ਰਿਸ਼ਨ ਸੈਣੀ, ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਸੁਰਿੰਦਰ ਸਿੰਘ ਝੱਜੀ ਪਿੰਡ, ਰਾਜਨ ਸੋਂਧੀ, ਅਨਿਲ ਗੋਰਾ, ਅਤਵਾਰ ਸਿੰਘ ਪਲਾਹ ਚੱਕ, ਮਾਸਟਰ ਮਦਨ ਸਿੰਘ, ਨੰਬਰਦਾਰ ਮਨਪ੍ਰੀਤ ਸਿੰਘ, ਸੁਰਜੀਤ ਸਿੰਘ, ਸੁਰਿੰਦਰ ਸਿੰਘ, ਸਾਹਿਬਜੋਤ ਸਿੰਘ, ਗੁਰਜੀਤ ਸਿੰਘ, ਜਸਬੀਰ ਸਿੰਘ, ਹਰਨਾਮ ਸਿੰਘ, ਸੁਖਬੀਰ ਸਿੰਘ, ਮਹਿੰਦਰ ਸਿੰਘ, ਉਪਕਾਰ ਸਿੰਘ, ਗੁਰਪ੍ਰਤਾਪ ਸਿੰਘ, ਜਗੀਰ ਸਿੰਘ, ਜਸਜੀਤ ਸਿੰਘ, ਸਾਹਿਬ ਸਿੰਘ ਆਦਿ ਵੀ ਮੌਜਦ ਸਨ।

# 3 ਰੋਜ਼ਾ ਮੇਲਾ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ

**ਫਗਵਾੜਾ ( ਡਾ. ਰਮਨ )**- ਪੀਰਾਂ ਅਤੇ ਨਾਂਗ ਦੇਵਤਾ ਜੀ ਮੰਦਰ ਭਗਤਪੁਰਾ ਵਿਖੇ ਮਸਤ ਬਾਬਾ ਚਿੰਤਾ ਭਗਤ , ਮਸਤ ਬਾਬਾ ਅੰਮੀ ਚੰਦ, ਸੰਤ ਕ੍ਰਿਸ਼ਨਾ ਨੰਦ ਪੂਰੀ , ਸੰਤ ਯੋਗੀ ਕਾਲੀ ਨਾਥ, ਸੰਤ ਚਰਨ ਦਾਸ ਦੇ ਆਸ਼ੀਰਵਾਦ ਸਦਕਾ ਤਿੰਨ ਰੋਜ਼ਾ ਮੇਲਾ ਅਤੇ ਸਲਾਨਾ ਭੰਡਾਰਾ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮੌਕੇ ਸੰਤ ਵਿਵੇਕ ਨਾਥ ਗੱਦੀ ਨਸ਼ੀਨ ਪਿੰਡ ਪਲਾਹੀ ਦੀ ਰਹਿਨੁਮਾਈ ਅਤੇ ਪ੍ਰਧਾਨ ਇੰਦਰਜੀਤ ਦੀ ਸੁਚੱਜੀ ਦੇਖ-ਰੇਖ ਹੇਠ ਇਸ ਤਿੰਨ ਰੋਜ਼ਾ ਚੱਲਣ ਵਾਲੇ ਮੇਲੇ ਦੇ ਪਹਿਲੇ ਦਿਨ ਚਿਰਾਗਾਂ ਦੀ ਰਸਮ ਇੰਦਰਜੀਤ ਸ਼ਿੰਗਾਰੀ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਵਲੋਂ ਅਦਾ ਕੀਤੀ ਗਈ ਅਤੇ ਰਾਤ ਪੰਜਾਬ ਦੇ ਮਸ਼ਹੂਰ ਕਲਾਕਾਰ ਅਤੇ ਕਵਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆ। ਮੇਲੇ ਦੇ ਦੂਜੇ ਦਿਨ ਕੁਸ਼ਤੀਆਂ ਕਰਵਾਈਆਂ ਗਈਆਂ ਅਤੇ ਰਾਤ ਨੂੰ ਗੂਗੇ ਦੀ ਚੌਂਕੀ ਕਰਵਾਈ ਗਈ ਜਿਸ ਵਿੱਚ ਰਵੀ ਫਰਾਲਾ ਨੇ ਬਾਬੇ ਦੀ ਮਹਿਮਾ ਦਾ ਗੁਣਗਾਨ ਕਰ ਸੰਗਤ ਨੂੰ ਨਿਹਾਲ ਕੀਤਾ। ਮੇਲੇ ਦੇ ਤੀਜੇ ਅਤੇ ਆਖਰੀ ਦਿਨ ਪਿੰਡ ਡੰਕਾਰੇ ਨਜ਼ਦੀਕ ਤਲਵਣ ਵਿਖੇ ਬੇੜਾ ਤਾਰਨ ਦੀ ਰਸਮ ਅਦਾ ਕਰਨ ਉਪਰੰਤ ਮੇਲਾ ਸਮਾਪਤ ਹੋਇਆ। ਇਸ ਮੇਲੇ ਦੌਰਾਨ ਵੱਖ ਵੱਖ ਦਰਬਾਰਾਂ ਤੋਂ ਸਾਈਂ ਪੱਪਲ ਸ਼ਾਹ ਭਰੋਮਜਾਰਾ, ਬਾਬਾ ਹਿੰਮਤ ਰਾਏ ਪਿੰਡ ਫਰਾਲਾ ਤੋਂ ਇਲਾਵਾ ਸੰਤਾਂ, ਮਹੰਤਾਂ, ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਦਰਬਾਰ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਸਟੇਜ ਸੈਕਟਰੀ ਦੀ ਭੂਮਿਕਾ ਦੀਪਾ ਮੀਉਵਾਲ ਨੇ ਨਿਭਾਈ।

# ਚੋਰ 10,000 ਰੁਪਏ ਨਗਦੀ, ਸੋਨੇ ਦੀਆਂ ਵਾਲੀਆਂ, ਸੋਨੇ ਦੀ ਚੈਨੀ ਚੋਰੀ ਕਰਕੇ ਫਰਾਰ



**ਭੁਲੱਥ (ਮਨਪ੍ਰੀਤ ਸਿੰਘ)**-ਇਥੋਂ ਥੋੜੀ ਦੂਰੀ 'ਤੇ ਪੈਂਦੇ ਪਿੰਡ ਭਟਨੂਰਾ ਕਲਾਂ 'ਚ ਇੱਕ ਘਰ ਵਿੱਚੋਂ ਚੋਰਾਂ ਵੱਲੋਂ ਦਾਖਲ ਹੋ ਕੇ ਘਰ ਦੀ ਅਲਮਾਰੀ ਤੋੜ ਕੇ ਦਸ ਹਜ਼ਾਰ ਨਕਦੀ, ਸੋਨੇ ਦੀਆਂ ਵਾਲੀਆਂ, ਸੋਨੇ ਦੀ ਚੈਨੀ ਚੋਰੀ ਕਰਕੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ । ਘਰ ਦਾ ਮਾਲਕ ਜਰਨੈਲ ਸਿੰਘ ਜੋ ਕਾਫੀ ਸਮੇਂ ਤੋਂ ਵਿਦੇਸ਼ ਰਹਿੰਦਾ ਹੈ ਤੇ ਘਰ ਵਿੱਚ ਉਸ ਦੀ ਪਤਨੀ ਤੇ ਬੇਟੀ ਰਹਿੰਦੀਆਂ ਹਨ ਜੋ ਘਟਨਾ ਵਾਲੀ ਰਾਤ ਆਪਣੇ ਜਠਾਣੀ ਦੇ ਘਰ ਸੁੱਤੇ ਪਏ ਸਨ ਤੇ ਚੋਰਾਂ ਨੇ ਉਸ ਰਾਤ ਹੀ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ । ਘਰ ਦੇ ਮਾਲਕ ਜਰਨੈਲ ਸਿੰਘ ਦੇ ਭਰਾ ਬਲਵਿੰਦਰ ਸਿੰਘ ਕੁਹਾੜ ਨੇ ਦੱਸਿਆ ਕਿ ਰਾਤ ਸਮੇਂ ਚੋਰਾਂ ਨੇ ਘਰ ਵਿੱਚ ਦਾਖਲ ਹੋ ਕੇ ਘਰ ਵਿੱਚ ਪਈ ਅਲਮਾਰੀ ਤੋੜ ਕੇ ਸਮਾਨ ਚੋਰੀ ਕੀਤਾ । ਜਦੋਂ ਸਵੇਰੇ ਘਰ ਵਿੱਚ ਆ ਕੇ ਜਰਨੈਲ ਸਿੰਘ ਦੀ ਪਤਨੀ ਤੇ ਉਸ ਦੀ ਬੇਟੀ ਨੇ ਦੇਖਿਆ ਤਾਂ ਅਲਮਾਰੀ ਵਿਚਲਾ ਸਮਾਨ ਤੇ ਕੱਪੜੇ ਖਿਲਰੇ ਪਏ ਸਨ ਤੇ ਜਦੋਂ ਅਲਮਾਰੀ ਚੈਕ ਕੀਤੀ ਤਾਂ ਦਸ ਹਜ਼ਾਰ ਰੁਪਏ ਨਗਦੀ, ਸੋਨੇ ਦੀਆਂ ਵਾਲੀਆਂ ਤੇ ਇੱਕ ਸੋਨੇ ਦੀ ਚੈਨੀ ਚੋਰੀ ਹੋ ਚੁੱਕੇ ਸਨ । ਉਨ੍ਹਾਂ ਦੱਸਿਆ ਕਿ ਇਸ ਘਟਨਾ ਦੀ ਇਤਲਾਹ ਥਾਣਾ ਭੁਲੱਥ ਵਿਖੇ ਦੇ ਦਿੱਤੀ ਗਈ ਹੈ ।

# ਸਾਨੂੰ ਭਗਵਾਨ ਸ੍ਰੀ ਵਾਲਮੀਕਿ ਮਹਾਰਾਜ ਦੇ ਦਰਸਾਏ ਮਾਰਗ 'ਤੇ ਚਲਣਾ ਚਾਹੀਦੈ : ਰਾਜਨ ਮਲਹੋਤਰਾ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**-ਦਿਨ ਬ ਦਿਨ ਨਸ਼ਿਆਂ ਜਿਹੀਆਂ ਅਲਾਮਤਾਂ ਵਿੱਚ ਗਰਤ ਹੋ ਰਹੀ ਨੌਜਵਾਨ ਪੀੜੀ ਨੂੰ ਮੁੜ ਆਪਣੀ ਪੰਜਾਬੀ ਸੱਭਿਅਤਾ ਨਾਲ ਜੋੜਨ ਲਈ ਅਤੇ ਨਸ਼ਿਆਂ ਦੇ ਸੌਦਾਗਰਾਂ ਨੂੰ ਕਾਨੂੰਨੀ ਸ਼ਿਕੰਜੇ ਵਿੱਚ ਲੈਣ ਲਈ ਵਾਲਮੀਕਿ ਸੰਘਰਸ਼ ਮੋਰਚਾ ਭਾਰਤ ਦੇ ਪੰਜਾਬ ਮੀਤ ਪ੍ਰਧਾਨ ਰਾਜਨ ਮਲਹੋਤਰਾ ਦੀ ਅਗਵਾਈ ਵਿੱਚ ਇੱਕ ਵਫਦ ਐਸ ਐਸ ਪੀ ਹੁਸ਼ਿਆਰਪੁਰ ਸੁਰਿੰਦਰ ਲਾਂਬਾ ਨੂੰ ਮਿਲਿਆ। ਇਸ ਮੌਕੇ ਉਨ੍ਹਾਂ ਨਾਲ ਮੋਰਚਾ ਦੇ ਪੰਜਾਬ ਪ੍ਰਧਾਨ ਮੋਨੂ ਤੇਜੀ, ਹਲਕਾ ਆਦਮਪੁਰ ਪ੍ਰਧਾਨ ਦੀਦਾਰ ਮੱਟੂ, ਗੁਰਦੀਪ ਦੀਪਾ, ਐਵਰ ਸਿੱਧੂ, ਬੰਟੀ ਚੌਹਾਨ, ਅਨਿਲ ਧੀਮਾਨ ਅਤੇ ਤੇਜਿੰਦਰ ਸਿੰਘ ਹਾਜ਼ਰ ਸਨ।ਰਾਜਨ ਮਲਹੋਤਰਾ ਨੇ ਕਿਹਾ ਕਿ ਨਸ਼ਿਆਂ ਦੇ ਸੌਦਾਗਰ ਰਾਤੋ ਰਾਤ ਅਮੀਰ ਹੋਣ ਦੀ ਲਾਲਸਾ ਵਿੱਚ ਪੰਜਾਬ ਦੀ ਨੌਜਵਾਨ ਪੀੜੀ ਨੂੰ ਨਸ਼ਿਆਂ ਜਿਹੀਆਂ ਮਾੜੀਆਂ ਅਲਾਮਤਾਂ ਵਿੱਚ ਗਰਤ ਕਰਨ ਲਈ ਹਰ ਪ੍ਰਕਾਰ ਦੇ ਹੱਥ ਕੰਡੇ ਅਪਣਾ ਰਹੇ ਹਨ ਜਿਸਦੇ ਸਦਕਾ ਹੱਸਦੇ ਖੇਡਦੇ ਕਈ ਪਰਵਾਰ ਉਜੜਨ ਦੀ ਕਗਾਰ 'ਤੇ ਪਹੁੰਚ ਗਏ ਹਨ।ਉਨ੍ਹਾਂ ਕਿਹਾ ਕਿ ਭਗਵਾਨ ਸ੍ਰੀ ਵਾਲਮੀਕਿ ਮਹਾਰਾਜ ਨੇ ਸਾਨੂੰ ਕਿਰਤ ਕਮਾਈ ਕਰਦੇ ਹੋਏ ਪ੍ਰਭੂ ਸਿਮਰਨ ਦਾ ਸੰਦੇਸ਼ ਦਿੱਤਾ ਸੀ ਇਸ ਲਈ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਾਰੀਆਂ ਸਮਾਜਿਕ, ਧਾਰਮਿਕ ਅਤੇ ਸਵੈ-ਸੇਵੀ ਸੰਸਥਾਵਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਹਰ ਤਰ੍ਹਾਂ ਦੇ ਠੋਸ ਉਪਰਾਲੇ ਕਰੇ ਤਾਂ ਜੋ ਉਜੜ ਰਹੇ ਸਮਾਜ ਦੀ ਰੱਖਿਆ ਕੀਤੀ ਜਾ ਸਕੇ।

ਉਨ੍ਹਾਂ ਕਿਹਾ ਕਿ ਵਾਲਮੀਕਿ ਸੰਘਰਸ਼ ਮੋਰਚਾ ਭਾਰਤ ਵੱਲੋਂ ਐਸ ਐਸ ਪੀ ਹੁਸ਼ਿਆਰਪੁਰ ਨਾਲ ਮੁਲਾਕਾਤ ਕਰਕੇ ਬੇਨਤੀ ਕੀਤੀ ਗਈ ਕਿ ਨਸ਼ਿਆਂ ਨੂੰ ਰੋਕਣ ਲਈ ਨਸ਼ਿਆਂ ਦੇ ਸੌਦਾਗਰਾਂ ਨੂੰ ਜਲਦ ਕਾਨੂੰਨੀ ਸ਼ਿਕੰਜੇ ਵਿੱਚ ਲਿਆ ਜਾਵੇ ਤਾਂ ਜੋ ਨਸ਼ੇ ਵੇਚਣ ਵਾਲਿਆਂ ਤੇ ਪੂਰੀ ਤਰ੍ਹਾਂ ਰੋਕ ਲਗਾਈ ਜਾ ਸਕੇ।ਉਨ੍ਹਾਂ ਕਿਹਾ ਕਿ ਐਸ ਐਸ ਪੀ ਹੁਸ਼ਿਆਰਪੁਰ ਸੁਰਿੰਦਰ ਲਾਂਬਾ ਨੇ ਸਾਡੇ ਵਫਦ ਨੂੰ ਭਰੋਸਾ ਦਿੱਤਾ ਕਿ ਨਸ਼ੇ ਵੇਚਣ ਵਾਲਿਆਂ ਦੇ ਖਿਲਾਫ ਪੁਲਸ ਵੱਲੋਂ ਸਰਚ ਅਭਿਆਨ ਚਲਾਇਆ ਜਾ ਰਿਹਾ ਹੈ ਅਤੇ ਜਲਦ ਹੀ ਨਸ਼ਾ ਵੇਚਣ ਵਾਲਿਆਂ ਨੂੰ ਕਾਨੂੰਨੀ ਸ਼ਿਕੰਜੇ ਵਿੱਚ ਲੈ ਲਿਆ ਜਾਵੇਗਾ ਤਾਂ ਜੋ ਨਸ਼ਿਆਂ ਤੇ ਪੂਰੀ ਤਰ੍ਹਾਂ ਰੋਕ ਲਗਾਈ ਜਾ ਸਕੇ। ਵਾਲਮੀਕਿ ਸੰਘਰਸ਼ ਮੋਰਚਾ ਭਾਰਤ ਵੱਲੋਂ ਸ੍ਰਿਸ਼ਟੀਕਰਤਾ ਭਗਵਾਨ ਸ੍ਰੀ ਵਾਲਮੀਕਿ ਜੀ ਮਹਾਰਾਜ ਦਾ ਸਰੂਪ ਭੇਟ ਕਰਕੇ ਐਸ ਐਸ ਪੀ ਸੁਰਿੰਦਰ ਲਾਂਬਾ ਨੂੰ ਸਨਮਾਨਿਤ ਕੀਤਾ ਗਿਆ।

# ਢਾਡੀ ਜਸਵੰਤ ਸਿੰਘ ਕੰਵਲ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



ਮਹਿਤਪੁਰ (ਰਾਜਾ)-ਪੰਥ ਪ੍ਰਸਿੱਧ ਇੰਟਰਨੈਸ਼ਨਲ ਢਾਡੀ ਜਸਵੰਤ ਸਿੰਘ ਕੰਵਲ ਜੋ ਸਵਾਸਾਂ ਨੂੰ ਪੂਰਾ ਕਰਦਿਆਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ, ਉਨ੍ਹਾਂ ਦੇ ਅਚਾਨਕ ਬੇਵਕਤ ਚਲੇ ਜਾਣ 'ਤੇ ਢਾਡੀ ਜਥਿਆਂ ਵਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਇਸ ਸਮੇਂ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਇੰਟਰਨੈਸ਼ਨਲ ਢਾਡੀ ਰਸ਼ਪਾਲ ਸਿੰਘ ਔਜਲਾ, ਸਾਰੰਗੀ ਮਾਸਟਰ ਕੁਲਦੀਪ ਸਿੰਘ ਸੇਖੋਂ, ਢਾਡੀ ਪਰਮਿੰਦਰ ਸਿੰਘ ਸੰਘੇੜਾ ਯੂ ਐਸ ਏ, ਢਾਡੀ ਕਮਲਜੀਤ ਸਿੰਘ ਸੰਘੇੜਾ ਯੂ ਐਸ ਏ, ਸਾਰੰਗੀ ਮਾਸਟਰ ਰਣਜੀਤ ਸਿੰਘ ਬੈਨਾਪੁਰੀ ਯੂ ਐਸ ਏ ਅਤੇ ਸੁਖਵਿੰਦਰ ਸਿੰਘ ਗਰੇਵਾਲ ਯੂ ਐਸ ਏ ਆਦਿ ਨੇ ਕਿਹਾ ਕਿ ਜਸਵੰਤ ਸਿੰਘ ਕੰਵਲ ਨੇ ਬਹੁਤ ਲੰਬਾ ਸਮਾਂ ਸਿੱਖ ਕੌਮ ਵਿੱਚ ਸੇਵਾ ਕੀਤੀ ਹੈ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਜਾ ਕਿ ਸਿੱਖੀ ਦਾ ਪ੍ਰਚਾਰ ਕੀਤਾ । ਉਨਾਂ ਕਿਹਾ ਕਿ ਕੰਵਲ ਦਾ ਅਚਾਨਕ ਬੇਵਕਤ ਚਲੇ ਜਾਣਾ ਢਾਡੀ ਸ਼੍ਰੇਣੀ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਪਰ ਉਹਨਾਂ ਵਲੋਂ ਗਾਈਆਂ ਵਾਰਾਂ ਅਤੇ ਨਗਮਿਆਂ ਰਾਹੀ ਉਹਨਾਂ ਦੀ ਯਾਦ ਹਮੇਸ਼ਾ ਬਣੀ ਰਹੇਗੀ । ਉੱਕਤ ਜਾਣਕਾਰੀ ਮਹਿਤਪੁਰ ਵਾਸੀ ਅਮ੍ਰਿਤਪਾਲ ਸਿੰਘ ਖਾਲਸਾ ਹਾਲ ਵਾਸੀ ਯੂ. ਕੇ. ਨੇ ਸਾਂਝੀ ਕੀਤੀ

# ਨਜਾਇਜ਼ ਹਥਿਆਰਾਂ ਸਮੇਤ ਤਿੰਨ ਗ੍ਰਿਫਤਾਰ



**ਜਲੰਧਰ, ( ਇਕਬਾਲ ਸਿੰਘ ਉੱਭੀ)** ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਇੱਕ ਦੇਸੀ ਪਿਸਤੌਲ, ਮੈਗਜ਼ੀਨ, ਚਾਰ ਰੌਂਦ ਅਤੇ ਇੱਕ ਚਾਕੂ ਬਰਾਮਦ ਕੀਤਾ ਹੈ।ਇਹ ਗ੍ਰਿਫਤਾਰੀਆਂ ਐਫ ਆਈ ਆਰ ਨੰਬਰ 183, ਮਿਤੀ 22.09.2024, ਧਾਰਾ 115(2), 191(3), 190 ਬੀ ਐਨ ਐਸ ਅਤੇ ਅਸਲਾ ਐਕਟ ਤਹਿਤ ਥਾਣਾ ਡਿਵੀਜ਼ਨ ਨੰਬਰ 8, ਜਲੰਧਰ ਵਿਖੇ ਹੋਈ ਲੜਾਈ ਤੋਂ ਬਾਅਦ ਦਰਜ ਕੀਤੀਆਂ ਗਈਆਂ ਸਨ। ਫੜੇ ਗਏ ਵਿਅਕਤੀਆਂ ਦੀ ਪਛਾਣ ਮਹੇਸ਼, ਮੋਹਿਤ ਵਾਸੀ ਮਕਾਨ ਨੰਬਰ 99, ਨੇੜੇ ਵੀ.ਕੇ. ਟਰੈਵਲ, ਸੋਡਲ ਨਗਰ, ਜਲੰਧਰ ਵਜੋਂ ਹੋਈ ਹੈ।ਦਿਵਿਅਮ ਬੱਬਰ ਉਰਫ਼ ਗੰਜਾ ਵਾਸੀ ਮਕਾਨ ਨੰਬਰ 108, ਸੋਡਲ ਨਗਰ, ਜਲੰਧਰ ਅਤੇ ਰਿਧਮ ਉਰਫ਼ ਕੂਕੂ ਵਾਸੀ ਮਕਾਨ ਨੰਬਰ 28, ਸਿੱਧ ਬਾਬਾ, ਸੋਡਲ ਨਗਰ, ਜਲੰਧਰ।ਕਮਿਸ਼ਨਰ ਨੇ ਖੁਲਾਸਾ ਕੀਤਾ ਕਿ ਬਰਾਮਦ ਕੀਤਾ ਹਥਿਆਰ ਚਾਂਦੀ, ਸੋਨਾ ਅਤੇ ਕਾਲੇ ਰੰਗ ਦਾ ਦੇਸੀ ਪਿਸਤੌਲ ਹੈ, ਜਿਸ 'ਤੇ ਮੈਗਜ਼ੀਨ ਅਤੇ 7.65 ਮਿਲੀਮੀਟਰ ਦੇ ਰਾਉਂਡ ਦੇ ਨਾਲ 'ਮੇਡ ਇਨ ਯੂ ਐਸ ਏ ਪਿਸਤੌਲ ਕੇ ਆਰ ਐਲ' ਲਿਖਿਆ ਹੋਇਆ ਹੈ। ਇੱਕ ਸਟੀਲ ਬਟਨ ਵਾਲਾ ਚਾਕੂ ਵੀ ਜ਼ਬਤ ਕੀਤਾ ਗਿਆ ਹੈ। ਪੁਲਸ ਨੇ ਪੁਸ਼ਟੀ ਕੀਤੀ ਕਿ ਗਾਂਜਾ ਦੇ ਖਿਲਾਫ ਪਹਿਲਾਂ ਹੀ ਲੰਬਿਤ ਮਾਮਲਾ ਹੈ, ਅਤੇ ਅੱਗੇ ਦੀ ਜਾਂਚ ਜਾਰੀ ਹੈ।

# ਐਮਰਜੰਸੀ ਸੇਵਾਵਾਂ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਸਿਵਲ ਸੁਸਾਇਟੀ ਤਲਵਾੜਾ ਵੱਲੋਂ ਪ੍ਰਦਰਸ਼ਨ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)** ਇੱਥੇ ਬੀ ਬੀ ਐਮ ਬੀ ਹਸਪਤਾਲ 'ਚ ਐਮਰਜੰਸੀ ਸੇਵਾਵਾਂ ਬੰਦ ਕਰਨ ਦੇ ਵਿਰੋਧ ਵਿਚ ਸਿਵਲ ਸੁਸਾਇਟੀ ਤਲਵਾੜਾ ਵੱਲੋਂ ਰੋਸ ਮੁਜ਼ਾਹਰਾ ਕੀਤਾ ਗਿਆ।ਸਥਾਨਕ ਸਬਜ਼ੀ ਮੰਡੀ ਚੌਕ ਵਿਖੇ ਸੰਬੋਧਨ ਕਰਦਿਆਂ ਬੋਧ ਰਾਜ ਸ਼ਹਿਰੀ ਪ੍ਰਧਾਨ ਕਾਂਗਰਸ ਪਾਰਟੀ, ਦੀਪਕ ਅਰੋੜਾ, ਮੁਨੀਸ਼ ਚੱਡਾ, ਅੰਕਿਤ ਰਾਣਾ, ਵਿਨੋਦ ਮਿੱਠੂ ਆਦਿ ਨੇ ਕਿਹਾ ਕਿ ਬੀ ਬੀ ਐਮ ਬੀ ਪ੍ਰਸ਼ਾਸਨ, ਕੇਂਦਰ ਅਤੇ ਰਾਜ ਸਰਕਾਰ ਦੀ ਜੰਮ ਕੇ ਆਲੋਚਨਾ ਕੀਤੀ।ਬੁਲਾਰਿਆਂ ਨੇ ਬਿਹਤਰ ਸਿਹਤ ਸੁਵਿਧਾਵਾਂ ਅਤੇ ਮਿਆਰੀ ਸਿੱਖਿਆ ਦੇਣ ਦੇ ਦਾਅਵੇ ਅਤੇ ਵਾਅਦੇ ਨਾਲ ਸੱਤਾ 'ਚ ਆਈ ਆਮ ਆਦਮੀ ਪਾਰਟੀ ਅਤੇ ਕੇਂਦਰ 'ਚ ਭਾਜਪਾ ਸਰਕਾਰ ਦੇ ਸ਼ਾਸਨ 'ਚ ਕੰਢੀ ਖ਼ੇਤਰ ਦੀਆਂ ਸਿਹਤ ਸਹੂਲਤਾਂ ਦੀ ਹਾਲਤ ਬਦ ਤੋਂ ਬਦਤਰ ਹੋਣ ਦੇ ਦੋਸ਼ ਲਗਾਏ।ਰਾਹੁਲ ਸ਼ਰਮਾ, ਅੰਕਿਤ ਕੇਸਰੀ, ਕੁਲਦੀਪ ਚਾਚਾ, ਅਮਨਦੀਪ ਹੈਪੀ, ਏਟਕ ਤੋਂ ਅਸ਼ੋਕ ਕੁਮਾਰ ਆਦਿ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ 100 ਬਿਸਤਰਿਆਂ ਵਾਲਾ ਬੀਬੀਐਮਬੀ ਹਸਪਤਾਲ ਖੰਡਰ ਬਣ ਰਿਹਾ ਹੈ, ਡਾਕਟਰਾਂ ਦੀਆਂ 15 ਮਨਜ਼ੂਰਸ਼ੁਦਾ ਅਸਾਮੀਆਂ ਦੀ ਜਗ੍ਹਾ 'ਤੇ 5 ਡਾਕਟਰ ਕੰਮ ਕਰ ਰਹੇ ਹਨ, ਜਿਨ੍ਹਾਂ ਵਿਚੋਂ ਦੋ ਛੁਟੀ 'ਤੇ ਹਨ। ਹਸਪਤਾਲ 'ਚ ਐਮਰਜੰਸੀ ਸੇਵਾਵਾਂ ਬੰਦ ਹੋਣ ਕਾਰਨ ਤਲਵਾੜਾ ਖ਼ੇਤਰ ਦੇ ਲੋਕ ਰਾਤ ਵਕਤ ਬੇਸਹਾਰਾ ਹੋ ਗਏ ਹਨ।ਬੁਲਾਰਿਆਂ ਨੇ ਹਸਪਤਾਲ ਦੀ ਬੰਦ ਕੀਤੀ ਐਮਰਜੈਂਸੀ ਸੇਵਾ ਤੁਰੰਤ ਬਹਾਲ ਅਤੇ ਡਾਕਟਰੀ ਅਮਲੇ ਸਮੇਤ ਹੋਰ ਸਟਾਫ਼ ਦੀ ਘਾਟ ਤੁਰੰਤ ਪੂਰੀ ਕਰਨ ਦੀ ਮੰਗ ਕੀਤੀ।

# ਨਸ਼ੇ ਦੇ ਰੈਕੇਟ ਦਾ ਕੀਤਾ ਪਰਦਾਫਾਸ਼, 2 ਗ੍ਰਿਫਤਾਰ



**ਜਲੰਧਰ, (ਸ਼ੈਲੀ ਐਲਬਰਟ)**-ਜਲੰਧਰ ਦਿਹਾਤੀ ਪੁਲਸ ਨੇ ਇਲਾਕੇ ਵਿੱਚ ਨਸ਼ਿਆਂ ਦੀ ਤਸਕਰੀ ਨੂੰ ਨੱਥ ਪਾਉਣ ਲਈ ਵੱਡੀ ਵਿਸ਼ੇਸ਼ ਮੁਹਿੰਮ ਦੌਰਾਨ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ 1.2 ਕਿਲੋ ਅਫੀਮ ਬਰਾਮਦ ਕੀਤੀ ਹੈ। ਕਥਿਤ ਤੌਰ 'ਤੇ ਇਹ ਨਸ਼ੀਲੇ ਪਦਾਰਥ ਝਾਰਖੰਡ ਤੋਂ ਖਰੀਦੇ ਗਏ ਸਨ।ਫੜੇ ਗਏ ਵਿਅਕਤੀਆਂ ਦੀ ਪਛਾਣ ਰੋਸ਼ਨ ਲਾਲ ਪੁੱਤਰ ਦਰਸ਼ਨ ਲਾਲ ਵਾਸੀ ਬੀ-2/185 ਦਿਲਬਾਗ ਕਲੋਨੀ, ਗੁਰਾਇਆ ਅਤੇ ਨਰਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਮੁਹੱਲਾ ਗੁਰੂ ਨਾਨਕਪੁਰਾ, ਗੁਰਾਇਆ ਵਜੋਂ ਹੋਈ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ ਐਸ ਪੀ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਡੀ ਐਸ ਪੀ ਫਿਲੌਰ ਸਵਰਨ ਸਿੰਘ ਬੱਲ ਦੀ ਅਗਵਾਈ ਹੇਠ ਥਾਣਾ ਗੁਰਾਇਆ ਦੇ ਐਸ ਐਚ ਓ ਇੰਸਪੈਕਟਰ ਪਲਵਿੰਦਰ ਸਿੰਘ ਦੀ ਅਗਵਾਈ ਵਿੱਚ ਟੀਮ ਨੇ ਰੁਟੀਨ ਗਸ਼ਤ ਅਤੇ ਚੈਕਿੰਗ ਅਭਿਆਨ ਚਲਾਇਆ। ਪੁਲਸ ਟੀਮ ਨੇ ਪੁਲੀ ਨੇਹਰ ਕਮਾਲਪੁਰ ਨੇੜੇ ਇੱਕ ਸਕੂਟਰ ਪੀ ਬੀ-08-ਸੀ ਵੀ-9704 ਸਵਾਰ ਦੋਨਾਂ ਨੂੰ ਰੋਕਿਆ ਅਤੇ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲੈਣ 'ਤੇ ਪੁਲਸ ਨੇ 600 ਗ੍ਰਾਮ ਦੇ ਦੋ ਵੱਖ-ਵੱਖ ਪੈਕੇਟਾਂ ਵਿਚ ਛੁਪਾਈ ਹੋਈ 1.2 ਕਿਲੋ ਅਫੀਮ ਬਰਾਮਦ ਕੀਤੀ ਹੈ। ਮੁੱਢਲੀ ਪੜਤਾਲ ਵਿੱਚ ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਰੌਸ਼ਨ ਲਾਲ ਨੇ ਇਹ ਅਫੀਮ ਝਾਰਖੰਡ ਤੋਂ ਮੰਗਵਾਈ ਸੀ ਅਤੇ ਨਰਿੰਦਰ ਸਿੰਘ ਉਸ ਦੇ ਕੋਰੀਅਰ ਦਾ ਕੰਮ ਕਰਦਾ ਸੀ।

ਨਰਿੰਦਰ ਸਿੰਘ ਨਸ਼ੀਲੇ ਪਦਾਰਥਾਂ ਨੂੰ ਝਾਰਖੰਡ ਤੋਂ ਰੇਲ ਗੱਡੀ ਰਾਹੀਂ ਲਿਆਇਆ ਸੀ ਅਤੇ ਇਸ ਨੂੰ ਖੇਤਰ ਵਿੱਚ ਰੋਸ਼ਨ ਲਾਲ ਦੇ ਗਾਹਕਾਂ ਤੱਕ ਪਹੁੰਚਾਉਣ ਲਈ ਜਾ ਰਿਹਾ ਸੀ।ਥਾਣਾ ਗੁਰਾਇਆ ਵਿਖੇ ਕੇਸ ਦਰਜ ਕੀਤਾ ਗਿਆ।

# ਇਕੋਤਰੀ ਸਮਾਗਮ ਦੀ ਅੱਜ ਹੋਵੇਗੀ ਆਰੰਭਤਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਸਰਬੱਤ ਦੇ ਭਲੇ ਦੀ ਅਰਦਾਸ ਨਾਲ ਵਿਸ਼ਵ ਪ੍ਰਸਿੱਧ ਮਹਾਨ ਸਾਲਾਨਾ ਇਕੋਤਰੀ ਸਮਾਗਮ 25 ਸਤੰਬਰ ਨੂੰ ਅੰਮ੍ਰਿਤ ਵੇਲੇ 101 ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਨਾਲ ਆਰੰਭ ਹੋਣਗੇ। ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਦੇਸ਼ ਵਿਦੇਸ਼ ਅੰਦਰ ਆਪਣੀ ਇੱਕ ਵੱਖਰੀ ਪਛਾਣ ਰੱਖਣ ਵਾਲੇ ਇਸ 23 ਰੋਜ਼ਾ ਗੁਰਮਤਿ ਸਮਾਗਮ ਦੀ ਆਰੰਭਤਾ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਮਹਾਂਪੁਰਸ਼ ਤੇ ਸੰਗਤਾਂ ਸ਼ਿਰਕਤ ਕਰਨਗੀਆਂ। ਤਪ ਅਸਥਾਨ ਸੱਚਖੰਡ ਵਾਸੀ ਬਾਬਾ ਬਲਵੰਤ ਸਿੰਘ ਵਿਖੇ ਹੋਣ ਵਾਲੇ ਇਸ ਅੰਮ੍ਰਿਤ ਰੂਪੀ ਕੁੰਭ ਅੰਦਰ ਜਿੱਥੇ ਹਰ ਰੋਜ਼ ਸ਼ਾਮੀਂ 7 ਤੋਂ 10 ਵਜੇ ਤੱਕ ਰੋਜ਼ਾਨਾ ਗੁਰਮਤਿ ਦੀਵਾਨ ਸਜਾਏ ਜਾਣਗੇ, ਉੱਥੇ ਸੰਤ ਬਾਬਾ ਗੁਰਦਿਆਲ ਸਿੰਘ, ਸਿੰਘ ਸਾਹਿਬਾਨ ਤੇ ਹੋਰ ਮਹਾਂਪੁਰਸ਼ ਸੰਗਤਾਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨਗੇ। ਇਕੋਤਰੀ ਸਮਾਗਮ ਦਾ ਅਲੌਕਿਕ ਨਗਰ ਕੀਰਤਨ 16 ਅਕਤੂਬਰ ਨੂੰ ਸਜਾਇਆ ਜਾਵੇਗਾ ਜਦ ਕਿ 101 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕੋਤਰੀ ਦੀ ਸੰਪੂਰਨਤਾ 17 ਅਕਤੂਬਰ ਨੂੰ ਵਿਸ਼ਾਲ ਕੀਰਤਨ ਦਰਬਾਰ ਤੇ ਅੰਮ੍ਰਿਤ ਸੰਚਾਰ ਨਾਲ ਹੋਵੇਗੀ।

# ਡਾ. ਚੱਬੇਵਾਲ ਨੇ ਗੁਰਦੁਆਰਾ ਸ਼ਹੀਦਾਂ ਤੋਂ ਹੱਲੂਵਾਲ ਤੱਕ ਬਣਨ ਵਾਲੇ ਪੁਲ ਦਾ ਨੀਂਹ ਪੱਥਰ ਰੱਖਿਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਵਿਕਾਸ ਵੱਲ ਇੱਕ ਹੋਰ ਅਹਿਮ ਕਦਮ ਚੁੱਕਦੇ ਹੋਏ ਸੰਸਦ ਮੈਂਬਰ ਡਾ. ਚੱਬੇਵਾਲ ਨੇ ਗੁਰਦੁਆਰਾ ਸ਼ਹੀਦਾਂ ਤੋਂ ਪਿੰਡ ਹੱਲੂਵਾਲ ਪਿੰਡ ਵਿਚਕਾਰ ਬਣਨ ਵਾਲੇ ਪੁਲ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਉਨ੍ਹਾਂ ਨਾਲ ਡਾ. ਇਸ਼ਾਂਕ ਚੱਬੇਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਪ੍ਰੋਜੈਕਟ ਦੀ ਕੁੱਲ ਲਾਗਤ 2.25 ਕਰੋੜ ਰੁਪਏ ਹੈ ਅਤੇ ਇਹ ਪੁਲ ਇਲਾਕੇ ਲਈ ਬਹੁਤ ਹੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ, ਕਿਉਂਕਿ ਇਸ ਨਾਲ ਆਸ-ਪਾਸ ਦੇ ਪਿੰਡਾਂ ਨੂੰ ਬਿਹਤਰ ਸੰਪਰਕ ਮਿਲੇਗਾ ਅਤੇ ਪਿੰਡ ਝੰਜੋਵਾਲ ਅਤੇ ਹੱਲੂਵਾਲ ਦੇ ਪਿੰਡ ਵਾਸੀਆਂ ਨੂੰ ਵੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਲਾਕਾ ਨਿਵਾਸੀ ਇਸ ਪੁਲ ਦੀ ਮੰਗ ਕਰ ਰਹੇ ਸਨ ਕਿਉਂਕਿ ਬਰਸਾਤ ਦੌਰਾਨ ਇਨ੍ਹਾਂ ਪਿੰਡਾਂ ਨੂੰ ਜੋੜਨ ਵਾਲੀਆਂ ਸੜਕਾਂ ਜਾਂ ਤਾਂ ਖਸਤਾ ਹੋ ਗਈਆਂ ਸਨ ਜਾਂ ਬੰਦ ਹੋ ਗਈਆਂ ਸਨ।ਇਸ ਪੁਲ ਦੇ ਬਣਨ ਨਾਲ ਦੋਵਾਂ ਪਿੰਡਾਂ ਵਿਚਕਾਰ ਆਵਾਜਾਈ ਸੁਖਾਲੀ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਸਿਰਫ਼ ਬੁਨਿਆਦੀ ਢਾਂਚੇ ਦਾ ਵਿਕਾਸ ਕਰਨਾ ਨਹੀਂ ਹੈ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਵਿਕਾਸ ਦਾ ਲਾਭ ਹਰ ਵਰਗ ਤੱਕ ਪਹੁੰਚ ਸਕੇ। ਨੀਂਹ ਪੱਥਰ ਰੱਖਣ ਦੇ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਲੋਕਾਂ, ਪਿੰਡ ਵਾਸੀਆਂ ਅਤੇ ਪਤਵੰਤਿਆਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਵਿੱਕੀ ਪ੍ਰਧਾਨ ਕਹਾਰਪੁਰ, ਜਗਦੀਸ਼ ਡੀ.ਪੀ.ਈ., ਸਰਪੰਚ ਦਲਜੀਤ ਸਿੰਘ, ਮੋਹਨ ਲਾਲ, ਬਲਜੀਤ ਸਿੰਘ, ਅਸ਼ਵਨੀ ਕੁਮਾਰ, ਲਾਲ ਸਿੰਘ ਸੇਵਾਮੁਕਤ ਇੰਸਪੈਕਟਰ, ਐਕਸੀਅਨ ਮੰਡੀ ਬੋਰਡ ਦਿਲਪ੍ਰੀਤ ਸਿੰਘ, ਸੰਤ ਮੇਜਰ ਦਾਸ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪੱਧਰੀ ਖੇਡਾਂ ਦਾ ਸ਼ਾਨਦਾਰ ਆਗਾਜ਼

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** 'ਖੇਡਾਂ ਵਤਨ ਪੰਜਾਬ ਦੀਆਂ ਦੇ ਤਹਿਤ ਜ਼ਿਲ੍ਹਾ ਪੱਧਰੀ ਖੇਡਾਂ ਦਾ ਆਈ ਟੀ ਆਈ ਗਰਾਊਂਡ ਨਵਾਂਸ਼ਹਿਰ ਵਿਖੇ ਸ਼ਾਨਦਾਰ ਆਗਾਜ਼ ਹੋਇਆ।ਐਮ ਐਲ ਏ ਹਲਕਾ ਬਲਾਚੌਰ ਸੰਤੋਸ਼ ਕਟਾਰੀਆ ਅਤੇ ਐਸ ਡੀ ਐਮ ਨਵਾਂਸ਼ਹਿਰ ਅਕਸ਼ਿਤਾ ਗੁਪਤਾ ਉਦਘਾਟਨੀ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਜਦਕਿ ਹਲਕਾ ਇੰਚਾਰਜ ਨਵਾਂਸ਼ਹਿਰ ਲਲਿਤ ਮੋਹਨ ਪਾਠਕ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸਤਨਾਮ ਚੇਚੀ, ਚੇਅਰਮੈਨ ਮਾਰਕੀਟ ਕਮੇਟੀ ਨਵਾਂਸ਼ਹਿਰ ਗਗਨ ਅਗਨੀਹੋਤਰੀ ਅਤੇ ਅਸ਼ੋਕ ਕਟਾਰੀਆ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ।ਮੁੱਖ ਮਹਿਮਾਨਾਂ ਨੇ ਜ਼ਿਲ੍ਹਾ ਪੱਧਰੀ ਖੇਡਾਂ ਦਾ ਉਦਘਾਟਨ ਕਰਦਿਆ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਨਸ਼ਿਆਂ ਤੋਂ ਦੂਰ ਰਹਿੰਦੇ ਹੋਏ ਖੇਡਾਂ ਵਿਚ ਵੱਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ। ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਨੇ ਦੱਸਿਆ ਕਿ ਉਦਘਾਟਨੀ ਸਮਾਰੋਹ ਮੌਕੇ ਐਥਲੈਟਿਕਸ 800 ਮੀਟਰ ਦੀ ਦੌੜ ਕਰਵਾਈ ਗਈ, ਜਿਸ ਵਿਚ ਨੀਰਜ ਨੇ ਪਹਿਲਾ, ਭੁਪਿੰਦਰ ਨੇ ਦੂਸਰਾ ਅਤੇ ਕਰਨ ਕੁਮਾਰ ਨੇ ਤੀਸਰਾ ਸਥਾਨ ਹਾਸਲ ਕੀਤਾ।ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਰਲੇ ਢਾਹਾਂ ਦੇ ਬੱਚਿਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ।



# ਲੁੱਟ-ਖੋਹ ਦੇ ਦੋਸ਼ 'ਚ ਦੋ ਗ੍ਰਿਫਤਾਰ



**ਜਲੰਧਰ ( ਸ਼ੈਲੀ ਐਲਬਰਟ)** ਪੁਲਸ ਨੇ ਦੋ ਸਨੈਚਰਾਂ ਨੂੰ ਗ੍ਰਿਫ਼ਤਾਰ ਕਰਕੇ ਖੋਹ ਦੇ ਮਾਮਲੇ ਨੂੰ ਸੁਲਝਾ ਲਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸ਼ਨਰ ਨੇ ਦੱਸਿਆ ਕਿ 28 ਅਗਸਤ ਨੂੰ ਸੰਨੀ, ਪੁੱਤਰ ਨਰੇਸ਼ ਕੁਮਾਰ, ਵਾਸੀ ਸ਼ਹੀਦ ਬਾਬੂ ਲਾਭ ਸਿੰਘ ਨਗਰ, ਜੋ ਕਿ ਹੁਣ ਕਰਤਾਰ ਢਾਬਾ ਨੇੜੇ ਅੱਡਾ ਗੇਟ, ਜਲੰਧਰ ਨੇ ਸ਼ਿਕਾਇਤ ਕੀਤੀ ਸੀ ਕਿ ਉਹ ਜਾ ਰਿਹਾ ਸੀ। ਰਾਤ ਕਰੀਬ 11:50 ਵਜੇ ਆਪਣੇ ਘਰ ਪਹੁੰਚਿਆ। ਉਸ ਨੇ ਦੱਸਿਆ ਕਿ ਰਸਤੇ ਵਿੱਚ ਮਕਸੂਦਾਂ ਚੌਕ ਵਿੱਚ ਤਿੰਨ ਅਣਪਛਾਤੇ ਐਕਟਿਵਾ ਸਵਾਰਾਂ ਨੇ ਦਾਤਰ ਨਾਲ ਉਸ ਦੀ ਕੁੱਟਮਾਰ ਕੀਤੀ, ਗੁੱਟ 'ਤੇ ਸੱਟਾਂ ਮਾਰੀਆਂ ਅਤੇ ਉਸ ਦਾ ਵਨਪਲੱਸ ਮੋਬਾਈਲ ਫੋਨ ਖੋਹ ਲਿਆ। ਸਵਪਨ ਸ਼ਰਮਾ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕਰਦਿਆਂ ਐਫ ਆਈ ਆਰ ਦਰਜ ਕੀਤੀ ਗਈ ਸੀ। ਪੁਲਸ ਨੇ ਜਾਂਚ ਦੌਰਾਨ ਮੁਲਜ਼ਮਾਂ ਦੀ ਪਹਿਚਾਣ ਵਰੁਣ ਪੁੱਤਰ ਸੋਨੂੰ ਪਾਲ ਅਤੇ ਬਿੰਨੀ ਪੁੱਤਰ ਸੋਨੂੰ ਪਾਲ ਵਾਸੀ ਨਿਊ ਦਿਓਲ ਨਗਰ, ਮਾਡਲ ਹਾਊਸ, ਨੇੜੇ ਐਸ.ਪੀ ਪ੍ਰਾਈਮ ਸਕੂਲ, ਜਲੰਧਰ ਵਜੋਂ ਕੀਤੀ ਹੈ।ਉਨ੍ਹਾਂ ਦੱਸਿਆ ਕਿ ਵਿਗਿਆਨਕ ਸਬੂਤਾਂ ਅਤੇ ਮਨੁੱਖੀ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਪੁਲਸ ਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਖੋਹਿਆ ਵਨਪਲੱਸ ਮੋਬਾਈਲ ਫ਼ੋਨ ਬਰਾਮਦ ਕੀਤਾ ਹੈ।ਸਵਪਨ ਸ਼ਰਮਾ ਨੇ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਦਾ ਤੀਜਾ ਸਾਥੀ ਅੰਕਿਤ ਜੋ ਕਿ ਇੱਕ ਹੋਰ ਕੇਸ ਵਿੱਚ ਜੇਲ੍ਹ ਵਿੱਚ ਹੈ, ਦੀ ਗ੍ਰਿਫ਼ਤਾਰੀ ਹੋਣੀ ਬਾਕੀ ਹੈ।ਪੁਲਸ ਕਮਿਸ਼ਨਰ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

# ਨਕੋਦਰ ਦਾ ਸਾਲਾਨਾ ਛਿੰਝ ਮੇਲਾ 29 ਨੂੰ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)** - ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਸਪੋਰਟਸ ਕਲੱਬ ਐਂਡ ਵੈਲਫੇਅਰ ਸੋਸਾਇਟੀ ਨਕੋਦਰ ਵਲੋਂ ਮਿਤੀ 29 ਸਤੰਬਰ ਨੂੰ ਦੁਪਿਹਰ 2 ਵਜੇ ਦੁਸਹਿਰਾ ਗਰਾਊਂਡ ਨਕੋਦਰ ਵਿਖੇ ਕਰਵਾਇਆ ਜਾ ਰਿਹਾ ਹੈ। ਕਲੱਬ ਦੇ ਪ੍ਰਧਾਨ ਐਡਵੋਕੇਟ ਗੌਰਵ ਨਾਗਰਾਜ ਨੇ ਦੱਸਿਆ ਕਿ ਇਸ ਛਿੰਝ ਮੇਲੇ ਵਿਚ ਪੂਰੀ ਦੁਨੀਆ ਤੋਂ ਚੋਟੀ ਦੇ ਰੁਸਤਮ ਮੱਲ ਪਹੁੰਚ ਰਹੇ ਹਨ। ਜਿਸ ਵਿਚ ਪਟਕੇ ਦੀਆਂ ਕੁਸ਼ਤੀਆਂ ਦੇ ਰੁਸਤਮ ਮੱਲ ਪਹਿਲਵਾਨ ਮਿਰਜ਼ਾ ਇਰਾਨ, ਪਹਿਲਵਾਨ ਪ੍ਰਵੀਨ ਕੁਹਾਲੀ, ਪਹਿਲਵਾਨ ਰਾਜੂ ਰਾਈਏਵਾਲ, ਪਹਿਲਵਾਨ ਅਜੈ ਬਾਰਨ, ਪਹਿਲਵਾਨ ਵੱਡਾ ਜੱਸਾ ਬਾਹੜੋਵਾਲ ਅਤੇ ਪਹਿਲਵਾਨ ਬਾਜ ਰੌਣੀ ਪਹੁੰਚ ਰਹੇ ਹਨ। ਇਸ ਤੋਂ ਇਲਾਵਾ ਸਪੈਸ਼ਲ ਆਕਰਸ਼ਨ ਦਾ ਕੇਂਦਰ ਪਹਿਲਵਾਨ ਦੇਵਾ ਥਾਪਾ ਨੇਪਾਲ ਦੀ ਕੁਸ਼ਤੀ ਹੋਵੇਗੀ। ਇਸ ਛਿੰਝ ਮੇਲੇ ਵਿੱਚ ਬੱਚਿਆਂ ਲਈ ਫ੍ਰੀ ਝੂਲੇ ਵੀ ਲਗਾਏ ਗਏ ਜਾਣਗੇ । ਇਸ ਛਿੰਝ ਮੇਲੇ ਵਿੱਚ ਅੱਖਾਂ ਦਾ ਫਰੀ ਚੈੱਕਅੱਪ ਕੈਂਪ ਵੀ ਲੱਗੇਗਾ । ਛਿੰਝ ਮੇਲੇ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ, ਜਿਸ ਵਿੱਚ ਚਾਹ ਕੌਫ਼ੀ ਤੇ ਪਕੌੜਿਆਂ ਦਾ ਲੰਗਰ , ਦੇਸੀ ਘਿਓ ਦੀਆਂ ਜਲੇਬੀਆਂ, ਕੇਸਰ ਬਦਾਮਾਂ ਵਾਲੀ ਖੀਰ, ਪਾਸਤਾ, ਫਰੂਟ ਦਾ ਖੁੱਲ੍ਹਾ ਲੰਗਰ ਚਲੇਗਾ । ਐਡਵੋਕੇਟ ਨਾਗਰਾਜ ਨੇ ਕਿਹਾ ਕਿ ਸਾਰੇ ਖੇਡ ਪ੍ਰੇਮੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

# ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਤੱਕ ਹਰ ਸਰਕਾਰੀ ਯੋਜਨਾ ਦਾ ਲਾਭ ਪਹੁੰਚਾਉਣਾ: ਡਾ. ਰਵਜੋਤ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਦੇ ਨਵ-ਨਿਯੁਕਤ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦਾ ਹੁਸ਼ਿਆਰਪੁਰ ਪਹੁੰਚਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਉਨ੍ਹਾਂ ਦੀ ਆਮਦ 'ਤੇ ਉਨ੍ਹਾਂ ਨੂੰ ਲੋਕ ਨਿਰਮਾਣ ਵਿਭਾਗ ਦੇ ਰੈਸਟ ਹਾਊਸ ਵਿਚ ਪੰਜਾਬ ਪੁਲਸ ਦੀ ਟੁਕੜੀ ਵੱਲੋਂ ਗਾਰਡ ਆਫ ਆਨਰ ਦਿੱਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਐਸ.ਐਸ.ਪੀ ਸੁਰੇਂਦਰ ਲਾਂਬਾ, ਵਣਪਾਲ ਨਾਰਥ ਸਰਕਲ ਹੁਸ਼ਿਆਰਪੁਰ ਡਾ. ਸੰਜੀਵ ਕੁਮਾਰ ਤਿਵਾੜੀ, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਕਮਿਸ਼ਨਰ ਨਗਰ ਨਿਗਮ ਡਾ. ਅਮਨਦੀਪ ਕੌਰ, ਐਸ.ਡੀ.ਐਮ ਸੰਜੀਵ ਕੁਮਾਰ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ ਵੀ ਮੌਜੂਦ ਸਨ।ਇਸ ਤੋਂ ਬਾਅਦ ਕੈਬਨਿਟ ਮੰਤਰੀ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਜ਼ਿਲ੍ਹੇ ਦੇ ਵਿਕਾਸ ਦੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ। ਇਸ ਦੌਰਾਨ ਉਨ੍ਹਾਂ ਜ਼ਿਲ੍ਹੇ ਵਿਚ ਚੱਲ ਰਹੀਆਂ ਵਿਕਾਸ ਯੋਜਨਾਵਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਤੋਂ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਰੇ ਪ੍ਰੋਜੈਕਟਾਂ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕੀਤਾ ਜਾਵੇ, ਤਾਂ ਜੋ ਜਨਤਾ ਨੂੰ ਜਲਦ ਤੋਂ ਜਲਦ ਲਾਭ ਮਿਲ ਸਕੇ। ਉਨ੍ਹਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਜ਼ਿੰਮੇਦਾਰੀ ਨਾਲ ਕੰਮ ਕਰਨ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਜ਼ਮੀਨੀ ਪੱਧਰ 'ਤੇ ਲੋਕਾਂ ਤੱਕ ਹਰ ਸਰਕਾਰੀ ਯੋਜਨਾ ਦਾ ਲਾਭ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਇਕ ਆਦਰਸ਼ ਜ਼ਿਲ੍ਹੇ ਦੇ ਰੂਪ ਵਿਚ ਵਿਕਸਿਤ ਕਰਨਾ ਉਨ੍ਹਾਂ ਦੀ ਪਹਿਲ ਹੈ ਅਤੇ ਇਸ ਦੇ ਲਈ ਸਰਕਾਰ ਹਰ ਸੰਭਵ ਸਾਧਨ ਮੁਹੱਈਆ ਕਰਵਾਏਗੀ।ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਜਨਤਾ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਸਹਾਇਕ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ, ਐਕਸੀਅਨ ਲੋਕ ਨਿਰਮਾਣ ਵਿਭਾਗ ਗੁਰਮੀਤ ਸਿੰਘ, ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਕੁਮਾਰ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸੋਸ਼ਲ ਮੀਡੀਆ ਪ੍ਰਧਾਨ ਅਨੀਸ਼ ਕੁਮਾਰ, ਮਨੀਸ਼ ਠਾਕੁਰ, ਡਾ. ਮੁਕੇਸ਼ ਕੰਡਾ, ਪ੍ਰਕਾਮਲ, ਰਾਜਵੀਰ ਸਿੰਘ ਬੱਲ ਵੀ ਮੌਜੂਦ ਸਨ।

# ਮਹਿੰਦਰ ਭਗਤ ਨੇ ਕਬੀਰ ਮੰਦਰ 'ਚ ਸੁਵਿਧਾ ਕੇਂਦਰ ਦਾ ਕੀਤਾ ਉਦਘਾਟਨ



**ਜਲੰਧਰ (ਸੁਰਿੰਦਰ ਕੁਮਾਰ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਬਹੁਤ ਉਤਸੁਕ ਹਨ।ਉਨ੍ਹਾਂ ਵੱਲੋਂ ਪੰਜਾਬ 'ਚ ਲੋਕਾਂ ਨੂੰ ਸਹੂਲਤਾਂ ਦੇਣ ਲਈ ਲਗਾਤਾਰ ਨਵੀਆਂ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ।ਇਹ ਗੱਲ ਜਲੰਧਰ ਪੱਛਮੀ ਦੇ ਵਿਧਾਇਕ ਮਹਿੰਦਰ ਭਗਤ ਨੇ ਭਾਰਗਵ ਨਗਰ ਸਥਿਤ ਮੁੱਖ ਕਬੀਰ ਮੰਦਰ ਵਿਖੇ ਸੁਵਿਧਾ ਕੇਂਦਰ ਦਾ ਉਦਘਾਟਨ ਕਰਨ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਹੀ।ਉਨ੍ਹਾਂ ਕਿਹਾ ਕਿ ਇਸ ਸਹੂਲਤ ਦੇ ਖੁੱਲ੍ਹਣ ਨਾਲ ਭਾਰਗਵ ਨਗਰ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਕਿਉਂਕਿ ਉਨ੍ਹਾਂ ਨੂੰ ਆਪਣੇ ਕਈ ਕੰਮ ਸਮੇਂ ਸਿਰ ਕਰਵਾਉਣ ਦੀ ਸਹੂਲਤ ਮਿਲੇਗੀ। ਵਿਧਾਇਕ ਨੇ ਕਿਹਾ ਕਿ ਇਸ ਸੈਂਟਰ ਨੂੰ ਸਥਾਪਿਤ ਕਰਨ ਦਾ ਸਾਡਾ ਮੁੱਖ ਮੰਤਵ ਲੋਕਾਂ ਨਾਲ ਸਿੱਧੇ ਤੌਰ 'ਤੇ ਰਾਬਤਾ ਕਾਇਮ ਕਰਨਾ ਅਤੇ ਇਲਾਕੇ ਦੇ ਪ੍ਰਮੁੱਖ ਮੁੱਦਿਆਂ ਨੂੰ ਜਾਣਨਾ ਹੈ ਤਾਂ ਜੋ ਇਸ ਦਾ ਸਹੀ ਸਮੇਂ 'ਤੇ ਹੱਲ ਕੀਤਾ ਜਾ ਸਕੇ ਅਤੇ ਜਨਤਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਨਾਲ-ਨਾਲ ਜਲੰਧਰ ਪੱਛਮੀ ਦਾ ਵਿਕਾਸ ਨੂੰ ਵੀ ਯਕੀਨੀ ਬਣਾਇਆ ਜਾ ਸਕਦਾ ਹੈ।ਭਾਰਗਵ ਨਗਰ ਵਿੱਚ ਇਸ ਕੇਂਦਰ ਦੀ ਸਥਾਪਨਾ ਨਾਲ ਇਲਾਕਾ ਨਿਵਾਸੀਆਂ ਨੂੰ ਆਪਣੇ ਨੇੜੇ ਦੀਆਂ ਸਰਕਾਰੀ ਸਕੀਮਾਂ ਅਤੇ ਇਸ ਦੇ ਫਾਇਦਿਆਂ ਦੀ ਜਾਣਕਾਰੀ ਦੇ ਨਾਲ-ਨਾਲ ਸਥਾਨਕ ਮੁੱਦਿਆਂ, ਉਨ੍ਹਾਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਦੇ ਜਲਦੀ ਹੱਲ ਦੀ ਸਹੂਲਤ ਵੀ ਮਿਲੇਗੀ।

# ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ 'ਚ ਰਾਸ਼ਟਰੀ ਸੇਵਾ ਯੋਜਨਾ ਦਾ ਸਥਾਪਨਾ ਦਿਵਸ ਮਨਾਇਆ



**ਫਗਵਾੜਾ (ਡਾ.ਰਮਨ)**- ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ, ਫਗਵਾੜਾ ਦੇ ਐੱਨ.ਐੱਸ.ਐੱਸ. ਯੂਨਿਟ ਨੇ ਕਾਲਜ ਵਿੱਚ ਰਾਸ਼ਟਰੀ ਸੇਵਾ ਯੋਜਨਾ (ਐੱਨ.ਐੱਸ.ਐੱਸ.) ਦਿਵਸ ਬੜੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ। ਐੱਨ.ਐੱਸ.ਐੱਸ. ਪ੍ਰੋਗਰਾਮ ਅਫਸਰ ਜਸਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਰਾਸ਼ਟਰੀ ਸੇਵਾ ਯੋਜਨਾ ਦਿਵਸ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ 24 ਸਤੰਬਰ ਨੂੰ ਦੇਸ਼ ਭਰ ਵਿੱਚ ਐੱਨ.ਐੱਸ.ਐੱਸ. ਦਿਵਸ ਮਨਾਇਆ ਜਾਂਦਾ ਹੈ। ਮਹਾਤਮਾ ਗਾਂਧੀ ਦੇ ਜਨਮ ਸ਼ਤਾਬਦੀ ਵਰ੍ਹੇ (1969) ਦੌਰਾਨ ਸੈਂਤੀ ਸੰਸਥਾਵਾਂ ਦੇ ਚਾਲੀ ਹਜ਼ਾਰ ਵਿਦਿਆਰਥੀ ਵਲੰਟੀਅਰਾਂ ਸਮੇਤ ਰਾਸ਼ਟਰੀ ਸੇਵਾ ਯੋਜਨਾ ਦਾ ਉਦਘਾਟਨ ਕੀਤਾ ਗਿਆ ਸੀ। ਉਹਨਾਂ ਨੇ ਇਸ ਸਾਲ ਦੇ ਐੱਨ.ਐੱਸ.ਐੱਸ. ਦੇ ਥੀਮ 'ਪਲੈਨੇਟ ਬਨਾਮ ਪਲਾਸਟਿਕ' ਬਾਰੇ ਵੀ ਦੱਸਿਆ ਅਤੇ ਵਿਦਿਆਰਥੀਆਂ ਨੂੰ ਸਮਾਜਿਕ ਸਮੱਸਿਆਵਾਂ ਦੇ ਹੱਲ ਲੱਭਣ ਲਈ ਆਪਣੇ ਸਿੱਖਣ ਤੇ ਤਜਰਬਿਆਂ ਨੂੰ ਜੋੜਨ ਦੀ ਅਪੀਲ ਕੀਤੀ। ਐੱਨ.ਐੱਸ.ਐੱਸ. ਵਲੰਟੀਅਰਜ਼ ਰਿਚਾ, ਰੁਪਿੰਦਰ, ਹਰਲੀਨ ਅਤੇ ਗੁਰਸਿਮਰਨ ਕੌਰ ਨੇ ਆਪਣੀਆਂ ਕਵਿਤਾਵਾਂ, ਗੀਤ ਤੇ ਭਾਸ਼ਣ ਰਾਹੀਂ ਰਾਸ਼ਟਰੀ ਸੇਵਾ ਯੋਜਨਾ ਦੇ ਉਦੇਸ਼ਾਂ ਬਾਰੇ ਜਾਣੂ ਕਰਵਾਇਆ। ਵਿਦਿਆਰਥੀਆਂ ਨੇ ਐੱਨ.ਐੱਸ.ਐੱਸ. ਨੂੰ ਸਮਰਪਿਤ ਪੋਸਟਰ ਵੀ ਬਣਾਏ। ਇਸ ਤੋਂ ਇਲਾਵਾ ਐੱਨ.ਐੱਸ.ਐੱਸ. ਵਲੰਟੀਅਰਜ਼ ਜੋ 'ਮਾਈ ਭਾਰਤ ਪੋਰਟਲ' 'ਤੇ ਰਜਿਸਟਰਡ ਨਹੀਂ ਸਨ, ਉਹਨਾਂ ਨੂੰ ਰਜਿਸਟਰਡ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਰਾਸ਼ਟਰ ਦੀ ਏਕਤਾ, ਅਖੰਡਤਾ ਤੇ ਸਮਾਜ ਸੇਵਾ ਕਰਨ ਦੀ ਸਹੁੰ ਲਈ। ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ ਨੇ ਕਿਹਾ ਕਿ ਐੱਨ.ਐੱਸ.ਐੱਸ. ਦਾ ਨਾਅਰਾ ਹੈ 'ਮੈਂ ਨਹੀਂ, ਤੁਸੀਂ' ਭਾਵ ਆਪਣੇ ਲਈ ਨਹੀਂ ਦੂਜਿਆਂ ਲਈ ਜਿਉਣਾ ਹੈ, ਦੂਜਿਆਂ ਦੇ ਕੰਮ ਆਉਣਾ ਹੈ। ਉਹਨਾਂ ਕਿਹਾ ਕਿ ਇਹ ਯੋਜਨਾ ਵਿਦਿਆਰਥੀਆਂ ਵਿੱਚ ਭਾਈਚਾਰਕ ਸਾਂਝ, ਸੇਵਾ ਭਾਵ ਤੇ ਸਮਾਜਿਕ ਸਮੱਸਿਆਵਾਂ ਪ੍ਰਤੀ ਜਾਗਰੂਕਤਾ ਪੈਦਾ ਕਰਦੀ ਹੈ ਅਤੇ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਂਦੀ ਹੈ।ਉਹਨਾਂ ਨੇ ਵਿਦਿਆਰਥੀਆਂ ਨੂੰ ਐੱਨ.ਐੱਸ.ਐੱਸ. ਦੀਆਂ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਵੀ ਕੀਤਾ। ਮਨਪ੍ਰੀਤ ਕੌਰ ਭੋਗਲ, ਚੇਅਰਪਰਸਨ, ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਫਗਵਾੜਾ ਨੇ ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ, ਐੱਨ. ਐੱਸ. ਐੱਸ. ਯੂਨਿਟ ਦੇ ਇੰਚਾਰਜ ਜਸਵਿੰਦਰ ਕੌਰ, ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀਆਂ ਨੂੰ ਇਸ ਬਹੁਮੁੱਲੇ ਦਿਵਸ ਨੂੰ ਮਨਾਉਣ 'ਤੇ ਵਧਾਈ ਦਿੱਤੀ। ਉਹਨਾਂ ਨਿਰਸਵਾਰਥ ਸੇਵਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਵਲੰਟੀਅਰਾਂ ਨੂੰ ਉਸਾਰੂ ਸਮਾਜਿਕ ਕਾਰਜਾਂ ਵਿੱਚ ਸ਼ਾਮਲ ਹੋਣ ਅਤੇ ਭਵਿੱਖ ਵਿੱਚ ਆਪਣੀ ਸ਼ਖਸੀਅਤ ਨਿਖਾਰਨ ਲਈ ਪ੍ਰੇਰਿਤ ਵੀ ਕੀਤਾ।

# ਸ਼ਹਿਰ ਦੇ ਵਿਕਾਸ ਦੀ ਮੂੰਹ ਬੋਲਦੀ ਤਸਵੀਰ ਹੈ ਫਰੈਂਡਜ਼ ਕਲੋਨੀ ਦੀ ਗਲੀ ਨੰਬਰ 8



**ਫਗਵਾੜਾ (ਡਾ. ਰਮਨ)**-ਸ਼ਹਿਰ 'ਚ ਵਿਕਾਸ ਹੋਇਆ, ਕੋਈ ਅੱਤਕਥਨੀ ਨਹੀਂ। ਕਈ ਵਾਰ ਨੇੜੇ ਹੀ ਵਿਕਾਸ ਦੀ ਪੋਲ ਖੋਲ੍ਹਦੀ ਤਸਵੀਰ ਮਿਲ ਜਾਂਦੀ ਹੈ। ਇਹ ਵਿਅੰਗਮਈ ਟਿੱਪਣੀ ਸਥਾਨਕ ਫਰੈਂਡਜ਼ ਕਲੋਨੀ ਦੀ ਗਲੀ ਨੰਬਰ 8 ਦੇ ਵਸਨੀਕਾਂ ਨੇ ਅੱਜ ਕਾਪੋਰੇਸ਼ਨ ਅਤੇ ਪੰਜਾਬ ਸਰਕਾਰ ਦੀ ਕਾਰਜਸ਼ੈਲੀ 'ਤੇ ਸਵਾਲ ਖੜ੍ਹੇ ਕਰਦਿਆਂ ਰੋਹ ਭਰੇ ਲਹਿਜੇ ਵਿਚ ਕੀਤੀ। ਇਸ ਮੌਕੇ ਸੂਬੇਦਾਰ ਸੰਤੋਖ ਸਿੰਘ, ਧਰਮਿੰਦਰ ਪਟਵਾਰੀ, ਸੂਬੇਦਾਰ ਜੀਤ ਦਾਸ ਅਤੇ ਸਾਹਿਤਕਾਰ ਆਰ.ਐਲ. ਜੱਸੀ ਸਮੇਤ ਗਲੀ ਨੰਬਰ 8 ਦੇ ਸਮੂਹ ਵਸਨੀਕਾਂ ਨੇ ਦੱਸਿਆ ਕਿ ਫਰੈਂਡਜ਼ ਕਲੋਨੀ ਦੀਆਂ ਤਕਰੀਬਨ ਸਾਰੀਆਂ ਗਲੀਆਂ ਪੱਕੀਆਂ ਕੀਤੀਆਂ ਜਾ ਚੁੱਕੀਆਂ ਹਨ। ਕਈ ਗਲੀਆਂ ਤਾਂ ਅਜਿਹੀਆਂ ਵੀ ਪੱਕੀਆਂ ਬਣ ਗਈਆਂ ਹਨ ਜਿਹਨਾਂ ਵਿਚ ਨਾਮ ਮਾਤਰ ਦੀ ਹੀ ਵਸੋਂ ਹੈ ਪਰ ਕਾਰਪੋਰੇਸ਼ਨ ਫਗਵਾੜਾ ਵਲੋਂ ਇਸ ਗਲੀ ਦੇ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਆਰ.ਐਲ. ਜੱਸੀ ਨੇ ਦੱਸਿਆ ਕਿ ਇਹ ਮਸਲਾ ਸਥਾਨਕ ਐਮ.ਐਲ.ਏ., ਸੱਤਾ ਧਿਰ ਦੇ ਹਲਕਾ ਇੰਚਾਰਜ ਸਮੇਤ ਕਾਰਪੋਰੇਸ਼ਨ ਦੇ ਵੱਡੇ ਅਧਿਕਾਰੀਆਂ ਦੇ ਧਿਆਨ ਵਿਚ ਲਿਖਤੀ ਰੂਪ 'ਚ ਲਿਆਏ ਜਾਣ ਦੇ ਬਾਵਜੂਦ ਕੋਈ ਸੁਣਵਾਈ ਨਹੀਂ ਹੋ ਰਹੀ। ਇੱਥੋਂ ਤੱਕ ਕਿ ਇਸ ਗਲੀ ਦੇ ਵਸਨੀਕ ਵਾਟਰ ਸਪਲਾਈ ਅਤੇ ਸਟਰੀਟ ਲਾਈਟਾਂ ਵਰਗੀ ਮੁਢਲੀ ਸਹੂਲਤ ਤੋਂ ਵੀ ਵਾਂਝੇ ਹਨ।

ਉਹਨਾਂ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਇਸ ਗਲੀ ਦੇ ਵਸਨੀਕਾਂ ਨਾਲ ਮਤਰੇਈ ਮਾਂ ਸਲੂਕ ਬੰਦ ਕੀਤਾ ਜਾਵੇ ਅਤੇ ਪੱਕੀ ਗਲੀ, ਵਾਟਰ ਸਪਲਾਈ ਤੇ ਸਟਰੀਟ ਲਾਈਟਾਂ ਦੀ ਮੁਢਲੀ ਸਹੂਲਤ ਮੁਹੱਈਆ ਕਰਵਾਈ ਜਾਵੇ ਨਹੀਂ ਤਾਂ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

# ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਰਵਨੀਤ ਬਿੱਟੂ ਦੇ ਘਰ ਅੱਗੇ 2 ਨੂੰ ਕਰਨਗੀਆਂ ਰੋਸ ਪ੍ਰਗਟਾਵਾ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਦੇ ਆਗੂ ਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਘਰ ਅੱਗੇ ਲੁਧਿਆਣਾ ਵਿਖੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ 2 ਅਕਤੂਬਰ ਨੂੰ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਕੀਤਾ ਜਾਵੇਗਾ। ਇਹ ਜਾਣਕਾਰੀ ਯੂਨੀਅਨ ਦੀ ਬਲਾਕ ਪ੍ਰਧਾਨ ਸੁਖਵੰਤ ਕੌਰ ਨੇ ਦਿੱਤੀ । ਉਹਨਾਂ ਦੱਸਿਆ ਕਿ 2 ਅਕਤੂਬਰ 1975 ਨੂੰ ਦੇਸ਼ ਭਰ ਵਿੱਚ ਆਂਗਣਵਾੜੀ ਸੈਂਟਰਾਂ ਨੂੰ ਖੋਲ੍ਹਿਆ ਗਿਆ ਸੀ ਤੇ 50 ਸਾਲ ਹੋਣ ਵਾਲੇ ਹਨ ਪਰ ਐਨੇ ਲੰਮੇ ਸਮੇਂ ਵਿੱਚ ਵੀ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਦਾ ਦਰਜਾ ਨਹੀਂ ਦਿੱਤਾ ਗਿਆ । ਜਦੋਂ ਕਿ ਬਾਕੀ ਵਿਭਾਗਾਂ ਦੇ ਬਾਕੀ ਸਾਰੇ ਮੁਲਾਜ਼ਮ ਪੱਕੇ ਹਨ । ਉਹਨਾਂ ਕਿਹਾ ਕਿ ਪਿਛਲੇ 6 ਸਾਲਾਂ ਤੋਂ ਕੇਂਦਰ ਸਰਕਾਰ ਨੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਮਾਣ ਭੱਤੇ ਵਿੱਚ ਨਿੱਕੇ ਪੈਸੇ ਦਾ ਵਾਧਾ ਨਹੀਂ ਕੀਤਾ । ਕੇਂਦਰ ਸਰਕਾਰ ਵਰਕਰ ਨੂੰ 4500 ਰੁਪਏ ਅਤੇ ਹੈਲਪਰ ਨੂੰ 2250 ਰੁਪਏ ਦੇ ਰਹੀ ਹੈ । ਉਹਨਾਂ ਕਿਹਾ ਕਿ ਦੇਸ਼ ਦੀਆਂ 28 ਲੱਖ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਸਰਕਾਰ ਸ਼ੋਸ਼ਣ ਕਰ ਰਹੀ ਹੈ । ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਜੇ ਤੱਕ ਸਾਰੇ ਆਂਗਣਵਾੜੀ ਸੈਂਟਰਾਂ ਦੀਆਂ ਸਰਕਾਰੀ ਇਮਾਰਤਾਂ ਨਹੀਂ ਬਣਾਈਆਂ ਗਈਆਂ ਅਤੇ ਅੱਧੋਂ ਵੱਧ ਆਂਗਣਵਾੜੀ ਸੈਂਟਰ ਸਹੂਲਤਾਂ ਤੋਂ ਸੱਖਣੇ ਪਏ ਹਨ । ਉਹਨਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦੇ ਕੇ ਸਰਕਾਰੀ ਮੁਲਾਜ਼ਮ ਐਲਾਨੇ ਅਤੇ ਹੈਲਪਰਾਂ ਨੂੰ ਗਰੇਡ ਦਿੱਤੇ ਜਾਣ । ਉਹਨਾਂ ਕਿਹਾ ਕਿ ਆਂਗਣਵਾੜੀ ਸੈਂਟਰਾਂ ਵਿੱਚ ਨਾ ਤਾਂ ਬੱਚੇ ਹਨ ਤੇ ਨਾ ਹੀ ਰਾਸ਼ਨ ਬਣ ਰਿਹਾ ਹੈ ।ਆਂਗਣਵਾੜੀ ਕੇਂਦਰਾਂ ਦੇ ਬੱਚਿਆਂ ਨੂੰ ਦਿੱਤੀਆਂ ਜਾਂਦੀਆਂ ਸਿਹਤ ਸਹੂਲਤਾਂ ਵੀ ਆਸ਼ਾ ਵਰਕਰਾਂ ਰਾਹੀਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ । ਜਿਸ ਕਰਕੇ ਸਰਕਾਰ ਵੱਲੋਂ ਆਂਗਣਵਾੜੀ ਸੈਂਟਰਾਂ ਨੂੰ ਬੰਦ ਕਰਨ ਦੀ ਸਾਜ਼ਿਸ਼ ਬਣਾਈ ਜਾ ਰਹੀ ਹੈ ।

# ਪ੍ਰਿੰਸੀਪਲ ਰਾਜੀਵ ਪੁਰੀ ਨੂੰ ਵਧੀਕ ਡਾਇਰੈਕਟਰ ਦੀ ਨਿਯੁਕਤੀ 'ਤੇ ਸਨਮਾਨ ਸਮਾਰੋਹ



**ਖਰੜ, (ਹਰਨਾਮ ਸਿੰਘ ਡੱਲਾ)**-ਸਥਾਨਕ ਸਰਕਾਰੀ ਪੋਲੀਟੈਕਨਿਕ ਕਾਲਜ ਖੂਨੀਮਾਜਰਾ ਦੇ ਪ੍ਰਿੰਸੀਪਲ ਰਾਜੀਵ ਪੁਰੀ ਨੂੰ ਤਕਨੀਕੀ ਸਿੱਖਿਆ ਵਿਭਾਗ ਦੇ ਵਧੀਕ ਡਾਇਰੈਕਟਰ ਵੱਜੋਂ ਪਦਉਨਤ ਕੀਤਾ ਗਿਆ ਹੈ। ਰਾਜੀਵ ਪੁਰੀ ਤਕਨੀਕੀ ਸਿੱਖਿਆ ਵਿਭਾਗ ਦੇ ਵਧੀਕ ਡਾਇਰੈਕਟਰ ਦੇ ਨਾਲ ਨਾਲ ਸਰਕਾਰੀ ਪੌਲੀਟੈਕਨਿਕ ਕਾਲਜ ਖੂਨੀਮਾਜਰਾ ਦੇ ਪ੍ਰਿੰਸੀਪਲ ਦਾ ਕਾਰਜ ਵੀ ਦੇਖਣਗੇ। ਅੱਜ ਕਾਲਜ ਵਿਚ ਸਮੂਹ ਸਟਾਫ ਵੱਲੋਂ ਰਾਜੀਵ ਪੁਰੀ ਦੇ ਵਧੀਕ ਡਾਇਰੈਕਟਰ ਨਿਯੁਕਤ ਹੋਣ ਉਪਰ ਇੱਕ ਸਨਮਾਨ ਸਮਾਰੋਹ ਕੀਤਾ ਗਿਆ। ਕਾਲਜ ਦੇ ਅਫਸਰ ਇੰਚਾਰਜ ਸਿਵਲ ਇੰਜੀਨੀਅਰਿੰਗ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਰਾਜੀਵ ਪੁਰੀ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੇ ਰਜਿਸਟਰਾਰ ਵਜੋਂ ਵੀ ਕਾਰਜਸ਼ੀਲ ਰਹੇ ਹਨ।ਸਰਕਾਰੀ ਪੌਲੀਟੈਕਨਿਕ ਕਾਲਜ ਖੂਨੀਮਾਜਰਾ ਪ੍ਰਿੰਸੀਪਲ ਰਾਜੀਵ ਪੁਰੀ ਦੀ ਅਗਵਾਈ ਵਿਚ ਵਿਦਿਅਕ ਖੇਤਰ ਵਿੱਚ ਵਧੀਆ ਸੇਵਾਵਾਂ ਦੇ ਨਾਲ ਨਾਲ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਵੀ ਚੋਣਾਂ ਅਤੇ ਸਮਾਜ ਸੇਵੀ ਕਾਰਜਾਂ ਵਿੱਚ ਪੂਰਨ ਸਹਿਯੋਗ ਦੇ ਰਿਹਾ ਹੈ। ਅੱਜ ਕਾਲਜ ਪਹੁੰਚਣ ਉਪਰ ਸਮੂਹ ਸਟਾਫ ਮੈਂਬਰਾਂ ਰਵਿੰਦਰ ਸਿੰਘ ਵਾਲੀਆ, ਸੰਜੀਵ ਜਿੰਦਲ, ਅੰਸ਼ੂ ਸ਼ਰਮਾ, ਕਵਿਤਾ ਮੌਂਗਾ, ਗੁਰਮੇਲ ਸਿੰਘ, ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ( ਵੱਖ ਵੱਖ ਵਿਭਾਗਾਂ ਦੇ ਮੁਖੀ), ਕੁਲਦੀਪ ਰਾਏ ਵਰਕਸ਼ਾਪ ਸੁਪਰਡੰਟ ਅਤੇ ਪੂਨਮ ਦਫਤਰ ਸੁਪਰਡੰਟ ਨੇ ਨਵ ਨਿਯੁਕਤ ਵਧੀਕ ਡਾਇਰੈਕਟਰ ਦਾ ਫੁੱਲਾਂ ਨਾਲ ਕਾਲਜ ਵਿਚ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਪਦਉੱਨਤੀ ਲਈ ਵਧਾਈਆਂ ਦਿੱਤੀਆਂ ।

# 82.40 ਲੱਖ ਰੁਪਏ ਦੀ ਲਾਗਤ ਨਾਲ ਨਗਰ ਤੋਂ ਝੰਡੀ ਪੀਰ ਤੱਕ ਸੜਕ ਦਾ ਉਦਘਾਟਨ



**ਫਿਲੌਰ (ਨਿਰਮਲ)**- ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਫਿਲੌਰ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਪਿੰਡ ਨਗਰ ਤੋਂ ਝੰਡੀਪੀਰ ਤੱਕ ਟੁੱਟੀ ਹੋਈ ਸੜਕ ਨੂੰ ਨਵੀਂ ਸੜਕ ਬਣਾਉਣ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਸੜਕ ਆਲੇ ਦੁਆਲੇ ਦੇ ਪਿੰਡਾਂ 'ਤੇ ਧਾਰਮਿਕ ਅਸਥਾਨ ਝੰਡੀਪੀਰ ਨੂੰ ਜਾਂਦੀ ਹੈ ਤਾਂ ਜੋ ਸ਼ਰਧਾਲੂ ਵੀਰਵਾਰ ਅਤੇ ਐਤਵਾਰ ਨੂੰ ਮੱਥਾ ਟੇਕਣ ਆਉਂਦੇ ਹਨ ਉਨ੍ਹਾਂ ਕਿਹਾ ਕਿ ਸੰਗਤਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਸੜਕ ਦੇ ਨਿਰਮਾਣ ਉੱਤੇ 82.40 ਲੱਖ ਰੁਪਏ ਖਰਚੇ ਜਾਣਗੇ। ਇਲਾਕਾ ਨਿਵਾਸੀ ਪਿਛਲੇ ਕਈ ਸਾਲਾਂ ਤੋਂ ਇਸ ਸੜਕ ਨੂੰ ਨਵੀਂ ਬਣਾਉਂਣ ਲਈ ਮੰਗ ਕਰ ਰਹੇ ਸਨ। ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਅੱਗੇ ਕਿਹਾ ਕਿ ਇਲਾਕੇ ਦੇ ਵਿਕਾਸ ਲਈ ਸਰਕਾਰ ਵਚਨਬੱਧ ਹੈ, ਹਲਕੇ ਦੇ ਵਿਕਾਸ ਲਈ ਕੋਈ ਕਮੀਂ ਨਹੀਂ ਆਉਂਣ ਦਿੱਤੀ ਜਾਵੇਗੀ। ਇਲਾਕਾ ਨਿਵਾਸੀਆਂ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।ਇਸ ਮੌਕੇ ਬਲਰਾਜ ਸਿੰਘ, ਗਗਨ ਸੰਘਾ, ਜਗਤ ਰਾਮ ਭੱਟੀ, ਰਣਜੀਤ ਸਿੰਘ, ਸੰਤੋਖ ਸਿੰਘ ਗਿੱਲ, ਸੁਖਵਿੰਦਰ ਸਿੰਘ, ਬਲਹਾਰ ਸਿੰਘ, ਮਹਿੰਦਰ ਪਾਲ, ਸਤਪਾਲ ਸਿੰਘ, ਬਲਵੀਰ ਸਿੰਘ, ਮਨਜੀਤ ਸਿੰਘ ਪੁਆਰੀ, ਸਾਧੂ ਰਾਮ, ਕੁਲਦੀਪ ਸਿੰਘ, ਦੀਪਾ ਬਕਾਪੁਰ ਪੀਏ ਅਤੇ ਹੋਰ ਹਾਜ਼ਰ ਸਨ।

# ਸੇਂਟ ਸੋਲਜਰ ਕਾਲਜ 'ਚ ਵੱਖ-ਵੱਖ ਸਕੀਮਾਂ ਬਾਰੇ ਜਾਗਰੂਕਤਾ ਲੈਕਚਰ



**ਜਲੰਧਰ: (ਇਕਬਾਲ ਸਿੰਘ ਉੱਭੀ)** ਸੇਂਟ ਸੋਲਜਰ ਲਾਅ ਕਾਲਜ ਦੀ ਲੀਗਲ ਏਡ ਸੁਸਾਇਟੀ ਵੱਲੋਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਧੀਨ ਵੱਖ-ਵੱਖ ਸਕੀਮਾਂ ਬਾਰੇ ਜਾਗਰੂਕਤਾ ਲੈਕਚਰ ਕਰਵਾਇਆ ਗਿਆ। ਰਾਹੁਲ ਕੁਮਾਰ ਆਜ਼ਾਦ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਡੀ ਐਲ ਐਸ ਏ ਜਲੰਧਰ ਨੇ ਵੱਖ-ਵੱਖ ਸਕੀਮਾਂ ਜਿਵੇਂ ਕਿ ਪ੍ਰੀ-ਸੰਸਥਾ ਵਿਚੋਲਗੀ, ਪੀੜਤ ਔਰਤਾਂ ਨੂੰ ਮੁਆਵਜ਼ਾ, ਹਿੱਟ ਐਂਡ ਰਨ ਕੇਸਾਂ ਵਿਚ ਮੁਆਵਜ਼ਾ, ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਲੋਕ ਅਦਾਲਤ ਦੇ ਆਯੋਜਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਲੈਕਚਰ ਤੋਂ ਬਾਅਦ ਸਵਾਲ-ਜਵਾਬ ਦਾ ਦੌਰ ਹੋਇਆ ਜਿਸ ਵਿੱਚ ਵਿਦਿਆਰਥੀਆਂ ਨੇ ਸਰਗਰਮੀ ਨਾਲ ਭਾਗ ਲਿਆ। ਇਸ ਤੋਂ ਪਹਿਲਾਂ ਡਾ. ਐਸ ਸੀ ਸ਼ਰਮਾ ਕਾਲਜ ਦੇ ਡਾਇਰੈਕਟਰ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ, ਡਾ. ਇੰਦਰਜੀਤ ਕੁਮਾਰ ਨੇ ਮੰਚ ਸੰਚਾਲਨ ਕੀਤਾ ਅਤੇ ਡਾ. ਮੋਨਿਕਾ ਖੰਨਾ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਫੈਕਲਟੀ ਅਤੇ ਵਿਦਿਆਰਥੀਆਂ ਨੇ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਅਤੇ ਬੂਟੇ ਦੇ ਕੇ ਸਨਮਾਨਿਤ ਵੀ ਕੀਤਾ।ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਲਾਅ ਕਾਲਜ ਦੇ ਉੱਦਮ ਦੀ ਸ਼ਲਾਘਾ ਕੀਤੀ 'ਤੇ ਉਨ੍ਹਾਂ ਕਿਹਾ ਕਿ ਅਜਿਹੇ ਲੈਕਚਰ ਵਿਦਿਆਰਥੀਆਂ ਦੇ ਅਕਾਦਮਿਕ ਅਤੇ ਹੁਨਰ ਦੇ ਪੱਧਰ ਨੂੰ ਉੱਚਾ ਚੁੱਕਦੇ ਹਨ।

# ਡਾ. ਜਤਿੰਦਰ ਤੇ ਡਾ. ਇਸ਼ਾਂਕ ਨੇ ਇਲਾਕਾ ਨਿਵਾਸੀਆਂ ਦਾ ਕੀਤਾ ਧੰਨਵਾਦ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਵੱਲੋਂ ਹਲਕਾ ਚੱਬੇਵਾਲ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਪਿੰਡ ਜੈਤਪੁਰ ਵਿਖੇ ਮੀਟਿੰਗ ਰੱਖੀ ਗਈ ਜੋ ਕਿ ਵਿਸ਼ਾਲ ਰੈਲੀ ਵਿੱਚ ਤਬਦੀਲ ਹੋ ਗਈ, ਇਸ ਵਿੱਚ 2000 ਦੇ ਕਰੀਬ ਸਮਰਥਕਾਂ ਨੇ ਸ਼ਮੂਲੀਅਤ ਕੀਤੀ।ਰੈਲੀ ਦਾ ਉਦੇਸ਼ ਇਲਾਕੇ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣਾ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਚਰਚਾ ਕਰਨਾ ਸੀ। ਡਾ. ਰਾਜ ਨੇ ਕਿਹਾ ਕਿ ਮੇਰਾ ਜੀਵਨ ਅਤੇ ਵਿਚਾਰ ਚੱਬੇਵਾਲ ਅਤੇ ਹੁਸ਼ਿਆਰਪੁਰ ਦੇ ਵਿਕਾਸ ਨੂੰ ਸਮਰਪਿਤ ਹਨ। ਉਹਨਾਂ ਦੱਸਿਆ ਕਿ ਉਹ ਪਿਛਲੇ 15 ਸਾਲਾਂ ਤੋਂ ਹਲਕਾ ਚੱਬੇਵਾਲ ਦੀ ਸੇਵਾ ਵਿੱਚ ਲੱਗੇ ਹੋਏ ਹਨ ਅਤੇ ਇਸ ਇਲਾਕੇ ਨੂੰ ਇੱਕ ਆਦਰਸ਼ ਹਲਕਾ ਬਣਾਉਣ ਦਾ ਸੰਕਲਪ ਲਿਆ ਹੈ।ਉਨ੍ਹਾਂ ਕਿਹਾ ਕਿ ਪਿਛਲੇ ਦੋ ਮਹੀਨਿਆਂ ਦੌਰਾਨ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਹਿਯੋਗ ਨਾਲ ਹਲਕਾ ਚੱਬੇਵਾਲ ਵਿੱਚ 50 ਕਰੋੜ ਰੁਪਏ ਦੀ ਲਾਗਤ ਨਾਲ ਕਈ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਇਸ ਮੌਕੇ ਡਾ.ਇਸ਼ਾਂਕ ਚੱਬੇਵਾਲ ਨੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਇੱਕ ਅਹਿਮ ਉਪਰਾਲਾ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਉਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੀ ਸੋਚ ਤੋਂ ਪ੍ਰੇਰਿਤ ਹੋ ਕੇ ਇਹ ਕਦਮ ਚੁੱਕ ਰਹੇ ਹਨ। ਸੰਸਦ ਮੈਂਬਰ ਡਾ: ਚੱਬੇਵਾਲ ਨੇ ਕਿਹਾ ਕਿ ਜਨਤਾ ਦਾ ਸਹਿਯੋਗ ਅਤੇ ਦੁਆਵਾਂ ਹੀ ਇਸ ਵਿਕਾਸ ਯਾਤਰਾ ਦਾ ਆਧਾਰ ਹਨ ਅਤੇ ਉਹ ਇਲਾਕੇ ਦੀ ਤਰੱਕੀ ਲਈ ਹਮੇਸ਼ਾ ਸਮਰਪਿਤ ਰਹਿਣਗੇ।

# ਭਗਵਾਨ ਵਾਲਮੀਕਿ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਸਰਕਾਰ ਪੰਚਾਇਤੀ ਚੋਣਾਂ ਅੱਗੇ ਪਾਏ : ਸਾਬੀ, ਘਾਰੂ



**ਕਾਲਾ ਸੰਘਿਆਂ (ਮਨਜੀਤ ਮਾਨ)**- ਅੱਜ ਇਥੇ ਸਭ ਦਾ ਮਾਲਿਕ ਏਕ ਹੈ ਜਥੇਬੰਦੀ ਦੇ ਸੂਬਾ ਪ੍ਰਧਾਨ ਸਾਬੀ ਆਦਿਵਾਸੀ ਤੇ ਸੂਬਾ ਚੇਅਰਮੈਨ ਵਿਜੇ ਘਾਰੂ ਨੇ ਪ੍ਰੈੱਸ ਦੇ ਨਾਂਅ ਇਕ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਅਕਤੂਬਰ ਮਹੀਨੇ ਵਿੱਚ ਭਗਵਾਨ ਵਾਲਮੀਕਿ ਮਹਾਰਾਜ ਦਾ ਪ੍ਰਕਾਸ਼ ਪੁਰਬ ਵਾਲਮੀਕਿ ਸਮਾਜ ਤੇ ਵਾਲਮੀਕਿ ਨਾਮ ਲੇਵਾ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਦੇ ਨਾਲ ਮਨਾਇਆ ਜਾ ਰਿਹਾ ਹੈ। ਉਕਤ ਆਗੂਆਂ ਨੇ ਕਿਹਾ ਕਿ ਭਗਵਾਨ ਵਾਲਮੀਕਿ ਸੰਗਤਾਂ ਵੱਲੋਂ ਭਗਵਾਨ ਵਾਲਮੀਕਿ ਮਹਾਰਾਜ ਦੀ ਸ਼ੋਭਾ ਯਾਤਰਾ, ਪ੍ਰਭਾਤ ਫੇਰੀਆਂ, ਸਤਿਸੰਗ ਕਈ ਕਈ ਦਿਨ ਪਹਿਲਾਂ ਸ਼ੁਰੂ ਹੋ ਜਾਂਦੇ ਹਨ ਜਿਸ ਦੌਰਾਨ ਲੋਕ ਸ਼ਰਾਬ, ਮੀਟ ਦਾ ਸੇਵਨ ਕਰਦੇ ਹਨ ਜਿਸ ਨਾਲ ਲੱਖਾਂ ਹੀ ਵਾਲਮੀਕਿ ਸਮਾਜ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। ਉਕਤ ਆਗੂਆਂ ਨੇ ਆਪ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਅਕਤੂਬਰ ਮਹੀਨੇ ਵਿੱਚ ਕਰਵਾਈਆਂ ਜਾ ਰਹੀਆਂ ਪੰਚਾਇਤੀ ਚੋਣਾਂ ਭਗਵਾਨ ਵਾਲਮੀਕਿ ਮਹਾਰਾਜ ਦੇ ਪ੍ਰਕਾਸ਼ ਪੁਰਬ ਤੋਂ ਬਾਅਦ ਵਿੱਚ ਕਰਵਾਈਆਂ ਜਾਣ ਉਕਤ ਆਗੂਆਂ ਨੇ ਆਪ ਸਰਕਾਰ ਨੂੰ ਚਿਤਾਵਨੀ ਦਿੰਦਿਆਂ। ਕਿਹਾ ਕਿ ਜੇਕਰ ਆਪ ਸਰਕਾਰ ਨੇ ਪੰਚਾਇਤੀ ਚੋਣਾਂ ਅੱਗੇ ਨਾ ਪਾਈਆਂ ਤਾਂ ਵਾਲਮੀਕਿ ਸਮਾਜ ਇਸ ਦਾ ਸਖ਼ਤ ਵਿਰੋਧ ਕਰੇਗਾ ਤੇ ਪੰਚਾਇਤੀ ਚੋਣਾਂ ਦਾ ਬਾਈਕਾਟ ਕਰੇਗਾ। ਉਕਤ ਆਗੂਆਂ ਨੇ ਵਾਲਮੀਕਿ ਸਮਾਜ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਆਪ ਸਰਕਾਰ ਨੇ ਅਕਤੂਬਰ ਮਹੀਨੇ ਵਿੱਚ ਪੰਚਾਇਤੀ ਚੋਣਾਂ ਕਰਵਾਈਆਂ ਤਾਂ ਵਾਲਮੀਕਿ ਸਮਾਜ, ਲੋਕ ਚੋਣਾਂ ਵਿੱਚ ਆਪਣੀ ਦਿਲਚਸਪੀ ਨਾ ਦਿਖਾਉਣ।

# ਨੋ-ਪਾਰਕਿੰਗ 'ਚ ਲੱਗੇ ਵਾਹਨਾਂ ਦੇ ਚਲਾਨ ਕੱਟੇ



**ਭੁਲੱਥ, (ਮਨਪ੍ਰੀਤ ਸਿੰਘ)**-ਟਰੈਫਿਕ ਇੰਚਾਰਜ ਏ.ਐਸ.ਆਈ ਸੁਖਵਿੰਦਰ ਸਿੰਘ ਤੇ ਏ.ਐਸ.ਆਈ ਗੁਰਦੀਪ ਸਿੰਘ ਵਲੋਂ ਸਬ ਡਵੀਜ਼ਨ ਕਸਬਾ ਭੁਲੱਥ ਦੇ ਜੁਡੀਸ਼ੀਅਲ ਕੋਰਟ ਕੰਪਲੈਕਸ ਦੇ ਸਾਹਮਣੇ ਨੋ-ਪਾਰਕਿੰਗ ਵਿੱਚ ਲੱਗੀਆਂ ਗੱਡੀਆਂ ਦੇ ਚਲਾਨ ਕੱਟੇ ਗਏ। ਇਸ ਮੌਕੇ ਟਰੈਫਿਕ ਇੰਚਾਰਜ ਏ.ਐਸ.ਆਈ ਸੁਖਵਿੰਦਰ ਸਿੰਘ ਤੇ ਏ.ਐਸ.ਆਈ ਗੁਰਦੀਪ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਜੁਡੀਸ਼ੀਅਲ ਕੋਰਟ ਕੰਪਲੈਕਸ ਦੇ ਸਾਹਮਣੇ ਕੰਧ 'ਤੇ ਨੋ-ਪਾਰਕਿੰਗ ਲਿਖਿਆ ਹੋਇਆ ਹੈ ਪਰ ਲੋਕ ਫਿਰ ਵੀ ਇਸ ਜਗ੍ਹਾ 'ਤੇ ਵਾਹਨ ਖੜ੍ਹੇ ਕਰ ਜਾਂਦੇ ਹਨ, ਜਿਸ ਕਾਰਨ ਜਾਮ ਲਗਦਾ ਹੈ ਤੇ ਟਰੈਫਿਕ ਸਮੱਸਿਆ ਪੈਦਾ ਹੁੰਦੀ ਹੈ, ਜਿਸ ਕਰਕੇ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ।

# ਡਾ. ਗੌਰਵ ਪਰਾਸ਼ਰ, ਵਿਸ਼ਵ ਦੇ ਚੋਟੀ ਦੇ ਵਿਗਿਆਨੀਆਂ 'ਚ ਸ਼ਾਮਲ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਰਿਆਤ ਬਾਹਰਾ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਨੈਨੋਟੈਕਨਾਲੋਜੀ, ਹੁਸ਼ਿਆਰਪੁਰ ਦੇ ਮਕੈਨੀਕਲ ਇੰਜਨੀਅਰਿੰਗ ਵਿਭਾਗ ਦੇ ਮੁਖੀ ਡਾ. ਗੌਰਵ ਪਰਾਸ਼ਰ ਸਟੈਨਫੋਰਡ ਯੂਨੀਵਰਸਿਟੀ ਅਤੇ ਐਲਸੇਵੀਅਰ ਦੁਆਰਾ ਜਾਰੀ ਕੀਤੀ ਗਈ ਰੈਂਕਿੰਗ ਵਿੱਚ ਵਿਸ਼ਵ ਪੱਧਰ ਦੇ ਚੋਟੀ ਦੇ 2% ਵਿਗਿਆਨੀਆਂ ਵਿੱਚ ਸ਼ਾਮਲ ਹੋਏ ਹਨ।ਇਹ ਦਰਜਾਬੰਦੀ ਹਰ ਸਾਲ ਸਤੰਬਰ ਵਿੱਚ ਜਾਰੀ ਕੀਤੀ ਜਾਂਦੀ ਹੈ ਅਤੇ ਇਸ ਵਿੱਚ 22 ਸੈਕਟਰ ਅਤੇ 176 ਉਪ-ਖੇਤਰ ਸ਼ਾਮਲ ਹੁੰਦੇ ਹਨ। ਡਾ. ਪਰਾਸ਼ਰ ਨੂੰ ਸਮੱਗਰੀ ਸ਼੍ਰੇਣੀ ਵਿੱਚ ਇਹ ਸਨਮਾਨ ਪ੍ਰਾਪਤ ਹੋਇਆ ਹੈ, ਜੋ ਉਨ੍ਹਾਂ ਦੀ ਖੋਜ ਅਤੇ ਅਕਾਦਮਿਕ ਉੱਤਮਤਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਡਾ: ਗੌਰਵ ਪਰਾਸ਼ਰ ਨੂੰ ਇਸ ਵਿਲੱਖਣ ਪ੍ਰਾਪਤੀ 'ਤੇ ਵਧਾਈ ਦਿੱਤੀ। ਇਸ ਮੌਕੇ ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਵੀ ਉਨ੍ਹਾਂ ਨੂੰ ਵਧਾਈ ਦਿੱਤੀ। ਡਾ. ਗੁਰਜੀਤ ਸਿੰਘ, ਪ੍ਰਿੰਸੀਪਲ, ਰਿਆਤ ਬਾਹਰਾ ਇੰਸਟੀਚਿਊਟ ਆਫ਼ ਇੰਜਨੀਅਰਿੰਗ ਅਤੇ ਨੈਨੋਟੈਕਨਾਲੋਜੀ, ਨੇ ਕਿਹਾ, ਇਹ ਪ੍ਰਾਪਤੀ ਸਾਡੇ ਸੰਸਥਾਨ ਵਿੱਚ ਉੱਚ ਅਕਾਦਮਿਕ ਮਿਆਰਾਂ ਨੂੰ ਕਾਇਮ ਰੱਖਣ ਲਈ ਸਾਡੇ ਯਤਨਾਂ ਨੂੰ ਦਰਸਾਉਂਦੀ ਹੈ ਉੱਤਮਤਾ ਵੱਲ ਵਧਣ ਵਾਲੀ ਹੈ।

# ਜ਼ਿਲ੍ਹੇ 'ਚ 20 ਬੇਲਰ ਤੇ ਰੈਕ ਮਸ਼ੀਨਾਂ ਉਪਲੱਬਧ, 17 ਹੋਰ ਮਸ਼ੀਨਾਂ ਦੀ ਮੰਗ ਆਈ : ਡੀ ਸੀ



**ਮੋਹਾਲੀ, (ਗੁਰਜੀਤ ਬਿੱਲਾ)** ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਇਸ ਦੀ ਸੁਚੱਜੀ ਸਾਂਭ ਸੰਭਾਲ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਐੱਸ.ਏ.ਐੱਸ.ਨਗਰ ਦੁਆਰਾ ਸਬਸਿਡੀ 'ਤੇ ਦਿੱਤੀਆਂ ਗਈਆਂ ਪਰਾਲੀ ਦੀਆਂ ਗੰਢਾਂ ਬਣਾਉਣ ਵਾਲੀਆਂ ਬੇਲਰ ਅਤੇ ਰੇਕ ਮਸ਼ੀਨਾਂ ਨੂੰ ਜਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਕੰਮ ਦੀ ਸ਼ੁਰੂਆਤ ਕਰਨ ਲਈ ਡਿਪਟੀ ਕਮਿਸ਼ਨਰ ਐੱਸ.ਏ.ਐੱਸ.ਨਗਰ ਸ਼੍ਰੀਮਤੀ ਆਸ਼ਿਕਾ ਜੈਨ ਆਈ.ਏ.ਐਸ. ਨੇ ਵਿਰਾਜ ਐਸ. ਤਿੜਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਤੇ ਉਪ ਮੰਡਲ ਮੈਜਿਸਟਰੇਟ ਐੱਸ.ਏ.ਐੱਸ.ਨਗਰ ਦੀਪਾਂਕਰ ਗਰਗ ਦੀ ਹਾਜਰੀ ਵਿੱਚ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਐੱਸ ਏ ਐੱਸ ਨਗਰ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਡਿਪਟੀ ਕਮਿਸ਼ਨਰ ਐੱਸ.ਏ.ਐੱਸ.ਨਗਰ ਨੇ ਦੱਸਿਆ ਕਿ ਕੁਲਵਿੰਦਰ ਸਿੰਘ ਪਿੰਡ ਸੋਹਾਣਾ ਦੀ ਸਮੂਹ ਟੀਮ ਵੱਲੋਂ ਲਗਭਗ 6 ਬੇਲਰ ਅਤੇ ਰੇਕ ਮਸ਼ੀਨਾਂ ਨਾਲ ਕਿਸਾਨਾਂ ਪਾਸੋਂ ਬਿਨਾਂ ਕੋਈ ਖਰਚਾ ਲਿਆਂ ਪਰਾਲੀ ਦੀਆਂ ਗੰਢਾਂ ਬਣਾਈਆਂ ਜਾਣੀਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹੇ ਵਿੱਚ ਸਾਲ 2023-24 ਤੱਕ 20 ਬੇਲਰ ਅਤੇ ਰੈਕ ਮਸ਼ੀਨਾਂ ਉਪਲਬੱਧ ਸਨ ਅਤੇ ਇਸ ਸਾਲ 17 ਹੋਰ ਮਸ਼ੀਨਾਂ ਵੱਖ-ਵੱਖ ਕਿਸਾਨਾਂ/ਕਿਸਾਨ ਗਰੁੱਪਾਂ/ ਸਹਿਕਾਰੀ ਸਭਾਵਾਂ ਵੱਲੋਂ ਸਰਕਾਰ ਦੁਆਰਾ ਤਿਆਰ ਕੀਤੇ ਗਏ ਮਸ਼ੀਨਰੀ ਸਬੰਧੀ ਆਨਲਾਈਨ ਪੋਰਟਲ ਰਾਹੀਂ ਅਪਲਾਈ ਕੀਤੀਆਂ ਗਈਆਂ ਹਨ।ਇਸ ਮੌਕੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਐੱਸ.ਏ.ਐੱਸ.ਨਗਰ ਦੇ ਡਾ. ਗੁਰਦਿਆਲ ਕੁਮਾਰ ਖੇਤੀਬਾੜੀ ਵਿਕਾਸ ਅਫਸਰ, ਸ਼੍ਰੀ ਲਖਵਿੰਦਰ ਸਿੰਘ, ਜੂਨੀਅਰ ਤਕਨੀਸੀਅਨ, ਕਮਲਦੀਪ ਸਿੰਘ ਅਤੇ ਮਨਜੀਤ ਸਿੰਘ ਏ.ਟੀ.ਐਮ. ਹਾਜਰ ਸਨ।

# ਸਿਲਵਰ ਓਕ ਦੀ ਅੰਡਰ 19 ਟੀਮ ਨੇ ਪੁਜੀਸ਼ਨ ਹਾਸਲ ਕਰਕੇ ਇਲਾਕੇ ਦਾ ਨਾਂਅ ਕੀਤਾ ਰੌਸ਼ਨ




**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**-ਸਿਲਵਰ ਓਕ ਇੰਟਰਨੈਸ਼ਨਲ ਸੀਨੀ. ਸੈਕੰ. ਸਕੂਲ, ਸ਼ਾਹਬਾਜ਼ਪੁਰ ਖੇਡਾਂ ਨੂੰ ਬੜਾਵਾ ਦੇਣ ਦੀ ਲਗਾਤਾਰ ਕੋਸ਼ਿਸ਼ਾਂ ਵਿੱਚ ਰਹਿੰਦਾ ਹੈ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿੱਚ ਸੀ.ਬੀ.ਐਸ.ਈ ਨੌਰਥ ਜ਼ੋਨ 2 ਟੈਨਿਸ ਚੈਂਪੀਅਨਸ਼ਿਪ ਸਫਲਤਾ ਪੂਰਵਕ ਸੰਪੰਨ ਹੋਈ। ਸੰਸਥਾ ਤੇ ਖੇਡ ਵਿਭਾਗ ਦੀ ਅਗਵਾਈ ਦੇ ਵਿੱਚ ਸੰਪੰਨ ਹੋਈ ਇਸ ਚੈਂਪੀਅਨਸ਼ਿਪ ਦੇ ਵਿੱਚ ਜੰਮੂ ਕਸ਼ਮੀਰ, ਪੰਜਾਬ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਰਾਜਾਂ ਦੇ ਖਿਡਾਰੀਆਂ ਨੇ ਹਿੱਸਾ ਲਿਆ। ਪ੍ਰਿੰਸੀਪਲ ਸੰਗਰ ਨੇ ਦੱਸਿਆ ਕਿ ਅੰਡਰ 14 ਕੈਟਾਗਰੀ 'ਚ ਲੜਕੀਆਂ 'ਚ ਹੰਸਰਾਜ ਪਬਲਿਕ ਸਕੂਲ ਪੰਚਕੂਲਾ ਪਹਿਲੇ, ਲਿਟਲ ਐਂਜਲ ਸਕੂਲ ਸੋਨੀਪਤ ਦੂਸਰੇ ਤੇ ਕੈਂਬਰਿਜ ਇਨੋਵੇਟਿਵ ਫਗਵਾੜਾ ਦੇ ਨਾਲ ਕੈਂਬਰਿਜ ਇਨੋਵੇਟਿਵ ਸਕੂਲ ਜਲੰਧਰ ਨੇ ਤੀਸਰਾ ਸਥਾਨ ਸਾਂਝਾ ਕੀਤਾ। ਅੰਡਰ 17 ਲੜਕੀਆਂ ਦੇ ਮੁਕਾਬਲਿਆਂ ਦੇ ਵਿੱਚ ਸਤਲੁਜ ਪਬਲਿਕ ਸਕੂਲ ਸਿਰਸਾ ਪਹਿਲੇ, ਸੈਕਰਡ ਹਾਰਟ ਕਾਨਵੈਂਟ ਸਕੂਲ ਜਗਾਧਰੀ ਦੂਸਰੇ ਅਤੇ ਕੈਂਬਰਿਜ ਇੰਟਰਨੈਸ਼ਨਲ ਸਕੂਲ ਜਲੰਧਰ ਅਤੇ ਡੀ ਏ ਵੀ ਪਬਲਿਕ ਸਕੂਲ ਗੁੜਗਾਵਾਂ ਨੇ ਤੀਸਰਾ ਸਥਾਨ ਸਾਂਝੇ ਤੌਰ 'ਤੇ ਜਿੱਤਿਆ। ਉਧਰ ਅੰਡਰ 19 ਲੜਕੀਆਂ ਦੇ ਮੁਕਾਬਲਿਆਂ ਦੇ ਵਿੱਚ ਦਿੱਲੀ ਪਬਲਿਕ ਸਕੂਲ ਫਰੀਦਾਬਾਦ ਪਹਿਲੇ, ਅਜੰਤਾ ਪਬਲਿਕ ਸਕੂਲ ਗੁੜਗਾਵਾਂ ਦੂਸਰੇ ਤੇ ਕੈਂਬਰਿਜ ਇੰਟਰਨੈਸ਼ਨਲ ਸਕੂਲ ਫਗਵਾੜਾ ਦੇ ਨਾਲ ਮਾਡਰਨ ਵਿਗਿਆ ਨਿਕੇਤਨ ਫਰੀਦਾਬਾਦ ਨੇ ਤੀਸਰਾ ਸਥਾਨ ਸਾਂਝੇ ਤੌਰ 'ਤੇ ਹਾਸਲ ਕੀਤਾ। ਲੜਕਿਆਂ 'ਚ ਅੰਡਰ 14 ਕੈਟਾਗਰੀ 'ਚ ਮਾਡਰਨ ਸਕੂਲ ਸੋਨੀਪਤ ਪਹਿਲੇ, ਦਿੱਲੀ ਪਬਲਿਕ ਸਕੂਲ ਕਰਨਾਲ ਦੂਸਰੇ ਅਤੇ ਤੀਸਰਾ ਸਥਾਨ ਦੁਰਗਾ ਪਬਲਿਕ ਸਕੂਲ ਸੋਲਨ ਅਤੇ ਗਿਆਨ ਗੰਗਾ ਗਲੋਬਲ ਸਕੂਲ ਸੋਨੀਪਤ ਨੇ ਸਾਂਝਾ ਕੀਤਾ। ਇਸੇ ਤਰ੍ਹਾਂ ਲੜਕਿਆਂ ਦੇ ਅੰਡਰ 17 ਮੁਕਾਬਲੇ ਦੇ ਵਿੱਚ ਸ਼ਿਵਾਲਿਕ ਪਬਲਿਕ ਸਕੂਲ ਰੋਪੜ ਪਹਿਲੇ ਸਥਾਨ, ਦਿੱਲੀ ਪਬਲਿਕ ਸਕੂਲ ਕਰਨਾਲ ਦੂਸਰੇ ਅਤੇ ਤੀਸਰਾ ਸਥਾਨ ਸਾਂਝੇ ਤੌਰ 'ਤੇ ਦੁਰਗਾ ਪਬਲਿਕ ਸਕੂਲ ਸੋਲਨ ਅਤੇ ਲਿਟਲ ਐਂਜਲ ਸਕੂਲ ਸੋਨੀਪਤ ਨੇ ਹਾਸਲ ਕੀਤਾ। ਅੰਡਰ 19 ਲੜਕਿਆਂ ਦੇ ਮੁਕਾਬਲਿਆਂ 'ਚ ਅਜੰਤਾ ਪਬਲਿਕ ਸਕੂਲ ਗੁੜਗਾਵਾਂ ਪਹਿਲੇ, ਲਿਟਲ ਇੰਜਰ ਸਕੂਲ ਸੋਨੀਪਤ ਨੇ ਦੂਸਰਾ ਅਤੇ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਹਬਾਜ਼ਪੁਰ ਅਤੇ ਸਪਰਿੰਗ ਡੇਲ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਸਾਂਝੇ ਤੌਰ 'ਤੇ ਤੀਸਰੇ ਸਥਾਨ 'ਤੇ ਕਾਬਜ਼ ਹੋਏ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਹੁਸ਼ਿਆਰਪੁਰ ਲਲਿਤਾ ਅਰੋੜਾ ਬੱਚਿਆਂ ਦੀ ਹੌਸਲਾ ਵਧਾਉਣ ਅਤੇ ਉਹਨਾਂ ਨੂੰ ਇਨਾਮ ਤਕਸੀਮ ਕਰਨ ਲਈ ਖਾਸ ਤੌਰ 'ਤੇ ਹਾਜ਼ਰ ਹੋਏ। ਉਹਨਾਂ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਹੋਣ ਲਈ ਕਿਹਾ ਅਤੇ ਉਹਨਾਂ ਨੇ ਦੱਸਿਆ ਕਿ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ। ਚੇਅਰਮੈਨ ਤਰਲੋਚਨ ਸਿੰਘ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਘਰ ਨੇ ਮੁੱਖ ਮਹਿਮਾਨ ਸਾਹਿਬਾ ਦਾ ਇਸ ਚੈਂਪੀਅਨਸ਼ਿਪ ਵਿੱਚ ਆਉਣ 'ਤੇ ਬਹੁਤ ਧੰਨਵਾਦ ਕੀਤਾ। ਇਸ ਮੌਕੇ ਚੇਅਰਪਰਸਨ ਮੈਡਮ ਕਮਲੇਸ਼ ਕੌਰ, ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਰਿਸੋਰਸ ਕੋਰਡੀਨੇਟਰ ਬਿਕਰਮਜੀਤ ਸਿੰਘ, ਖੇਡ ਵਿਭਾਗ ਦੇ ਮੁਖੀ ਸੰਜੀਵ ਕੁਮਾਰ ਸ਼ਰਮਾ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਰਾਜਵੀਰ ਕੌਰ ਅਤੇ ਹੋਰ ਸਟਾਫ ਵੀ ਮੌਜੂਦ ਸੀ।

# ਫਿਲੌਰ ਟਰੈਫਿਕ ਪੁਲਸ ਵੱਲੋਂ ਨਾਕੇ ਦੌਰਾਨ ਕੱਟੇ ਜਾ ਰਹੇ ਨੇ ਚਲਾਨ



**ਫਿਲੌਰ (ਨਿਰਮਲ)** ਸਬ ਡਿਵੀਜ਼ਨ ਫਿਲੌਰ ਇੰਸਪੈਕਟਰ ਕੇਵਲ ਸਿੰਘ ਨੇ ਟਰੈਫਿਕ ਦੀ ਉਲੰਘਣਾ ਕਰਨ ਵਾਲਿਆਂ ਨੂੰ ਨੱਥ ਪਾਉਣ ਲਈ ਲੁਧਿਆਣੇ ਨੂੰ ਜਾ ਰਹੇ ਰਸਤੇ ਤੇ ਫਿਲੌਰ ਪੁਲ ਦੇ ਹੇਠ ਲਗਾਇਆ ਨਾਕਾ।ਇੰਸਪੈਕਟਰ ਕੇਵਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਦੱਸਿਆ ਕਿ ਟਰੈਫਿਕ ਦੀ ਉਲੰਘਣਾ ਕਰ ਰਹੇ ਨੌਜਵਾਨਾਂ ਨੂੰ ਰੋਕ ਕੇ ਚਲਾਨ ਕੱਟੇ ਗਏ ਅਤੇ ਨਾਲ ਹੀ ਟਰਿਪਲਿੰਗ ਕਰਨੇ ਵਾਲਿਆਂ ਨੂੰ ਰੋਕ ਕੇ ਚੈਕਿੰਗ ਦੌਰਾਨ ਚਲਾਨ ਕੱਟੇ ਜਾ ਰਹੇ ਹਨ ਅਤੇ ਬੁਲਟ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਟਾਕੇ ਮਾਰਨ ਵਾਲਿਆਂ ਦੇ ਮੋਟਰਸਾਈਕਲ ਬੌਂਡ ਅਤੇ ਮੋਟੇ ਚਲਾਣ ਕੱਟੇ ਜਾ ਰਹੇ ਹਨ।ਨਾਕੇ ਦੌਰਾਨ ਸ਼ੱਕੀ ਵਹਨਾਂ ਨੂੰ ਘੇਰ ਕੇ ਚੈਕਿੰਗ ਕੀਤੀ ਜਾ ਰਹੀ ਹੈ ਜਿਸ ਦੌਰਾਨ ਕਈ ਨੌਜਵਾਨਾ ਦਾ ਬੈਕਗਰਾਊਂਡ ਚੈਕਿੰਗ ਦੌਰਾਨ ਪਤਾ ਚੱਲਦਾ ਹੈ ਕਿ ਉਹਨਾਂ ਦੇ ਕ੍ਰਿਮੀਨਲ ਰਿਕਾਰਡ ਪਹਿਲਾਂ ਤੋਂ ਹੀ ਦੋ ਦੋ ਚੋਰੀ ਦੇ ਪਰਚੇ ਪਾਏ ਜਾ ਰਹੇ ਹਨ। ਇਸ ਤਰਾਂ ਚੈਕਿੰਗ ਦੌਰਾਨ ਚੋਰੀ ਦੀਆਂ ਵਾਰਦਾਤਾਂ ਅਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਨੱਥ ਪਾਈ ਜਾ ਰਹੀ ਹੈ ਨਾਲ ਹੀ ਟਰੈਫਿਕ ਪੁਲਸ ਵੱਲੋਂ ਹਰ ਪਰਿਵਾਰਿਕ ਮੈਂਬਰਾਂ ਨੂੰ ਅਪੀਲ ਹੈ ਕਿ 18 ਸਾਲ ਦੀ ਘੱਟ ਉਮਰ ਦੇ ਬੱਚਿਆਂ ਨੂੰ ਕੋਈ ਵੀ ਵਾਹਨ ਚਲਾਉਣ ਨੂੰ ਨਾ ਦਿੱਤਾ ਜਾਵੇ, ਨਹੀਂ ਤਾਂ ਜੁਰਮਾਨੇ ਦੇ ਨਾਲ ਸਜਾ ਮਾਤਾ ਜਾ ਪਿਤਾ ਨੂੰ ਭੁਕਤਣੀ ਪੈ ਸਕਦੀ ਹੈ।

# ਆਰ ਬੀ ਯੂ ਦੇ ਵਿਦਿਆਰਥੀ ਯੂਥ ਰੈੱਡ ਕਰਾਸ ਦਿਵਸ ਸਮਾਗਮ 'ਚ ਹੋਏ ਸ਼ਾਮਲ




**ਮੋਹਾਲੀ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਸਟਾਫ਼ ਅਤੇ ਵਿਦਿਆਰਥੀਆਂ ਨੇ ਚੰਡੀਗੜ੍ਹ ਦੀ ਯੂਥ ਰੈੱਡ ਕਰਾਸ ਸੋਸਾਇਟੀ ਵੱਲੋਂ ਆਯੋਜਿਤ ਯੂਥ ਰੈੱਡ ਕਰਾਸ ਦਿਵਸ ਸਮਾਰੋਹ ਵਿੱਚ ਹਿੱਸਾ ਲਿਆ, ਜਿਸ ਨੂੰ ਮਹਾਨ ਭਾਈ ਘਨੱਈਆ ਜੀ ਨੂੰ ਸ਼ਰਧਾਂਜਲੀ ਦੇ ਤੌਰ 'ਤੇ ਮਨਾਇਆ ਗਿਆ। ਇਹ ਦੋ ਰੋਜ਼ਾ ਸਮਾਗਮ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਆਨੰਦਪੁਰ ਸਾਹਿਬ ਵਿਖੇ ਹੋਇਆ ਜਿਸ ਵਿੱਚ ਪੰਜਾਬ ਭਰ ਦੇ ਕਾਲਜਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਯੂਨੀਵਰਸਿਟੀ ਸਕੂਲ ਆਫ਼ ਅਲਾਈਡ ਹੈਲਥ ਸਾਇੰਸਿਜ਼, ਸਕੂਲ ਆਫ਼ ਫਿਜ਼ੀਓਥੈਰੇਪੀ ਅਤੇ ਰੇਡੀਓਲੋਜੀ ਅਤੇ ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਇਸ ਸਮਾਗਮ ਵਿੱਚ ਸਮੂਲੀਅਤ ਕੀਤੀ।ਇਸ ਮੌਕੇ ਭਾਰਤੀ ਰੈੱਡ ਕਰਾਸ ਸੁਸਾਇਟੀ ਪੰਜਾਬ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਮਹਿਮਾਨਾਂ ਦਾ ਨਿੱਘਾ ਸੁਆਗਤ ਕੀਤਾ ਅਤੇ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ ਦੀਆਂ ਪੇਸ਼ਕਾਰੀਆਂ ਨਾਲ ਧਰਮ ਨਿਰਪੱਖ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਸੰਸਥਾ ਦੇ ਸਮਰਪਣ ਬਾਰੇ ਚਾਨਣਾ ਪਾਇਆ।ਸਮਾਗਮ ਵਿੱਚ ਪੋਸਟਰ ਮੇਕਿੰਗ, ਕਵਿਤਾ ਪਾਠ, ਸਮੂਹ ਗੀਤ, ਪੰਜਾਬੀ ਲੋਕ ਗੀਤ, ਫਸਟ ਏਡ ਡੈਮੋ ਅਤੇ ਲਿਖਤੀ ਕੁਇਜ਼ ਦੇ ਮੁਕਾਬਲੇ ਹੋਏ।ਸ਼ਿਵਦੁਲਾਰ ਸਿੰਘ ਢਿੱਲੋਂ ਨੇ ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ ।ਬੀਪੀਟੀ ਪਹਿਲੇ ਸਮੈਸਟਰ ਦੀ ਸ਼ੋਭਿਤਾ ਨੇ ਕਵਿਤਾ ਉਚਾਰਨ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਰਾਵੀਆ ਖਾਨ, ਆਸ਼ੂਤੋਸ਼ ਤ੍ਰਿਪਾਠੀ, ਚੈਤੰਨਿਆ, ਪੀਯੂਸ਼,ਸਕੂਲ ਅਲਾਈਡ ਹੈਲਥ ਸਾਇੰਸਿਜ਼ ਅਤੇ ਸਕੂਲ ਆਫ਼ ਫਿਜ਼ੀਓਥੈਰੇਪੀ ਅਤੇ ਰੇਡੀਓਲੋਜੀ ਨੇ ਫਸਟ ਏਡ ਡੈਮੋ ਈਵੈਂਟ

# ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਭਾਈ ਲਾਲੋ ਦਾ ਸੂਬਾ ਪੱਧਰੀ ਆਗਮਨ ਪੁਰਬ ਮਨਾਇਆ



**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)** ਰਾਮਗੜ੍ਹੀਆ ਸਿੱਖ ਆਰਗਨਾਈਜੇਸ਼ਨ ਇੰਡੀਆ ਵੱਲੋਂ ਬ੍ਰਹਮ ਗਿਆਨੀ ਭਾਈ ਲਾਲੋ ਜੀ ਦਾ ਆਗਮਨ ਪੁਰਬ ਸੰਬੰਧੀ ਸੂਬਾ ਪੱਧਰੀ ਸਮਾਗਮ ਗੁਰਦੁਆਰਾ ਰਾਮਗੜ੍ਹੀਆ ਸਾਹਿਬ ਹੁਸ਼ਿਆਰਪੁਰ ਵਿੱਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਇਲਾਵਾ ਰਾਜਸਥਾਨ, ਦਿੱਲੀ, ਜੰਮੂ, ਹਰਿਆਣਾ ਸੂਬਿਆਂ ਤੋਂ ਵੱਡੀ ਗਿਣਤੀ ਵਿੱਚ ਰਾਮਗੜ੍ਹੀਆ ਭਾਈਚਾਰੇ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਸਾਬਕਾ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ, ਸੰਤ ਬਾਬਾ ਸਰਬਜੋਤ ਸਿੰਘ ਜੀ ਬੇਦੀ ਚੇਅਰਮੈਨ ਸੰਤ ਸਮਾਜ ਅਤੇ ਵਿਸ਼ੇਸ਼ ਮਹਿਮਾਨ ਵਜੋਂ ਐਚਐਸ ਹੰਸਪਾਲ ਚੇਅਰਮੈਨ ਪੇਡਾ, ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ, ਇੰਦਰਜੀਤ ਸਿੰਘ ਬੱਬੂ ਸਾਬਕਾ ਰਾਸ਼ਟਰਪਤੀ ਸ਼ਾਮਿਲ ਹੋਏ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਸਜਾਏ ਕੀਰਤਨ ਦੀਵਾਨ ਵਿੱਚ ਸੰਤ ਬਾਬਾ ਰਣਜੀਤ ਸਿੰਘ ਜੀ ਮੁੱਖ ਸੇਵਾਦਾਰ ਗੁਰਦੁਆਰਾ ਸ਼ਹੀਦ ਸਿੰਘਾ, ਭਾਈ ਸਤਿੰਦਰ ਸਿੰਘ ਆਲਮ, ਭਾਈ ਮਨਪ੍ਰੀਤ ਸਿੰਘ ਸ਼ੇਰਪੁਰ, ਭਾਈ ਗੁਰਿੰਦਰ ਸਿੰਘ ਸਲਵਾੜਾ ਨੇ ਰਸਭਿੰਨਾ ਕੀਰਤਨ ਕੀਤਾ। ਰਾਮਗੜ੍ਹੀਆ ਸਿੱਖ ਔਰਗੇਨਾਈਜੇਸ਼ਨ ਇੰਡੀਆ ਵੱਲੋਂ ਹਰਦੇਵ ਸਿੰਘ ਕੌਂਸਲ ਪ੍ਰਧਾਨ ਇੰਡੀਆ ਦੀ ਅਗਵਾਈ ਹੇਠ ਕਰਵਾਏ ਇਸ ਸੂਬਾ ਪੱਧਰੀ ਸਮਾਗਮ ਦੌਰਾਨ 'ਬ੍ਰਹਮ ਗਿਆਨੀ ਭਾਈ ਲਾਲੋ ਜੀ ਐਵਾਰਡ 2024' ਪੰਜਾਬ ਦੇ ਪ੍ਰਸਿੱਧ ਉਦਯੋਗਪਤੀ ਅਤੇ ਧਾਰਮਿਕ ਤੇ ਸਮਾਜਿਕ ਸ਼ਖਸ਼ੀਅਤ ਭਾਈ ਨਛੱਤਰ ਸਿੰਘ ਭਰੀ ਹੰਡਿਆਇਆ ਨੂੰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਸਾਬਕਾ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ, ਸੰਤ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਚੇਅਰਮੈਨ ਸੰਤ ਸਮਾਜ ਵੱਲੋਂ ਆਪਣੇ ਕਰ ਕਮਲਾਂ ਨਾਲ ਦਿੱਤਾ ਗਿਆ। ਇਸ ਤੋਂ ਇਲਾਵਾ ਭਾਈ ਲਾਲੋ ਜੀ ਐਪਰੀਸੀਏਸ਼ਨ ਐਵਾਰਡ ਬਾਬਾ ਹਰਜੀਤ ਸਿੰਘ ਜੀ ਭੰਬਰਾ ਲੁਧਿਆਣਾ, ਜਥੇਦਾਰ ਮਨਜੀਤ ਸਿੰਘ ਖਾਲਸਾ ਰਾਜ ਕਰੇਗਾ ਖਾਲਸਾ ਗੱਤਕਾ ਅਖਾੜਾ ਟਾਂਡਾ, ਭਾਈ ਸੁਰਜੀਤ ਸਿੰਘ ਸੇਵਕ ਜਲੰਧਰ, ਭਾਈ ਈਸ਼ਰ ਸਿੰਘ ਅਤੇ ਜਤਿੰਦਰ ਪਾਲ ਸਿੰਘ ਗਾਗੀ ਪ੍ਰਧਾਨ ਰਾਮਗੜ੍ਹੀਆ ਬੋਰਡ ਦਿੱਲੀ ਨੂੰ ਦਿੱਤਾ ਗਿਆ। ਇਸ ਤੋਂ ਇਲਾਵਾ ਰਾਜਸਥਾਨ ਤੋਂ ਵਿਸ਼ੇਸ਼ ਤੌਰ ਤੇ ਆਈ ਸਟੇਟ ਅਤੇ ਜ਼ਿਲਾ ਯੂਨਿਟਾਂ ਦੇ ਵੱਖ ਵੱਖ ਅਹੁਦੇਦਾਰਾਂ,ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਦੇ ਨਵੇਂ ਨਿਯੁਕਤ ਹੋਏ ਜ਼ਿਲਾ ਪ੍ਰਧਾਨਾਂ ਅਤੇ ਇੰਡੀਆ ਤੇ ਸਟੇਟ ਬਾਡੀ ਦੇ ਅਹੁਦੇਦਾਰਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਡਾ. ਚੱਬੇਵਾਲ ਨੇ ਘੁਮਿਆਲਾ ਤੋਂ ਕਹਾਰਪੁਰ ਸੜਕ ਦਾ ਨੀਂਹ ਪੱਥਰ ਰੱਖਿਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਸਾਂਸਦ ਡਾ. ਰਾਜਕੁਮਾਰ ਚੱਬੇਵਾਲ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਘੁਮਿਆਲਾ ਤੋਂ ਕਹਾਰਪੁਰ ਤੱਕ 42 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸੜਕੀ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ।ਇਹ ਸੜਕ ਪੇਂਡੂ ਵਿਕਾਸ ਵੱਲ ਇੱਕ ਅਹਿਮ ਕਦਮ ਹੈ, ਜੋ ਇਸ ਇਲਾਕੇ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਵਿੱਚ ਸਹਾਈ ਸਿੱਧ ਹੋਵੇਗੀ।ਇਸ ਮੌਕੇ ਉਨ੍ਹਾਂ ਨਾਲ ਡਾ. ਇਸ਼ਾਂਕ ਚੱਬੇਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਮੌਕੇ ਸੰਸਦ ਮੈਂਬਰ ਚੱਬੇਵਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੇਂਡੂ ਖੇਤਰ ਦੇ ਵਿਕਾਸ ਅਤੇ ਲੋਕਾਂ ਦਾ ਜੀਵਨ ਸੁਖਾਲਾ ਬਣਾਉਣ ਲਈ ਸੜਕਾਂ ਦਾ ਨਿਰਮਾਣ ਬਹੁਤ ਜ਼ਰੂਰੀ ਹੈ। ਇਸ ਸੜਕ ਦੇ ਬਣਨ ਨਾਲ ਨਾ ਸਿਰਫ਼ ਆਵਾਜਾਈ ਸੁਖਾਲੀ ਹੋਵੇਗੀ ਸਗੋਂ ਇਲਾਕੇ ਦੀਆਂ ਆਰਥਿਕ ਗਤੀਵਿਧੀਆਂ ਨੂੰ ਵੀ ਹੁਲਾਰਾ ਮਿਲੇਗਾ। ਪਿੰਡ ਘੁਮਿਆਲਾ ਤੋਂ ਕਹਾਰਪੁਰ ਵਿਚਕਾਰ ਸੜਕ ਚੰਗੀ ਨਾ ਹੋਣ ਕਾਰਨ ਲੋਕਾਂ ਨੂੰ ਆਉਣ-ਜਾਣ ਵਿੱਚ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪਿਆ। ਇਸ ਸਮੱਸਿਆ ਨੂੰ ਦੇਖਦਿਆਂ ਸੰਸਦ ਮੈਂਬਰ ਚੱਬੇਵਾਲ ਨੇ ਇਸ ਪ੍ਰਾਜੈਕਟ ਨੂੰ ਪਹਿਲ ਦਿੰਦਿਆਂ ਇਸ ਨੂੰ ਜਲਦੀ ਪੂਰਾ ਕਰਨ ਦਾ ਸੰਕਲਪ ਲਿਆ। ਇਸ ਸੜਕੀ ਪ੍ਰੋਜੈਕਟ ਦਾ ਸਿੱਧਾ ਲਾਭ ਘੁਮਿਆਲਾ ਅਤੇ ਕਹਾਰਪੁਰ ਦੇ ਵਸਨੀਕਾਂ ਨੂੰ ਹੋਵੇਗਾ ਅਤੇ ਇਲਾਕੇ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਏਗੀ। ਇਸ ਮੌਕੇ ਸਰਪੰਚ ਗੁਰਬਖਸ਼ ਕੌਰ, ਸਾਬਕਾ ਸਰਪੰਚ ਸੁੱਚਾ ਸਿੰਘ, ਵਿੱਕੀ ਪ੍ਰਧਾਨ, ਦੇਬੀ ਕੈਂਡੋਵਾਲ, ਬੰਤ, ਸ਼ਿਵਮ ਘੁਮਿਆਲਾ, ਰਾਮਲਾਲ, ਬਾਲੀ, ਮੋਹਨ ਲਾਲ ਆਦਿ ਹਾਜ਼ਰ ਸਨ।

# ਪੁਲਸ ਦੀ ਲੁਟੇਰਿਆਂ ਪ੍ਰਤੀ ਹਮਦਰਦੀ ਲੋਕਾਂ ਲਈ ਬਣੀ ਮੁਸੀਬਤ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)** ਗੁਰੂ ਹਰਸਹਾਏ ਵਿੱਚ ਲੁੱਟਾਂ ਖੋਹਾਂ, ਡਕੈਤੀਆਂ, ਚੋਰੀਆਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ, ਆਏ ਦਿਨ ਲੋਕ ਠੱਗੀ ਡਕੈਤੀ ਲੁੱਟਾਂ ਖੋਹਾਂ ਮੋਟਰਸਾਈਕਲ ਚੋਰੀ ਤੇ ਨਸ਼ੇ ਦੇ ਸੌਦਾਗਰਾਂ ਦਾ ਸ਼ਿਕਾਰ ਹੋ ਰਹੇ ਹਨ।ਇਨ੍ਹਾਂ ਖਿਲਾਫ਼ ਕੋਈ ਠੋਸ ਕਾਰਵਾਈ ਨਾ ਹੋਣ ਕਾਰਨ ਇਨ੍ਹਾਂ ਦੇ ਹੌਂਸਲੇ ਬੁਲੰਦ ਹੋਏ ਨਜ਼ਰ ਆਉਂਦੇ ਹਨ, ਸੜਕਾਂ 'ਤੇ ਲੁੱਟਾਂ ਖੋਹਾਂ ਕਰਨ ਵਾਲੇ ਹੁਣ ਬੇਖੌਫ਼ ਹੋ ਕੇ ਲੋਕਾਂ ਦੇ ਘਰਾਂ ਅੰਦਰ ਵੀ ਦਾਖਲ ਹੋਣ ਲੱਗ ਪਏ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਸਾਡਾ ਕੋਈ ਕੁੱਛ ਨਹੀਂ ਵਿਗਾੜ ਸਕਦਾ ਤੇ ਨਸ਼ਾ ਸ਼ਹਿਰ ਤੇ ਪਿੰਡਾਂ 'ਚ ਸ਼ਰੇਆਮ ਵਿਕ ਰਿਹਾ, ਪੁਲਸ ਮੂਕ ਦਰਸ਼ਕ ਬਣ ਦੇਖ ਰਹੀ ਹੈ, ਜਿਸ ਸੰਬੰਧੀ ਸ਼ਹਿਰ ਤੇ ਪਿੰਡਾਂ ਦੇ ਕਈ ਸਮਾਜ ਸੇਵੀਆਂ ਨੇ ਨਾਮ ਨਾਲ ਪ੍ਰਕਾਸ਼ਤ ਕਰਨ ਦੀ ਸੂਰਤ ਵਿੱਚ ਦੱਸਿਆ ਕਿ ਨਵੇਂ ਆਏ ਡੀ.ਐੱਸ.ਪੀ. ਇਨ੍ਹਾਂ ਘਟਨਾਵਾਂ 'ਤੇ ਲਗਾਮ ਲਗਾਉਣ 'ਚ ਨਕਾਮ ਸਾਬਤ ਹੋਏ ਹਨ।ਉਨ੍ਹਾਂ ਦੇ ਕਾਰਜ 'ਤੇ ਸਵਾਲ ਖੜੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਓਂ ਲੱਗਦਾ ਹੈ ਜਿਵੇਂ ਹਲਕੇ ਦੀ ਪੁਲਸ ਸਿਰਫ ਖਾਨਾਪੂਰਤੀ ਤੇ ਨਜ਼ਾਇਜ ਪਰਚੇ ਕੱਟਣ ਨੂੰ ਹੀ ਤਰਜੀਹ ਦੇ ਰਹੀ ਹੈ।ਇਨ੍ਹਾਂ ਦੀ ਘਟੀਆ ਕਾਰਗੁਜ਼ਾਰੀ ਕਾਰਨ ਅੱਜ ਲੋਕ ਘਰਾਂ 'ਚ ਦੱਬ ਕੇ ਰਹਿਣ ਲਈ ਮਜਬੂਰ ਹੋ ਰਹੇ ਹਨ, ਪੁਲਸ ਦੀ ਲੁਟੇਰਿਆਂ ਪ੍ਰਤੀ ਹਮਦਰਦੀ ਸਮਝ ਨਹੀਂ ਆਉਂਦੀ, ਫੜਿਆ ਹੋਇਆ ਚੋਰ ਕੁੱਛ ਘੰਟਿਆ ਬਾਅਦ ਹੀ ਅਸਾਨੀ ਨਾਲ ਛੁੱਟ ਜਾਂਦਾ ਹੈ ਤੇ ਲੋਕ ਮੂੰਹ ਤੱਕਦੇ ਰਹਿ ਜਾਂਦੇ ਹਨ, ਜਿਸ ਕਰਕੇ ਲੋਕ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰਦੇ ਹਨ, ਜਿਸ ਕਾਰਨ ਚਾਰੇ ਪਾਸੇ ਹਾਹਾਕਾਰ ਮੱਚੀ ਹੋਈ ਹੈ, ਨਵੇਂ ਆਏ ਡੀ ਐੱਸ ਪੀ ਨੇ ਕਿਸੇ ਨਾਲ ਰਾਬਤਾ ਕਾਇਮ ਨਹੀਂ ਕੀਤਾ ਅਤੇ ਨਾ ਹੀ ਕੋਈ ਨਸ਼ਿਆਂ ਖਿਲਾਫ ਸੈਮੀਨਾਰ ਕੀਤਾ ਤੇ ਨਾ ਹੀ ਕੋਈ ਵੱਡੀ ਰਿਕਵਰੀ, ਜਦਕਿ ਦਿਨ ਦਿਹਾੜੇ ਲੋਕਾਂ ਦੀਆਂ ਹੋ ਰਹੀਆਂ ਸ਼ਰੇਆਮ ਲੁੱਟਾਂ, ਨਜਾਇਜ ਅਸਲਾ ਲੈ ਕੇ ਸ਼ਰੇਆਮ ਘੁੰਮ ਰਹੇ ਸ਼ਰਾਰਤੀ ਅਨਸਰਾਂ ਤੋਂ ਪ੍ਰੇਸ਼ਾਨ ਆਮ ਜਨਤਾ ਡਰਦੀ ਸ਼ਾਮ ਨੂੰ ਕੰਮ ਦੇ ਟਾਈਮ ਤੋਂ ਟਾਇਮ ਨਾਲ ਆਪਣਾ ਕਾਰੋਬਾਰ ਸਮੇਟ ਕੇ ਘਰਾਂ ਵਿੱਚ ਦੁਬਕਣ ਨੂੰ ਮਜ਼ਬੂਰ ਹੋ ਗਈ ਹੈ ਤੇ ਦੂਰ ਦਰਾਡੇ ਕੰਮ ਕਰਨ ਵਾਲੇ ਵੀ ਆਪਣਾ ਕੰਮ ਛੱਡ ਕੇ ਆਪਣੇ ਘਰਾਂ ਨੂੰ ਪਰਤਣ ਲਈ ਮਜਬੂਰ ਹੋ ਗਏ ਹਨ।ਲੋਕਾਂ ਨੇ ਮੰਗ ਕੀਤੀ ਕਿ ਜਲਦ ਤੋਂ ਜਲਦ ਇਨ੍ਹਾਂ ਲੁੱਟਾਂ-ਖੋਹਾਂ ਕਰਨ ਵਾਲਿਆਂ ਨੂੰ ਨੱਥ ਪਾਈ ਜਾਵੇ ਤਾਂ ਜੋ ਲੋਕ ਬੇਖੌਫ਼ ਆਪਣਾ ਕਾਰੋਬਾਰ ਕਰ ਸਕਣ ਤੇ ਆਪਣੀ ਜ਼ਿੰਦਗੀ ਬਤੀਤ ਕਰ ਸਕਣ।ਹੁਣ ਦੇਖਣਾ ਇਹ ਹੈ ਕਿ ਪੁਲਿਸ ਹੁਣ ਆਪਣੀ ਕਾਰਵਾਈ ਕਰਦੀ ਹੈ ਜਾਂ ਇਸੇ ਤਰ੍ਹਾਂ ਸੁਸਤ ਬੈਠਦੀ ਹੈ ਕਿ ਲੋਕਾਂ ਦੀ ਲੁੱਟ ਇਸ ਤਰਾਂ ਹੀ ਹੁੰਦੀ ਰਹੇਗੀ।



ਗੁਰੂ ਹਰਸਹਾਏ ਦੀ ਰਾਧਾ ਸੁਆਮੀ, ਫ਼ਰਵਰੇ ਬਸਤੀ ਵਿੱਚ ਦਿਨ ਦਿਹਾੜੇ ਬੇਖੌਫ਼ ਘੁੰਮਦਾ ਤੇ ਘਰ ਅੰਦਰ ਦਾਖਲ ਹੁੰਦਾ ਵਿਅਕਤੀ

**ਇਸੇ ਦੌਰਾਨ** ਗੁਰੂ ਹਰਸਹਾਏ ਦੇ ਸਮਾਜ ਸੇਵੀ ਭਾਰਤ ਵਿਕਾਸ ਪ੍ਰੀਸ਼ਦ ਦੇ ਸਰਪ੍ਰਸਤ ਪਵਨ ਕੰਧਾਰੀ ਨੇ ਕਿਹਾ ਕਿ ਗੁਰੂ ਹਰਸਹਾਏ ਹਲਕੇ ਦੇ ਪਿੰਡਾਂ ਤੇ ਸ਼ਹਿਰ ਵਿੱਚ ਲੋਕ ਗੁੰਡਾਗਰਦੀ, ਚੋਰੀਆਂ, ਡਕੈਤੀਆਂ, ਲੁੱਟਾਂ-ਖੋਹਾਂ ਤੋਂ ਡਾਢੇ ਪ੍ਰੇਸ਼ਾਨ ਹਨ। ਸ਼ਹਿਰ ਵਿੱਚ ਆਏ ਦਿਨ ਸ਼ਰਾਰਤੀ ਅਨਸਰ ਗੋਲੀ ਚਲਾ ਕੇ ਚਲੇ ਜਾਂਦੇ ਹਨ ਤੇ ਲੋਕ ਖੌਫ਼ ਭਰੀ ਜ਼ਿੰਦਗੀ ਜੀ ਰਹੇ ਹਨ, ਜੇਕਰ ਪੁਲਸ ਨੇ ਇਨ੍ਹਾਂ ਮਾੜੇ ਅਨਸਰਾਂ ਖਿਲਾਫ ਕਾਰਵਾਈ ਅਮਲ ਵਿੱਚ ਨਾ ਲਿਆਂਦੀ ਤਾਂ ਭਾਰਤ ਵਿਕਾਸ ਪ੍ਰੀਸ਼ਦ ਜਲਦੀ ਵੱਡਾ ਐਕਸ਼ਨ ਲਵੇਗਾ, ਜਿਸ ਦੀ ਜ਼ਿੰਮੇਵਾਰੀ ਲੋਕਲ ਪੁਲਸ ਪ੍ਰਸ਼ਾਸਨ ਦੀ ਹੋਵੇਗੀ।





**ਇਸੇ ਦੌਰਾਨ** ਐਡਵੋਕੇਟ ਕਾਂਗਰਸ ਚਰਨਜੀਤ ਛਾਂਗਾਰਾਏ ਨੇ ਕਿਹਾ ਕਿ ਪੁਲਸ ਦੀ ਕਾਰਗੁਜ਼ਾਰੀ ਗੁਰੂ ਹਰਸਹਾਏ ਦੇ ਵਿੱਚ ਬਹੁਤ ਢਿੱਲੀ ਚੱਲ ਰਹੀ ਹੈ। ਪੁਲਸ ਆਪਣੀ ਕਾਰਗੁਜ਼ਾਰੀ 'ਚ ਸੁਧਾਰ ਲਿਆਵੇ ਨਹੀਂ ਤਾਂ ਨਸ਼ਾ ਵਿਰੋਧੀ ਫਰੰਟ 7 ਅਕਤੂਬਰ ਨੂੰ ਥਾਣੇ ਦੇ ਬਾਹਰ ਧਰਨਾ ਲਗਾਉਣ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਗੁਰੂ ਹਰਸਹਾਏ ਵਿੱਚ ਲੋਕ ਲਾਅ ਆਰਡਰ ਦੀ ਸਥਿਤੀ ਨੂੰ ਲੈ ਕੇ ਦੁਚਿੱਤੀ ਵਿੱਚ ਹਨ।

## ਘਰ 'ਚੋਂ ਗਹਿਣੇ ਤੇ ਸਾਮਾਨ ਚੋਰੀ ਕਰਨ ਦੇ ਦੋਸ਼ ਤਿੰਨ ਖ਼ਿਲਾਫ਼ ਕੇਸ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫ਼ਿਰੋਜ਼ਪੁਰ ਦੀ ਪੁਲਸ ਨੇ ਕੀਰਤੀ ਨਗਰ ਫ਼ਿਰੋਜ਼ਪੁਰ ਵਿਖੇ ਘਰ ਦੇ ਕਮਰਿਆਂ ਦੇ ਤਾਲੇ ਤੋੜ ਕੇ ਸਾਮਾਨ ਚੋਰੀ ਕਰਨ ਵਾਲੇ ਤਿੰਨ ਵਿਅਕਤੀਆਂ ਖਿਲਾਫ਼ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਮਾਮਲਾ ਦਰਜ ਕਰ ਲਿਆ ਹੈ।ਜਾਣਕਾਰੀ ਦਿੰਦਿਆਂ ਥਾਣਾ ਸਿਟੀ ਫ਼ਿਰੋਜ਼ਪੁਰ ਦੇ ਸਹਾਇਕ ਇੰਸਪੈਕਟਰ ਅਯੂਬ ਮਸੀਹ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ 'ਚ ਸ਼ਿਕਾਇਤਕਰਤਾ ਯਸ਼ਪਾਲ ਗਾਬਾ ਪੁੱਤਰ ਮੁਲਖ ਰਾਜ ਵਾਸੀ ਕੋਠੀ ਨੰਬਰ 437 ਕੀਰਤੀ ਨਗਰ ਫ਼ਿਰੋਜ਼ਪੁਰ ਨੇ ਦੱਸਿਆ ਕਿ ਉਸ ਦੇ ਪਿਤਾ ਨੇ ਉਸ ਦੇ ਆਪਣੇ ਭਰਾ ਰਾਜ ਕੁਮਾਰ ਦੇ ਨਾਂ 'ਤੇ ਮਕਾਨ ਖਰੀਦਿਆ ਸੀ ਅਤੇ ਪਿਤਾ ਦੀ ਮੌਤ ਤੋਂ ਬਾਅਦ ਪੀੜਤ ਤੇ ਉਸ ਦੇ ਭਰਾ ਦਾ ਪਰਿਵਾਰ ਘਰ 'ਚ ਇਕੱਠੇ ਰਹਿੰਦੇ ਸਨ। ਪੀੜਤ ਨੇ ਦੱਸਿਆ ਕਿ ਮਕਾਨ ਉਸ ਦੇ ਭਰਾ ਅਕਸਰ ਉਸ ਨਾਲ ਲੜਦਾ ਰਹਿੰਦਾ ਸੀ ਤੇ ਉਸ ਨੂੰ ਮਕਾਨ 'ਚ ਫਸਾਉਣ ਦੀਆਂ ਧਮਕੀਆਂ ਦਿੰਦਾ ਰਹਿੰਦਾ ਸੀ, ਜਿਸ ਕਾਰਨ ਉਹ ਆਪਣੇ ਕਮਰਿਆਂ ਨੂੰ ਤਾਲੇ ਲਾ ਕੇ ਪਰਿਵਾਰ ਸਮੇਤ ਮਮਦੋਟ ਚਲਾ ਗਿਆ ਸੀ।ਸ਼ਿਕਾਇਤਕਰਤਾ ਨੇ ਦੱਸਿਆ ਕਿ ਕਥਿਤ ਦੋਸ਼ੀ ਭਰਾ ਰਾਜ ਕੁਮਾਰ ਪੁੱਤਰ ਮੁਲਖ ਰਾਜ, ਰੇਸ਼ੀ ਗਾਬਾ ਪਤਨੀ ਰਾਜ ਕੁਮਾਰ, ਆਦੀ ਪੁੱਤਰ ਰਾਜ ਕੁਮਾਰ ਨੇ ਉਸ ਦੇ ਕਮਰਿਆਂ ਦੇ ਤਾਲੇ ਤੋੜ ਕੇ ਅੰਦਰ ਰੱਖੇ ਅਲਮਾਰੀਆਂ 'ਚੋਂ ਨਕਦੀ, ਗਹਿਣੇ ਆਦਿ ਚੋਰੀ ਕਰ ਲਏ। ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀ ਅਯੂਬ ਮਸੀਹ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਬਾਬਾ ਜੀਵਨ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਗੁਰਦੁਆਰਾ ਸਾਹਿਬ ਪਿੰਡ ਧਨੇਰ ਵਿਖੇ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਜਨਮ ਦਿਹਾੜਾ ਮੁੱਖ ਸੇਵਾਦਾਰ ਬਾਬਾ ਜਸਵੀਰ ਸਿੰਘ ਧਨੇਰ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਸੰਤ ਬਾਬਾ ਸੁਖਵਿੰਦਰ ਸਿੰਘ ਸਹਿਜੜਾ, ਬਾਬਾ ਗੁਰਬਚਨ ਸਿੰਘ ਮੂੰਮ, ਬਾਬਾ ਹਰਬੰਸ ਸਿੰਘ ਫੱਕਰ, ਭਾਈ ਗੁਰਵਿੰਦਰ ਸਿੰਘ ਬੱਸੀਆਂ ਨੇ ਕਥਾ ਕੀਰਤਨ ਦੁਆਰਾ ਬਾਬਾ ਜੀਵਨ ਸਿੰਘ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ।ਇਸ ਮੌਕੇ ਕਮੇਟੀ ਪ੍ਰਧਾਨ ਮੱਘ ਸਿੰਘ, ਖਜ਼ਾਨਚੀ ਜਰਨੈਲ ਸਿੰਘ, ਮੈਂਬਰ ਜਸਪਾਲ ਸਿੰਘ, ਦਾਰਾ ਸਿੰਘ, ਧੰਨਾ ਸਿੰਘ, ਜਸਵੀਰ ਸਿੰਘ ਪੱਤਰ, ਗਿਆਨੀ ਜਿੰਦਰ ਸਿੰਘ ਦੀ ਅਗਵਾਈ ਹੇਠ ਸੰਤ ਮਹਾਂਪੁਰਖਾਂ, ਵੱਖ-ਵੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਇਮੀਗ੍ਰੇਸ਼ਨ ਪਲੈਨਰ ਦੇ ਵਿਦਿਆਰਥੀ ਨੇ ਲਏ 6 ਬੈਂਡ



**ਬਾਘਾ ਪੁਰਾਣਾ (ਮਨੀ ਸਿਗਲਾ)**-ਬਹੁਤ ਹੀ ਥੋੜ੍ਹੇ ਸਮੇਂ ਵਿੱਚ ਆਈਲੈਟਸ ਦੀ ਦੁਨੀਆ ਵਿੱਚ ਆਪਣਾ ਨਾਮ ਬਣਾਉਣ ਵਾਲੀ ਸੰਸਥਾ ਦਾ ਇਮੀਗ੍ਰੇਸ਼ਨ ਪਲੈਨਰ, ਜਿਨ੍ਹਾਂ ਦਾ ਦਫ਼ਤਰ ਨਜ਼ਦੀਕ ਮੰਡੀ ਬੱਸ ਸਟੈਂਡ ਦੇ ਮਗਰਲੇ ਪਾਸੇ ਸਥਿਤ ਹੈ, ਦੇ ਵਿਦਿਆਰਥੀ ਮੋਹਮੀਤ ਕੁਮਾਰ ਵਾਸੀ ਬਾਘਾ ਪੁਰਾਣਾ ਦੇ ਬਹੁਤ ਹੀ ਘੱਟ ਦਿਨਾਂ ਵਿੱਚ ਓਵਰਆਲ 6 ਬੈਂਡ ਆਏ ਹਨ।ਵਿਦਿਆਰਥੀ ਮੋਹਮੀਤ ਕੁਮਾਰ ਨੇ ਸਟਾਫ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਸਟਾਫ ਦੀ ਅਣਥੱਕ ਮਿਹਨਤ ਸਦਕਾ ਹੀ ਮੇਰੇ ਇਨੇ ਥੋੜ੍ਹੇ ਸਮੇਂ ਵਿੱਚ ਬੈਂਡ ਆਏ ਹਨ।ਐੱਮ ਡੀ ਯੋਗੇਸ਼ ਗੋਇਲ ਨੇ ਵਿਦਿਆਰਥੀ ਮੋਹਮੀਤ ਕੁਮਾਰ ਤੇ ਉਨ੍ਹਾਂ ਦੇ ਪਰਵਾਰ ਨੂੰ ਵਧਾਈ ਦਿੱਤੀ ਅਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਬਾਬਾ ਫ਼ਰੀਦ ਆਗਮਨ ਪੁਰਬ ਮੌਕੇ ਸੁਰੀਲੇ ਕੰਠ ਸਨਮਾਨ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਬਾਬਾ ਫ਼ਰੀਦ ਆਗਮਨ-ਪੁਰਬ 2024 ਮੌਕੇ ਸੱਭਿਆਚਾਰਕ ਸੱਥ, ਫਰੀਦਕੋਟ ਵੱਲੋਂ ਸੁਰੀਲੇ ਕੰਠ ਸਨਮਾਨ ਪ੍ਰੋਗਰਾਮ ਕੀਤਾ ਗਿਆ, ਜਿਸ ਮੌਕੇ ਸ੍ਰ. ਗੁਰਦਿੱਤ ਸਿੰਘ ਸੇਖੋਂ ਤੇ ਕਰਮਜੀਤ ਸਿੰਘ ਅਨਮੋਲ ਬਤੌਰ ਮੁੱਖ ਮਹਿਮਾਨ ਅਤੇ ਗੁਰਜਾਪ ਸਿੰਘ ਸੇਖੋਂ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ।ਇਹ ਪ੍ਰੋਗਰਾਮ ਸ੍ਰੀ ਵਿਨੀਤ ਕੁਮਾਰ ਆਈ.ਏ.ਐੱਸ. ਤੇ ਸ੍ਰੀਮਤੀ ਪ੍ਰਗਿਆਂ ਜੈਨ ਐੱਸ.ਐੱਸ.ਪੀ. ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ।ਇਸ ਸੱਭਿਆਚਾਰਕ ਸੱਥ ਵੱਲੋਂ ਵੱਖ-ਵੱਖ ਮੁਕਾਬਲੇ ਕਰਵਾਏ ਗਏ ਜਿਵੇਂ ਕਿ ਸੂਫੀ ਗਾਇਨ, ਗੀਤ ਮੁਕਾਬਲਾ ਤੇ ਲੋਕ ਗੀਤ ਮੁਕਾਬਲਾ।ਪ੍ਰੋਗਰਾਮ ਦੇ ਅੰਤਿਮ ਦਿਹਾੜੇ 'ਤੇ ਸਾਰੇ ਜੇਤੂ ਵਿਅਕਤੀਆਂ ਨੂੰ ਸੁਰੀਲਾ ਕੰਠ ਸਨਮਾਨ ਨਾਲ ਨਵਾਜਿਆ ਗਿਆ।

# ਬੀ ਐੱਫ ਜੀ ਆਈ ਦੇ ਸਟਾਰਟਅੱਪ ਨੇ ਭਾਰਤ ਉੱਦਮਤਾ ਸੰਮੇਲਨ 'ਚ ਪੁਰਸਕਾਰ ਜਿੱਤਿਆ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਬਠਿੰਡਾ (ਬੀ.ਐਫ.ਜੀ.ਆਈ.) ਵਿਖੇ ਪੰਜਾਬ ਸਟੇਟ ਕੌਂਸਲ ਫ਼ਾਰ ਸਾਇੰਸ ਐਂਡ ਟੈਕਨਾਲੋਜੀ (ਚੰਡੀਗੜ੍ਹ) ਤੇ ਇੰਡੀਅਨ ਇੰਸਟੀਚਿਊਟਸ ਆਫ਼ ਸਾਇੰਸ, ਐਜੂਕੇਸ਼ਨ ਐਂਡ ਰਿਸਰਚ, ਪੁਣੇ ਦੇ ਅਟਲ ਇਨਕਿਊਬੇਸ਼ਨ ਸੈਂਟਰ ਦੇ ਸਹਿਯੋਗ ਨਾਲ ਸ਼ੁਰੂ ਹੋਏ ਇੱਕ ਸਟਾਰਟਅੱਪ ਹਰੀਨਾਰਾਇਣ ਰੀਸਾਈਕਲਰਜ਼ ਐੱਲ ਐੱਲ ਪੀ ਬਠਿੰਡਾ (ਪੰਜਾਬ) ਨੂੰ ਰਾਜ-ਵਾਰ ਭਾਰਤ ਸਟਾਰਟਅੱਪ ਐਵਾਰਡ ਸ਼੍ਰੇਣੀ ਵਿੱਚ ਵੱਕਾਰੀ ਰਾਸ਼ਟਰੀ ਉੱਦਮੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਸਨਮਾਨ ਨਵੀਂ ਦਿੱਲੀ ਵਿਖੇ ਭਾਰਤੀ ਉੱਦਮੀ ਐਸੋਸੀਏਸ਼ਨ (ਈ.ਏ.ਆਈ.) ਦੁਆਰਾ ਭਾਰਤ ਉੱਦਮਤਾ ਸੰਮੇਲਨ ਦੌਰਾਨ ਪ੍ਰਦਾਨ ਕੀਤਾ ਗਿਆ। ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਬਠਿੰਡਾ (ਪੰਜਾਬ) ਦੇ ਡੀਨ (ਆਈ.ਪੀ.ਆਰ.) ਡਾ. ਵਿਵੇਕ ਸ਼ਰਮਾ ਦੀ ਸਲਾਹ ਤੇ ਸਥਾਨਕ ਭਾਈਚਾਰੇ ਦੇ ਸਹਿਯੋਗ ਨਾਲ ਹਰੀਨਾਰਾਇਣ ਰੀਸਾਈਕਲਰਜ਼ ਐੱਲਐੱਲਪੀ ਦੀ ਟੀਮ ਨੇ ਰਾਸ਼ਟਰੀ ਮੰਚ 'ਤੇ ਪੰਜਾਬ ਦੀ ਨੁਮਾਇੰਦਗੀ ਕਰਨ 'ਤੇ ਮਾਣ ਮਹਿਸੂਸ ਕੀਤਾ ਹੈ। ਇਸ ਸਟਾਰਟਅੱਪ ਨੂੰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਚੰਡੀਗੜ੍ਹ ਤੇ ਇੰਡੀਅਨ ਇੰਸਟੀਚਿਊਟਸ ਆਫ਼ ਸਾਇੰਸ, ਐਜੂਕੇਸ਼ਨ ਐਂਡ ਰਿਸਰਚ ਪੁਣੇ ਵਿਖੇ ਅਟਲ ਇਨਕਿਊਬੇਸ਼ਨ ਸੈਂਟਰ ਤੋਂ ਫੰਡਿੰਗ ਸਹਾਇਤਾ ਵੀ ਪ੍ਰਾਪਤ ਹੋਈ ਹੈ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ, ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐੱਮ. ਪੀ. ਪੂਨੀਆ ਤੋਂ ਇਲਾਵਾ ਬਾਬਾ ਫ਼ਰੀਦ ਕਾਲਜ ਦੇ ਪ੍ਰਿੰਸੀਪਲ ਡਾ. ਮਨੀਸ਼ ਬਾਂਸਲ ਤੇ ਫੈਕਲਟੀ ਮੈਂਬਰਾਂ ਨੇ ਡਾ. ਵਿਵੇਕ ਸ਼ਰਮਾ ਨੂੰ ਇਸ ਅਹਿਮ ਪ੍ਰਾਪਤੀ ਲਈ ਵਧਾਈ ਦਿੱਤੀ।

# ਨੈਸ਼ਨਲ ਹਾਈਵੇ 'ਤੇ ਪਾਤੜਾਂ 'ਚ ਪੁਲ ਬਣਨ ਦੀ ਆਸ ਬੱਝੀ

## ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੇ ਦੇਖਿਆ ਮੌਕਾ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਕਈ ਸਾਲ ਪਹਿਲਾਂ ਕੀਤੇ ਗਏ ਨਵੀਨੀਕਰਨ ਸਮੇਂ ਇਸ ਨੂੰ ਪਾਤੜਾਂ ਵਿੱਖੇ ਬਣਾਉਦੇ ਸਮੇਂ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਂਕ ਤੇ ਸੰਗਰੂਰ ਪਟਿਆਲਾ ਚੌਂਕ ਵਿੱਚ ਬਣਾਏ ਜਾਣ ਵਾਲੇ ਓਵਰ ਬਰਿੱਜ ਸ਼ਹਿਰ ਦੇ ਕੁੱਝ ਕੁ ਲੋਕਾਂ ਵੱਲੋਂ ਵਿਰੋਧ ਕੀਤੇ ਜਾਣ ਕਾਰਨ ਨਹੀਂ ਬਣਾਏ ਗਏ ਸਨ, ਪਰ ਇਨ੍ਹਾਂ ਚੌਂਕਾਂ ਵਿੱਚ ਬਹੁਤ ਸਾਰੇ ਹੋਏ ਹਾਦਸਿਆਂ ਤੇ ਆਵਜਾਈ ਦੀ ਆ ਰਹੀ ਮੁਸ਼ਕਲ ਕਾਰਨ ਇਲਾਕੇ ਦੇ ਲੋਕਾਂ ਵੱਲੋਂ ਓਵਰ ਬਰਿੱਜਾਂ ਨੂੰ ਬਣਾਏ ਜਾਣ ਦੀ ਕਾਫੀ ਸਮੇਂ ਤੋਂ ਕੀਤੀ ਜਾ ਰਹੀ ਮੰਗ ਨੂੰ ਲੈ ਕੇ ਓਵਰ ਬਰਿੱਜ ਬਣਾਉਣ ਲਈ ਕੌਮੀ ਮਾਰਗ ਦੇ ਪ੍ਰੋਜੈਕਟ ਡਾਇਰੈਕਟਰ ਵੱਲੋਂ ਭੇਜੀ ਗਈ ਅਧਿਕਾਰੀਆਂ ਦੀ ਟੀਮ ਵੱਲੋਂ ਇਨ੍ਹਾਂ ਚੌਂਕਾਂ ਦਾ ਦੌਰਾ ਕੀਤਾ ਗਿਆ।

ਜਾਣਕਾਰੀ ਦਿੰਦਿਆਂ ਰੋਡ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਨਿਰੰਕਾਰ ਸਿੰਘ ਤੇ ਭਾਜਪਾ ਦੇ ਹਲਕਾ ਸ਼ੁਤਰਾਣਾ ਮੁਖੀ ਨਰੈਣ ਸਿੰਘ ਨਰਸੋਤ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਚੌਂਕ ਤੇ ਸੰਗਰੂਰ ਪਟਿਆਲਾ ਚੌਂਕ ਵਿੱਚ ਕੌਮੀ ਮਾਰਗੇ 'ਤੇ ਪਾਤੜਾਂ ਸ਼ਹਿਰ ਵਿੱਚ ਓਵਰ ਬਰਿੱਜ ਨਾ ਬਣਨ ਕਾਰਨ ਹੋਏ ਹਾਦਸਿਆਂ ਵਿੱਚ ਬਹੁਤ ਸਾਰੀਆਂ ਕੀਮਤੀ ਜਾਨਾਂ ਚਲੀਆਂ ਗਈਆਂ ਸਨ। ਇਸ ਤੋਂ ਇਲਾਵਾ ਸ਼ਹਿਰ ਵਿੱਚ ਕੋਈ ਵੀ ਪਾਰਕਿੰਗ ਨਾ ਹੋਣ ਕਾਰਨ ਕੌਮੀ ਮਾਰਗ ਤੇ ਖੜਦੇ ਵਾਹਨ ਆਵਾਜਾਈ ਵਿੱਚ ਵੱਡੀ ਮੁਸ਼ਕਲ ਬਣੇ ਹੋਏ ਹਨ, ਜਿਸ ਨੂੰ ਦੇਖਦਿਆਂ ਸ਼ਹਿਰ ਵਾਸੀਆਂ ਵੱਲੋਂ ਇਨ੍ਹਾਂ ਦੋਵਾਂ ਚੌਂਕਾਂ ਵਿੱਚ ਓਵਰ ਬਰਿੱਜ ਬਣਾਏ ਜਾਣ ਦੀ ਮੰਗ ਕੀਤੀ ਜਾ ਰਹੀ ਸੀ। ਇਸ ਮੁਸ਼ਕਲ ਨੂੰ ਸ੍ਰੀਮਤੀ ਪ੍ਰਨੀਤ ਕੌਰ ਸਾਬਕਾ ਵਿਦੇਸ਼ ਰਾਜ ਮੰਤਰੀ ਦੇ ਧਿਆਨ ਵਿੱਚ ਲਿਆਂਦੇ ਜਾਣ 'ਤੇ ਉਨ੍ਹਾਂ ਵੱਲੋਂ ਕੇਂਦਰ ਸਰਕਾਰ ਦੇ ਧਿਆਨ ਵਿੱਚ ਲਿਆਂਦੇ ਜਾਣ ਮਗਰੋਂ ਨੈਸ਼ਨਲ ਹਾਈਵੇ ਅਥਾਰਟੀ ਨੇ ਪਾਤੜਾਂ ਸ਼ਹਿਰ ਦੇ ਇਨ੍ਹਾਂ ਚੌਂਕਾਂ 'ਤੇ ਓਵਰ ਬਰਿੱਜ ਬਣਾਉਣ ਲਈ ਅਧਿਕਾਰੀਆਂ ਦੀ ਇੱਕ ਟੀਮ ਨੂੰ ਭੇਜਿਆ ਹੈ।ਨੈਸ਼ਨਲ ਹਾਈਵੇ ਦੀ ਆਈ ਟੀਮ ਦੇ ਅਧਿਕਾਰੀ ਆਯੂਸ਼ ਕੁਮਾਰ ਅਤੇ ਅਭਿਸ਼ੇਕ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਓਵਰ ਬਰਿੱਜਾਂ ਨੂੰ ਬਣਾਉਣ ਲਈ ਨੈਸ਼ਨਲ ਹਾਈਵੇ ਵੱਲੋਂ ਇੱਕ ਡਰਾਇੰਗ ਬਣਾਈ ਗਈ ਸੀ, ਜਿਸ ਅਨੁਸਾਰ ਇਹ ਓਵਰ ਬਰਿੱਜ ਪਿੱਲਰਾਂ 'ਤੇ ਹੀ ਬਣਾਇਆ ਜਾਵੇਗਾ ਤੇ ਥੱਲੇ ਵੀ ਇੱਕ ਸੜਕ ਪਹਿਲਾਂ ਦੀ ਤਰ੍ਹਾਂ ਹੀ ਚੱਲਦੀ ਰੱਖੀ ਜਾਵੇਗੀ।ਪ੍ਰੋਜੈਕਟ ਡਾਇਰੈਕਟਰ ਦੇ ਆਦੇਸ਼ਾਂ ਉੱਤੇ ਮੌਕੇ 'ਤੇ ਆ ਕੇ ਲੋੜ ਅਨੁਸਾਰ ਬਣੀ ਡਰਾਇੰਗ ਵਿੱਚ ਕੁੱਝ ਤਬਦੀਲੀ ਕੀਤੇ ਜਾਣ ਲਈ ਮੌਕਾ ਦੇਖਿਆ ਗਿਆ ਹੈ ਤੇ ਛੇਤੀ ਹੈ ਇਸ ਦਾ ਕੰਮ ਪੂਰਾ ਕਰਕੇ ਅਥਾਰਟੀ ਭੇਜ ਦਿੱਤਾ ਜਾਵੇਗਾ।

## 'ਇੱਕ ਰੁੱਖ ਮਾਂ ਦੇ ਨਾਂਅ' ਤਹਿਤ ਸਕੂਲ 'ਚ ਪੌਦੇ ਲਗਾਏ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਬਰ ਵਿਖੇ ਸਕੂਲ ਪ੍ਰਿੰਸੀਪਲ ਜਸਬੀਰ ਕੌਰ ਦੀ ਅਗਵਾਈ ਹੇਠ ਸਵੱਛ ਮੁਹਿੰਮ ਨੋਡਲ ਅਫਸਰ ਅਵਨੀਸ਼ ਕੁਮਾਰ, ਰਿਸ਼ੀ ਸ਼ਰਮਾ, ਰੁਪਿੰਦਰਜੀਤ ਕੌਰ, ਅਵਤਾਰ ਸਿੰਘ ਭੈਣੀ ਮਹਿਰਾਜ, ਕੈਂਪਸ ਮੈਨੇਜਰ ਲਛਮਣ ਸਿੰਘ ਦੀ ਰਹਿਨੁਮਾਈ ਹੇਠ 'ਇੱਕ ਰੁੱਖ ਮਾਂ ਦੇ ਨਾਮ' ਮੁਹਿੰਮ ਦਾ ਆਗਾਜ਼ ਕੀਤਾ ਗਿਆ।ਇਸ ਦਿਨ ਨੂੰ ਮਨਾਉਂਦੇ ਹੋਏ ਸਕੂਲ ਕੈਂਪਸ ਤੇ ਸਕੂਲ ਦੇ ਬਾਹਰ ਵਿਦਿਆਰਥੀਆਂ ਵੱਲੋਂ ਪੌਦੇ ਲਗਾਏ ਗਏ ਅਤੇ ਵਾਤਾਵਰਨ ਦੀ ਸ਼ੁੱਧਤਾ ਦਾ ਸੰਦੇਸ਼ ਸਮਾਜ ਨੂੰ ਦਿੱਤਾ ਗਿਆ। ਸਵੱਛ ਭਾਰਤ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਨਿੱਜੀ ਸਫਾਈ, ਹੱਥਾਂ ਦੀ ਸਫਾਈ, ਆਲੇ-ਦੁਆਲੇ ਨੂੰ ਸਾਫ ਰੱਖਣ ਲਈ ਜਾਗਰੂਕ ਕੀਤਾ ਗਿਆ।ਜਾਣਕਾਰੀ ਦਿੰਦਿਆਂ ਮਾਸਟਰ ਅਵਨੀਸ਼ ਕੁਮਾਰ ਨੇ ਦੱਸਿਆ ਕਿ ਸਵੱਛ ਸਕੂਲ, ਸਮਾਜ, ਰਾਜ, ਦੇਸ਼ ਮੁਹਿੰਮ ਵਿੱਚ ਵਿਦਿਆਰਥੀ ਆਪਣੀ ਮਿਹਨਤ ਦਾ ਦਾਨ ਕਰਦੇ ਹੋਏ ਸਕੂਲ ਕੈਂਪਸ ਦੀ ਸਫਾਈ, ਸੁੰਦਰਤਾ ਕਰਨ ਦਾ ਕਾਰਜ ਜਾਗਰੂਕ ਅਭਿਆਨ ਦੇ ਨਾਲ-ਨਾਲ ਕਰ ਰਹੇ ਹਨ।ਇਸ ਮੌਕੇ ਸੀਨੀਅਰ ਅਧਿਆਪਕ ਰੁਪਿੰਦਰਜੀਤ ਕੌਰ, ਸੁਮਨਦੀਪ ਕੌਰ-2, ਗੁਰਪ੍ਰੀਤ ਕੌਰ-2, ਗੁਰਵੀਰ ਕੌਰ, ਅਨੀਤਾ ਪਾਠਕ, ਬਲਵਿੰਦਰ ਸਿੰਘ, ਮੀਨਾਕਸ਼ੀ ਗੌਤਮ, ਮਨਪ੍ਰੀਤ ਕੌਰ, ਮਨਦੀਪ ਕੁਮਾਰ, ਮੈਡਮ ਦੀਪਿਕਾ, ਯੂਹੀਤ ਗੁਪਤਾ, ਰਾਜਵੀਰ ਕੌਰ, ਤਰਨਜੋਤ ਕੌਰ, ਸਰਨਜੋਤ ਕੌਰ ਤੇ ਸਮੂਹ ਸਟਾਫ ਹਾਜ਼ਰ ਰਿਹਾ।

# ਏਡਿਡ ਸਕੂਲਾਂ ਦੇ 7 ਮਹੀਨਿਆਂ ਤੋਂ ਪੀ ਟੀ ਆਈ ਤੇ ਡਰਾਇੰਗ ਅਧਿਆਪਕ ਤਨਖ਼ਾਹ ਤੋਂ ਵਾਂਝੇ



ਪੰਜਾਬ ਰਾਜ ਸਰਕਾਰੀ ਸਹਾਇਤਾ ਪ੍ਰਾਪਤ ਅਧਿਆਪਕ ਜਾਣਕਾਰੀ ਦਿੰਦੇ ਹੋਏ।

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਏਡਿਡ ਸਕੂਲਾਂ ਵਿੱਚ ਸਿੱਖਿਆ ਦੇ ਰਹੇ ਪੀਟੀਆਈ, ਆਰਟ ਐਂਡ ਕਰਾਫ਼ਟ ਤੇ ਨਾਨ-ਪਟੀਸ਼ਨਰ ਸਿਲਾਈ ਟੀਚਰਾਂ ਦੀਆਂ ਮਾਰਚ 2024 ਤੋਂ ਤਨਖ਼ਾਹਾਂ ਰੋਕੇ ਜਾਣ ਦੇ ਫ਼ੈਸਲੇ ਕਾਰਨ ਕਰਮਚਾਰੀਆਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਪੰਜਾਬ ਰਾਜ ਸਰਕਾਰੀ ਸਹਾਇਤਾ ਪ੍ਰਾਪਤ ਅਧਿਆਪਕ ਤੇ ਹੋਰ ਕਰਮਚਾਰੀ ਯੂਨੀਅਨ ਪੰਜਾਬ ਦੇ ਪ੍ਰਧਾਨ ਗੁਰਮੀਤ ਸਿੰਘ ਮਦਨੀਪੁਰ, ਜਨਰਲ ਸਕੱਤਰ ਸ਼ਰਨਜੀਤ ਸਿੰਘ ਕਾਦੀਮਾਜਰਾ ਤੇ ਪ੍ਰੈੱਸ ਸਕੱਤਰ ਹਰਦੀਪ ਸਿੰਘ ਢੀਂਡਸਾ ਨੇ ਦੱਸਿਆ ਕਿ ਜਦੋਂ ਡੀ ਪੀ ਆਈ ਦਫ਼ਤਰ ਅਤੇ ਸਿੱਖਿਆ ਵਿਭਾਗ ਦੇ ਸਕੱਤਰ ਨਾਲ ਮੀਟਿੰਗ ਹੋਈ ਸੀ ਤਾਂ ਉਨ੍ਹਾਂ ਦੱਸਿਆ ਸੀ ਕਿ ਵਿੱਤ ਵਿਭਾਗ ਦੇ ਇਤਰਾਜ਼ ਕਾਰਨ ਜਿੰਨੀ ਦੇਰ ਵਿੱਤ ਵਿਭਾਗ ਮਨਜ਼ੂਰੀ ਨਹੀਂ ਦਿੰਦਾ, ਉਦੋਂ ਤੱਕ ਸਿੱਖਿਆ ਵਿਭਾਗ ਇਨ੍ਹਾਂ ਅਧਿਆਪਕਾਂ ਦੀ ਗ੍ਰਾਂਟ ਜਾਰੀ ਨਹੀਂ ਕਰ ਸਕਦਾ।ਯੂਨੀਅਨ ਦੇ ਸੂਬਾ ਪ੍ਰਧਾਨ ਦੀ ਚਿੱਠੀ ਦੇ ਜਵਾਬ ਵਿੱਚ ਵਿਭਾਗ ਨੇ ਲਿਖਤੀ ਰੂਪ ਵਿੱਚ ਦਿੱਤੀ ਹੈ।ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਅਨਿਲ ਕੁਮਾਰ ਗਰਗ, ਅਸ਼ੋਕ ਵਡੇਰਾ, ਪ੍ਰੈੱਸ ਸਕੱਤਰ ਅਕਸ਼ੇ ਕੁਮਾਰ ਮੀਤ ਪ੍ਰੈੱਸ ਸਕੱਤਰ, ਸੁਮਿਤ ਸ਼ਰਮਾ ਤੇ ਆਰਟਿਸਟ ਅਧਿਆਪਕ ਤੇ ਵਾਤਾਵਰਣ ਪ੍ਰੇਮੀ ਵਿਜੇ ਵਿਕਟਰ ਨੇ ਦੱਸਿਆ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਉਹ ਅਕਤੂਬਰ 2011 ਤੋਂ 4400 ਗ੍ਰੇਡ-ਪੇ ਨਾਲ ਤਨਖ਼ਾਹ ਲੈ ਰਹੇ ਸੈਂਕੜੇ ਸਾਥੀ ਇਸੇ ਦਰ ਨਾਲ ਤਨਖ਼ਾਹਾਂ ਲੈ ਕੇ ਰਿਟਾਇਰ ਹੋ ਕੇਪੈਨਸ਼ਨ ਵੀ ਲੈ ਰਹੇ ਹਨ, ਕਿਉਂਕਿ ਇਨ੍ਹਾਂ ਏਡਿਡ ਅਧਿਆਪਕਾਂ ਦੀ ਵੀ ਬਾਕੀ ਏਡਿਡ ਅਧਿਆਪਕਾਂ ਤੇ ਕਰਮਚਾਰੀਆਂ ਵਾਂਗ ਸਰਕਾਰੀ ਕਰਮਚਾਰੀਆਂ ਨਾਲ ਤਨਖ਼ਾਹ ਤੇ ਭੱਤਿਆਂ ਦੀ ਪੈਰਿਟੀ ਹੈ।ਉਨ੍ਹਾਂ ਦੱਸਿਆ ਕਿ ਹੁਣ ਜਦੋਂ ਏਡਿਡ ਸਕੂਲਾਂ ਦੇ ਸਟਾਫ਼ ਨੂੰ ਵੀ ਪੰਜਾਬ ਸਰਕਾਰ ਦੇ ਸ਼ਲਾਘਾਯੋਗ ਫ਼ੈਸਲੇ ਤੇ ਵਿੱਤ ਵਿਭਾਗ ਦੇ 26 ਜੂਨ 2024 ਤੇ ਸਿੱਖਿਆ ਵਿਭਾਗ ਦੇ 27 ਜੂਨ 2024 ਦੇ ਨੋਟੀਫ਼ਿਕੇਸ਼ਨ ਨਾਲ 6ਵਾਂ ਪੇ ਕਮਿਸ਼ਨ ਮਿਲਣ ਜਾ ਰਿਹਾ ਹੈ ਤਾਂ ਅਜਿਹੇ ਮੌਕੇ ਤਨਖ਼ਾਹ ਦੀ ਗ੍ਰਾਂਟ ਰੋਕ ਲੈਣੀ ਸਹੀ ਨਹੀਂ ਹੈ।ਆਗੂਆਂ ਨੇ ਕਿਹਾ ਕਿ ਵਿੱਤ ਵਿਭਾਗ ਸਿਰਫ਼ ਏਡਿਡ ਸਕੂਲਾਂ ਦੇ ਸੀ.ਐਂਡ.ਵੀ. ਅਧਿਆਪਕਾਂ ਨੂੰ 3200 ਗ੍ਰੇਡ-ਪੇ 'ਤੇ ਲਿਆਉਣਾ ਲਈ ਬਜ਼ਿੱਦ ਹੈ, ਉਹ ਵੀ ਸਿਰਫ਼ 4 ਮਹੀਨੇ ਮਾਰਚ 2024 ਤੋਂ ਜੂਨ 2024 ਤੱਕ ਕਿਉਂਕਿ 1 ਜੁਲਾਈ 2024 ਤੋਂ ਤਾਂ 6ਵੇਂ ਪੇ ਕਮਿਸ਼ਨ ਮੁਤਾਬਿਕ ਫਿਕਸੇਸ਼ਨ ਹੋਣੀ ਹੈ, ਜਿਸ ਵਿੱਚ ਇਨ੍ਹਾਂ ਅਧਿਆਪਕਾਂ ਦੇ ਗ੍ਰੇਡ ਦਾ ਮਸਲਾ ਰਹਿਣਾ ਹੀ ਨਹੀਂ।ਇਸ ਲਈ ਪਿਛਲੀਆਂ ਮਿਤੀਆਂ ਤੋਂ ਗ੍ਰੇਡ ਘਟਾਉਣ ਦਾ ਯਤਨ ਸਰਾਸਰ ਸੁਪਰੀਮ ਕੋਰਟ ਦੇ ਫ਼ੈਸਲਿਆਂ ਦੀ ਉਲੰਘਣਾ ਹੈ।ਆਗੂਆਂ ਨੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਯੂਨੀਅਨ ਤੇ ਵਿਭਾਗੀ ਅਫ਼ਸਰਾਂ ਦੀ ਮੀਟਿੰਗ ਕਰਵਾ ਕੇ ਇਸ ਮਸਲੇ ਨੂੰ ਹੱਲ ਕਰਵਾ ਕੇ ਗ੍ਰਾਂਟ ਜਾਰੀ ਕਰਵਾਉਣ।

## ਜਲ ਸ੍ਰੋਤ ਵਿਭਾਗ ਦੇ ਸੇਵਾਮੁਕਤ ਮੁਲਾਜ਼ਮਾਂ ਦੀ ਮੀਟਿੰਗ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਿੰਚਾਈ ਵਿਭਾਗ ਦੇ ਹਰਿਆਵਲ ਦਸਤੇ ਵਜੋਂ ਜਾਣੇ ਜਾਂਦੇ ਪੰਜਾਬ ਜਲ ਸ੍ਰੋਤ ਨਗਰ ਨਿਗਮ 'ਚੋਂ ਸੇਵਾਮੁਕਤ ਹੋਏ ਮੁਲਾਜ਼ਮਾਂ ਦੀ ਜਥੇਬੰਦੀ ਦੀ ਮੀਟਿੰਗ ਸੂਬਾ ਪ੍ਰਧਾਨ ਓਮ ਪ੍ਰਕਾਸ਼ ਚੰਡੀਗੜ੍ਹ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਸਰਕਲਾਂ ਤੋਂ ਚੁਣੇ ਹੋਏ ਅਹੁਦੇਦਾਰਾਂ ਨੇ ਭਾਗ ਲਿਆ। ਜਥੇਬੰਦੀ ਦੇ ਸੂਬਾ ਪ੍ਰੈੱਸ ਸਕੱਤਰ ਕਰਮਜੀਤ ਸਿੰਘ ਮਾਛੀਵਾੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਵਿਚ ਸਭ ਤੋਂ ਪਹਿਲਾਂ ਕਾਮਰੇਡ ਨੇਤਾ ਸੀਤਾ ਰਾਮ ਯੇਚੁਰੀ, ਜਨਰਲ ਸਕੱਤਰ ਸੀ.ਪੀ.ਆਈ. (ਐੱਮ) ਦੀ ਪਿਛਲੇ ਦਿਨੀਂ ਹੋਈ ਮੌਤ 'ਤੇ ਸ਼ੋਕ ਮਤਾ ਪਾਸ ਕੀਤਾ ਗਿਆ, ਜਿਨ੍ਹਾਂ ਨੂੰ 2 ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਉਪਰੰਤ ਰਿਟਾਇਰ ਹੋ ਚੁੱਕੇ ਮੁਲਾਜ਼ਮਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ 'ਤੇ ਗੰਭੀਰ ਚਰਚਾ ਕੀਤੀ ਗਈ। ਮੀਟਿੰਗ ਵਿੱਚ 1-9-2014 ਤੋਂ ਪਹਿਲਾਂ ਤੇ 1-9-2014 ਤੋਂ ਬਾਅਦ ਸੇਵਾਮੁਕਤ ਹੋ ਚੁੱਕੇ ਮੁਲਾਜ਼ਮਾਂ ਦੀ ਪੈਨਸ਼ਨ ਵਿੱਚ ਵਾਧਾ ਕਰਨ ਤੇ 1-1-2016 ਤੋਂ ਤਨਖਾਹ ਕਮਿਸ਼ਨ ਅਨੁਸਾਰ ਵਧੀਆਂ ਤਨਖਾਹਾਂ ਦੇ ਬਕਾਏ ਤੇ ਗ੍ਰੈਚੁਟੀ ਦੀ ਮੰਗ ਕੀਤੀ ਗਈ। ਜਥੇਬੰਦੀ ਨੂੰ ਰਜਿਸਟਰਡ ਕਰਵਾਉਣ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਸੂਬਾ ਜਨਰਲ ਸਕੱਤਰ ਸੋਹਣ ਸਿੰਘ ਭੂਨੋ, ਸੀਨੀਅਰ ਮੀਤ ਪ੍ਰਧਾਨ ਜੋਰਾ ਸਿੰਘ ਲੁਧਿਆਣਾ, ਦਰਸ਼ਨ ਸਿੰਘ ਮੱਲ੍ਹੀ, ਸੂਬਾ ਵਿੱਤ ਸਕੱਤਰ ਅਵਤਾਰ ਸਿੰਘ ਹੁਸ਼ਿਆਰਪੁਰ, ਹਰਬੰਸ ਸਿੰਘ ਮਲੇਰਕੋਟਲਾ, ਕੇਸਰ ਸਿੰਘ, ਦੌਲਤ ਰਾਮ, ਬਲਦੇਵ ਸਿੰਘ, ਭਰਪੂਰ ਸਿੰਘ, ਚਰਨ ਦਾਸ ਮੌਜੂਦ ਸਨ।

## ਅਕਾਲ ਅਕੈਡਮੀ ਚੀਮਾ ਦੇ ਵਿਦਿਆਰਥੀਆਂ ਦੀ ਜ਼ਿਲ੍ਹਾ ਪੱਧਰੀ ਖੇਡਾਂ ਲਈ ਚੋਣ



**ਚੀਮਾਂ ਮੰਡੀ (ਰਵਿੰਦਰ ਚੀਮਾ)**-ਕਲਗੀਧਰ ਟਰੱਸਟ ਬੜੂ ਸਾਹਿਬ ਦੇ ਅਧੀਨ ਚੱਲ ਰਹੀ ਅਕਾਲ ਅਕੈਡਮੀ ਚੀਮਾ (ਪੀ.ਐੱਸ.ਈ.ਬੀ.) ਦੇ ਵਿਦਿਆਰਥੀਆਂ ਨੇ ਪੰਜਾਬ ਰਾਜ ਦੀਆਂ 68ਵੀਆਂ ਐਥਲੈਟਿਕਸ ਜ਼ੋਨ-ਪੱਧਰੀ ਸਕੂਲ ਖੇਡਾਂ ਵਿੱਚ ਭਾਗ ਲਿਆ, ਜੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੀਮਾਂ ਵਿਖੇ ਕਰਵਾਈਆਂ ਗਈਆਂ।ਇਸ ਟੂਰਨਾਮੈਂਟ ਵਿੱਚ ਚੀਮਾ ਦੇ ਹੋਰ ਵੱਖ-ਵੱਖ ਸਕੂਲਾਂ ਨੇ ਵੀ ਭਾਗ ਲਿਆ। ਅਕਾਲ ਅਕੈਡਮੀ ਚੀਮਾ (ਪੀ.ਐੱਸ.ਈ.ਬੀ.) ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ, ਉਮਰ ਵਰਗ-14 ਅਨਮੋਲਪ੍ਰੀਤ ਸਿੰਘ ਨੇ ਲੰਮੀ ਛਾਲ ਤੇ 100 ਮੀਟਰ ਰੇਸ 'ਚ ਪਹਿਲਾ, ਉਮਰ ਵਰਗ-19 'ਚ ਜਸ਼ਨ ਸਿੰਘ ਨੇ ਉੱਚੀ ਛਾਲ ਵਿੱਚ ਪਹਿਲਾ ਤੇ 100 ਮੀਟਰ ਰੇਸ ਵਿੱਚ ਤੀਸਰਾ ਸਥਾਨ, ਅਤੇ ਉਮਰ ਵਰਗ-19 'ਚ ਪ੍ਰਭਜੋਤ ਸਿੰਘ ਨੇ ਉੱਚੀ ਛਾਲ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ।ਇਨ੍ਹਾਂ ਵਿਦਿਆਰਥੀਆਂ ਵਿੱਚੋਂ ਅਨਮੋਲਪ੍ਰੀਤ ਸਿੰਘ ਉਮਰ ਵਰਗ-14, ਜਸ਼ਨ ਸਿੰਘ ਦੀ ਉਮਰ ਵਰਗ-19 ਐਥਲੈਟਿਕਸ ਵਿੱਚ ਜ਼ਿਲ੍ਹਾ-ਪੱਧਰੀ ਖੇਡਾਂ ਲਈ ਚੋਣ ਕੀਤੀ ਗਈ।ਵਿਦਿਆਰਥੀਆਂ ਦੀ ਜ਼ੋਨ ਵਿੱਚੋਂ ਸ਼ਾਨਦਾਰ ਪ੍ਰਾਪਤੀ 'ਤੇ ਬੱਚਿਆਂ ਦੇ ਮਾਤਾ-ਪਿਤਾ ਨੂੰ ਮੁਬਾਰਕਵਾਦ ਦਿੰਦਿਆਂ ਅਕੈਡਮੀ ਦੇ ਪ੍ਰਿੰਸੀਪਲ ਗੁਰਪ੍ਰੀਤ ਕੌਰ ਤੇ ਪ੍ਰਗਟ ਸਿੰਘ ਡੀ ਪੀ ਨੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਅਤੇ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

## 6 ਲੱਖ ਦੀ ਠੱਗੀ ਮਾਰਨ ਦੇ ਦੋਸ਼ 'ਚ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫ਼ਿਰੋਜ਼ਪੁਰ ਦੀ ਪੁਲਸ ਨੇ 6 ਲੱਖ ਰੁਪਏ ਦਾ ਚੈੱਕ ਦੇਣ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲੇ ਤਿੰਨ ਮੁਲਜ਼ਮਾਂ ਖ਼ਿਲਾਫ਼ ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ ਧੋਖਾਧੜੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ।ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫ਼ਿਰੋਜ਼ਪੁਰ ਦੇ ਸਹਾਇਕ ਇੰਸਪੈਕਟਰ ਕ੍ਰਿਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ 'ਚ ਸ਼ਿਕਾਇਤਕਰਤਾ ਦੀਪਕ ਬੇਰੀ ਪੁੱਤਰ ਚਰਨ ਦਾਸ ਬੇਰੀ ਵਾਸੀ ਸ਼ਿਮਲਾ ਟਾਕੀਜ਼ ਸਰਕਲ ਰੋਡ, ਫ਼ਿਰੋਜ਼ਪੁਰ ਦੇ ਸਾਹਮਣੇ ਦੱਸਿਆ ਕਿ ਉਸ ਦੀ ਇਕ ਦੁਕਾਨ ਫ਼ਿਰੋਜ਼ਪੁਰ ਮਸ਼ੀਨਰੀ ਸਟੋਰ ਦੀ ਹੈ ਅਤੇ ਉਥੋਂ ਦੋਸ਼ੀ ਗੁਰਮੀਤ ਸਿੰਘ, ਦੀਦਾਰ ਸਿੰਘ ਪੁੱਤਰ ਸਾਧੂ ਸਿੰਘ ਤੇ ਸਾਧੂ ਸਿੰਘ ਪੁੱਤਰ ਸਾਜਨ ਵਾਸੀ ਮਕਾਨ ਨੰਬਰ 23 ਸੂਰਜ ਐਵੀਨਿਊ ਹਾਕੇਵਾਲਾ ਫ਼ਿਰੋਜ਼ਪੁਰ (ਮਾਲਕ ਰਾਇਲ ਥਰੈਸ਼ਰ ਤੇ ਇੰਪਲੀਮੈਂਟ ਇੰਡਸਟਰੀਅਲ ਏਰੀਆ ਫ਼ਿਰੋਜ਼ਪੁਰ) ਉਸ ਦੀ ਦੁਕਾਨ ਤੋਂ ਸਾਮਾਨ ਖਰੀਦਦੇ ਸਨ ਤੇ ਮੁਲਜ਼ਮਾਂ ਨੇ ਖਰੀਦੇ ਗਏ ਸਾਮਾਨ ਦੀ ਬਕਾਇਆ ਰਾਸ਼ੀ 5,40,280.92 ਰੁਪਏ ਪਿਆ ਹੈ, ਜਿਸ ਲਈ ਮੁਲਜ਼ਮ ਨੇ ਉਸ ਨੂੰ 6 ਲੱਖ ਰੁਪਏ ਦਾ ਚੈੱਕ ਦਿੱਤਾ ਸੀ, ਜੋ ਕਿ ਆਈ.ਸੀ.ਆਈ.ਸੀ.ਆਈ. ਬੈਂਕ ਨੇ ਵਾਪਸ ਕਰ ਦਿੱਤਾ, ਕਿਉਂਕਿ ਉਕਤ ਖਾਤਾ ਪੂਰੀ ਤਰ੍ਹਾਂ ਫ੍ਰੀਜ਼ ਕੀਤਾ ਗਿਆ ਹੈ।ਮਾਮਲੇ ਦੀ ਜਾਂਚ ਕਰ ਰਹੇ ਕ੍ਰਿਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ 'ਚ ਕਥਿਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ ਫਿਰੋਜ਼ਪੁਰ ਦਾ ਦੌਰਾ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਵੀਰਇੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਸਹਿਤ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਦਾ ਦੌਰਾ ਕੀਤਾ ਗਿਆ।ਇਸ ਮੌਕੇ ਅਨੁਰਾਧਾ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ, ਅਰਪਨਜੋਤ ਸਿੰਘ ਅਡਿਸ਼ਨਲ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਤੇ ਹੋਰ ਜੇਲ੍ਹ ਸਟਾਫ ਮੌਜੂਦ ਸੀ।ਇਸ ਦੌਰਾਨ ਜੱਜ ਸਾਹਿਬ ਨੇ ਕੇਂਦਰੀ ਜੇਲ੍ਹ ਵਿਖੇ ਹਵਾਲਾਤੀਆਂ/ਕੈਦੀਆਂ ਦੀਆਂ ਮੁਸ਼ਕਲਾਂ ਸੁਣੀਆਂ।ਇਸ ਮੌਕੇ ਜੱਜ ਸਾਹਿਬਾਨ ਦੇ ਨਾਲ ਸੁਖਦੀਪ ਗੁੰਬਰ ਚੀਫ, ਲੀਗਲ ਏਡ ਡਿਫੈਂਸ ਕਾਊਂਸਲ ਸਿਸਟਮ, ਮਿਸ ਪ੍ਰਿਅੰਕਾ ਗਰਗ ਅਸਿਸਟੈਂਟ ਲੀਗਲ ਏਡ ਡਿਫੈਂਸ ਕਾਊਂਸਲ ਸਿਸਟਮ, ਫਿਰੋਜ਼ਪੁਰ ਵੀ ਮੌਕੇ 'ਤੇ ਹਾਜ਼ਰ ਸਨ।ਇਸ ਦੇ ਨਾਲ ਨਾਲ ਜੱਜ ਸਾਹਿਬ ਨੇ ਇਸ ਤੋਂ ਬਾਅਦ ਜੱਜ ਸਾਹਿਬ ਨੇ ਜੇਲ੍ਹ ਵਿਖੇ ਬਣੀ ਰਸੋਈ ਦਾ ਤੇ ਇੱਥੇ ਬਣੇ ਖਾਣੇ ਦਾ ਨਿਰੀਖਣ ਕੀਤਾ।ਇਸ ਤੋਂ ਬਾਅਦ ਜੱਜ ਸਾਹਿਬ ਨੇ ਜ਼ਨਾਨਾ ਵਾਰਡ ਵਿੱਚ ਹਾਜ਼ਰ ਔਰਤਾਂ ਦੀਆਂ ਸਮੱਸਿਆਵਾਂ ਸੁਣੀਆਂ।ਅੰਤ ਵਿੱਚ ਜੱਜ ਸਾਹਿਬ ਨੇ ਜੇਲ੍ਹ ਵਿੱਚ ਬੰਦ ਹਵਾਲਾਤੀਆਂ ਤੇ ਕੈਦੀਆਂ ਨੂੰ ਸੰਬੋਧਨ ਕਰਦੇ ਹੋਏ ਇਹ ਕਿਹਾ ਕਿ ਤੁਸੀਂ ਇੱਥੋਂ ਦੇਸ਼ ਦੇ ਇੱਕ ਚੰਗੇ ਨਾਗਰਿਕ ਬਣ ਕੇ ਬਾਹਰ ਜਾਓ ਤੇ ਜ਼ਿੰਦਗੀ ਵਿੱਚ ਕੋਈ ਵੀ ਗਲਤ ਕੰਮ ਨਾ ਕਰਨ ਦਾ ਪ੍ਰਣ ਲਓ ਤਾਂ ਕਿ ਤੁਹਾਡੀ ਆਉਣ ਵਾਲੀ ਜ਼ਿੰਦਗੀ ਸੁਖਮਈ ਹੋਵੇ ਤੇ ਉਹ ਪ੍ਰਮਾਤਮਾ ਨੂੰ ਇਹੀ ਪ੍ਰਾਰਥਨਾ ਕਰਦੇ ਹਨ ਕਿ ਇੱਥੋਂ ਦੇ ਕਿਸੇ ਵੀ ਵਿਅਕਤੀ ਨੂੰ ਦੁਬਾਰਾ ਜੇਲ੍ਹ ਨਾ ਆਉਣਾ ਪਵੇ ਤਾਂ ਜੋ ਤੁਸੀਂ ਦੇਸ਼ ਦੇ ਇੱਕ ਚੰਗੇ ਨਾਗਰਿਕ ਬਣਦੇ ਹੋਏ ਦੇਸ਼ ਨੂੰ ਹੋਰ ਮਹਾਨ ਬਣਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾਉਣ।ਇਸ ਮੌਕੇ ਪੈਰਾ ਲੀਗਲ ਵਲੰਟੀਅਰ ਗਗਨਦੀਪ ਸਿੰਘ ਤੇ ਖਿਲਾਰਾ ਸਿੰਘ ਵੀ ਆਪਣੇ ਜੇਲ੍ਹ ਲੀਗਲ ਸਰਵਿਸਜ਼ ਕਲੀਨਿਕ ਰਿਕਾਰਡ ਦੇ ਨਾਲ ਮੌਜੂਦ ਸਨ।

## ਸੰਯੁਕਤ ਕਿਸਾਨ ਮੋਰਚੇ ਵੱਲੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਉਣ ਦਾ ਫੈਸਲਾ

**ਮਾਨਸਾ (ਆਤਮਾ ਸਿੰਘ ਪਮਾਰ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਮਾਨਸਾ ਦੀ ਇੱਕ ਅਹਿਮ ਮੀਟਿੰਗ ਗੁਰਦੁਆਰਾ ਸਾਹਿਬ ਭਾਈ ਬਹਿਲੋ ਫਫੜੇ ਭਾਈਕੇ ਵਿਖੇ ਹੋਈ।ਮੀਟਿੰਗ ਦੀ ਪ੍ਰਧਾਨਗੀ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂ ਪ੍ਰਸ਼ੋਤਮ ਸਿੰਘ ਗਿੱਲ, ਜਮਹੂਰੀ ਕਿਸਾਨ ਸਭਾ ਦੇ ਆਗੂ ਛੱਜੂ ਰਾਮ ਰਿਸ਼ੀ ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਬੁਰਜ ਗਿੱਲ) ਦੇ ਆਗੂ ਲਛਮਣ ਚੱਕ ਅਲੀਸ਼ੇਰ ਵੱਲੋਂ ਕੀਤੀ ਗਈ।ਮੀਟਿੰਗ ਦੇ ਸ਼ੁਰੂ 'ਚ ਆਗੂਆਂ ਨੇ ਪਿਛਲੇ ਦਿਨੀਂ ਕਾਮਰੇਡ ਸੀਤਾਰਾਮ ਯੇਚੁਰੀ ਦੇ ਬੇਵਕਤ ਵਿਛੋੜੇ ਨੂੰ ਸਿਆਸੀ ਤੌਰ 'ਤੇ ਨਾ ਪੂਰਿਆ ਜਾਣ ਵਾਲਾ ਘਾਟਾ ਦੱਸਿਦਿਆਂ ਸ਼ਰਧਾਂਜਲੀ ਅਰਪਿਤ ਕੀਤੀ।ਸੰਯੁਕਤ ਕਿਸਾਨ ਮੋਰਚੇ ਦੇ ਸੂਬਾਈ ਸੱਦੇ ਅਨੁਸਾਰ ਜ਼ਿਲ੍ਹਾ ਮਾਨਸਾ ਵੱਲੋਂ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਸਾਂਝੇ ਤੌਰ 'ਤੇ ਜ਼ਿਲ੍ਹਾ ਕਚਹਿਰੀ ਮਾਨਸਾ ਵਿਖੇ 11 ਵਜੇ ਤੋਂ 2 ਵਜੇ ਤੱਕ ਮਨਾਉਣ ਦਾ ਫੈਸਲਾ ਸਰਬ ਸੰਮਤੀ ਨਾਲ ਲਿਆ ਗਿਆ, ਜਿਸ ਵਿੱਚ ਬੁਲਾਰਿਆਂ ਦਾ ਮੁੱਖ ਵਿਸ਼ਾ ਸ਼ਹੀਦ ਭਗਤ ਸਿੰਘ ਦੇ ਜੀਵਨ, ਫਲਸਫੇ ਤੇ ਮੌਜੂਦਾ ਦਰਪੇਸ਼ ਚੁਣੌਤੀਆਂ ਹੀ ਮੁੱਖ ਤੌਰ 'ਤੇ ਹੋਵੇਗਾ।ਇਸ ਤੋਂ ਇਲਾਵਾ ਸੇਵਾ ਸਿੰਘ ਠੀਕਰੀ ਵਾਲਾ ਦੇ ਬੁੱਤ ਤੱਕ ਪੈਦਲ ਮਾਰਚ ਵੀ ਕੱਢਿਆ ਜਾਵੇਗਾ।ਇਸ ਸਮੇਂ ਪਰਮਜੀਤ ਗਾਗੋਵਾਲ ਬੀ ਕੇ ਯੂ ਕਾਦੀਆਂ, ਜਮਹੂਰੀ ਕਿਸਾਨ ਸਭਾ ਦੇ ਅਮਰੀਕ ਸਿੰਘ ਫਫੜੇ ਤੇ ਬੱਲਮ ਸਿੰਘ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਡਾ. ਧੰਨਾ ਮੱਲ ਗੋਇਲ ਤੇ ਡਾ. ਸੱਤਪਾਲ ਰਿਸ਼ੀ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਭਜਨ ਸਿੰਘ ਘੁੰਮਣ, ਪੰਜਾਬ ਕਿਸਾਨ ਯੂਨੀਅਨ ਦੇ ਗੁਰਨਾਮ ਸਿੰਘ ਭੀਖੀ, ਕੁੱਲ ਹਿੰਦ ਕਿਸਾਨ ਸਭਾ ਦੇ ਰੂਪ ਸਿੰਘ ਢਿੱਲੋਂ, ਬੀਕੇਯੂ ਡਕੌਂਦਾ ਬੁਰਜ ਗਿੱਲ ਦੇ ਸੱਤਪਾਲ ਬਰੇ, ਬੀਕੇਯੂ ਲੱਖੋਵਾਲ ਗੁਰਮੀਤ ਸਿੰਘ ਆਦਿ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ।ਆਗੂਆਂ ਨੇ ਸਮੂਹ ਭਰਾਤਰੀ ਜਥੇਬੰਦੀਆਂ, ਟਰੇਡ ਯੂਨੀਅਨਾਂ ਤੇ ਲੋਕ ਹਿੱਤਾਂ ਲਈ ਲੜਨ ਵਾਲੀਆਂ ਜਥੇਬੰਦੀਆਂ ਤੇ ਇਨਸਾਫ਼ ਪਸੰਦ ਲੋਕਾਂ ਨੂੰ ਇਸ ਪ੍ਰੋਗਰਾਮ 'ਚ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਗਈ।

## ਖੇਡਾਂ ਵਤਨ ਪੰਜਾਬ ਦੀਆਂ : ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਸ਼ਾਨੋ-ਸ਼ੌਕਤ ਨਾਲ ਸੰਪੰਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ, ਚਾਵਲਾ)**-ਖੇਡਾਂ ਵਤਨ ਪੰਜਾਬ ਦੀਆਂ 2024 ਸੀਜ਼ਨ-3 ਤਹਿਤ ਖੇਡ ਵਿਭਾਗ ਪੰਜਾਬ ਤੇ ਜ਼ਿਲ੍ਹਾ ਪ੍ਰਸ਼ਾਸਨ ਸ੍ਰੀ ਮੁਕਤਸਰ ਸਾਹਿਬ ਦੇ ਸਹਿਯੋਗ ਨਾਲ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਏ। ਇਹ ਜਾਣਕਾਰੀ ਜ਼ਿਲ੍ਹਾ ਖੇਡ ਅਫਸਰ ਸ੍ਰੀ ਮੁਕਤਸਰ ਸਾਹਿਬ ਸ੍ਰੀਮਤੀ ਅਨਿੰਦਰਵੀਰ ਕੌਰ ਬਰਾੜ ਨੇ ਸਾਂਝੀ ਕੀਤੀ।ਉਨ੍ਹਾਂ ਦੱਸਿਆ ਕਿ ਉਮਰ ਵਰਗ ਅੰਡਰ 14, 17, 19, 21, 21-30, 31-40, 41-50, 51-60, 61-70 ਤੇ 70 ਤੋਂ ਵੱਧ ਉਮਰ ਵਰਗ ਦੇ ਖਿਡਾਰੀ/ਖਿਡਾਰਨਾਂ ਵੱਲੋਂ ਭਾਗ ਲਿਆ ਗਿਆ।ਇਸ ਮੌਕੇ ਖੇਡ ਵਿਭਾਗ, ਪੰਜਾਬ ਦੇ ਡਿਪਟੀ ਡਾਇਰੈਕਟਰ ਸ੍ਰੀ ਪਰਮਿੰਦਰ ਸਿੰਘ ਸੰਧੂ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ ਅਤੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ ਅਤੇ ਇਨ੍ਹਾਂ ਖੇਡਾਂ ਵਿੱਚ ਜੇਤੂ ਖਿਡਾਰੀਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਖੇਡ ਵਿਭਾਗ ਸ੍ਰੀ ਮੁਕਤਸਰ ਸਾਹਿਬ ਦੇ ਸਮੂਹ ਕੋਚ ਕੰਵਲਜੀਤ ਸਿੰਘ ਹੈਂਡਬਾਲ ਕੋਚ, ਰਮਨਦੀਪ ਕੌਰ ਬਾਕਸਿੰਗ ਕੋਚ, ਗੁਰਸੇਵਕ ਸਿੰਘ ਕਬੱਡੀ ਕੋਚ, ਦੀਪੀ ਰਾਣੀ ਜਿਮਨਾਸਟਿਕ ਕੋਚ, ਨੀਤੀ ਹਾਕੀ ਕੋਚ, ਇੰਦਰਪ੍ਰੀਤ ਕੌਰ ਹਾਕੀ ਕੋਚ, ਵਿਕਰਮਜੀਤ ਸਿੰਘ ਐਥਲੈਟਿਕਸ ਕੋਚ, ਸੁਰੇਖਾ ਕਲਰਕ, ਅੰਕੁਸ਼ ਸੇਤੀਆ ਸਟੈਨੋ ਤੇ ਸਿੱਖਿਆ ਵਿਭਾਗ ਦੇ ਸਮੂਹ ਡੀ.ਪੀ.ਈ./ਪੀ.ਟੀ.ਆਈ. ਸਿਹਤ ਵਿਭਾਗ ਦੀ ਟੀਮ, ਸਕਿਊਰਟੀ ਦੀ ਟੀਮ, ਹੋਰ ਕਈ ਪਤਵੰਤੇ ਹਾਜ਼ਰ ਸਨ।

## ਗੰਗੋਹਰ 'ਚ ਭਾਕਿਯੂ ਡਕੌਂਦਾ ਇਕਾਈ ਦੀ ਸਰਬ-ਸੰਮਤੀ ਨਾਲ ਚੋਣ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਗੰਗੋਹਰ ਵਿਖੇ ਭਾਕਿਯੂ ਡਕੌਂਦਾ (ਬੁਰਜ ਗਿੱਲ) ਦੀ ਮੀਟਿੰਗ ਬਲਾਕ ਪ੍ਰਧਾਨ ਅਮਰਜੀਤ ਸਿੰਘ ਮਹਿਲ ਖੁਰਦ ਦੀ ਅਗਵਾਈ ਹੇਠ ਹੋਈ।ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਖਜ਼ਾਨਚੀ ਮਲਕੀਤ ਸਿੰਘ ਈਨਾ, ਜਨਰਲ ਸਕੱਤਰ ਜੱਗਾ ਸਿੰਘ ਛਾਪਾ ਨੇ ਕਿਹਾ ਕਿ ਜਥੇਬੰਦੀ ਦੇ ਸੂਬਾਈ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ 2 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਪਾਣੀਆਂ ਦੇ ਮੁੱਦੇ, ਰਹਿੰਦੀਆਂ ਕਿਸਾਨੀ ਮੰਗਾਂ ਦੀ ਪੂਰਤੀ ਲਈ ਲਗਾਏ ਜਾ ਰਹੇ ਪੱਕੇ ਮੋਰਚੇ ਦੀਆਂ ਤਿਆਰੀਆਂ ਸਬੰਧੀ, ਜਿੱਥੇ ਪਿੰਡ ਪੱਧਰ ਤੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਤੇ ਔਰਤਾਂ ਦੀਆਂ ਭਰਵੀਆਂ ਮੀਟਿੰਗਾਂ ਨਾਲ ਲਾਮਬੰਦੀ ਕੀਤੀ ਜਾ ਰਹੀ ਹੈ।ਉਥੇ ਪਿੰਡ ਪੱਧਰ ਤੇ ਨਵੀਆਂ ਇਕਾਈਆਂ ਦਾ ਗਠਨ ਕਰਕੇ ਜਥੇਬੰਦੀ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ।ਉਨ੍ਹਾਂ ਡੀ ਏ ਪੀ ਖਾਦ ਲੋੜ ਅਨੁਸਾਰ ਪੂਰਾ ਪ੍ਰਬੰਧ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਅਜਿਹੇ ਹਾਲਾਤ 'ਚ ਕਣਕ ਦੀ ਬਿਜਾਈ ਸਮੇਂ ਖਾਦ ਦੀ ਤੋਟ ਪੈ ਸਕਦੀ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ ਖਾਦ ਸਪਲਾਈ ਯਕੀਨੀ ਬਣਾਉਣ ਲਈ ਕਦਮ ਨਾ ਚੁੱਕੇ ਤਾਂ ਸੰਘਰਸ਼ ਵਿੱਢਿਆ ਜਾਵੇਗਾ।ਇਸ ਸਮੇਂ ਬਲਾਕ ਆਗੂ ਅਵਤਾਰ ਸਿੰਘ ਕਲਾਲ ਮਾਜਰਾ ਨੇ ਵੀ ਵਿਚਾਰ ਰੱਖੇ। ਭਾਕਿਯੂ ਡਕੌਂਦਾ ਬੁਰਜ ਗਿੱਲ ਦੀ ਪਿੰਡ ਗੰਗੋਹਰ ਇਕਾਈ ਦੀ ਸਰਬ ਸੰਮਤੀ ਨਾਲ ਕਰਵਾਈ ਚੋਣ ਵਿੱਚ ਪ੍ਰਧਾਨ ਰਣਜੀਤ ਸਿੰਘ, ਬਿੰਦਰ ਸਿੰਘ, ਸੀਨੀ: ਮੀਤ ਪ੍ਰਧਾਨ ਇੰਦਰਜੀਤ ਸਿੰਘ, ਮੀਤ ਪ੍ਰਧਾਨ ਬਲਦੇਵ ਸਿੰਘ, ਮੀਤ ਪ੍ਰਧਾਨ ਬਲਵਿੰਦਰ ਸਿੰਘ, ਮੀਤ ਪ੍ਰਧਾਨ ਦਰਸ਼ਨ ਸਿੰਘ, ਖਜ਼ਾਨਚੀ ਵਰਿੰਦਰ ਸਿੰਘ, ਜਨਰਲ ਸਕੱਤਰ ਨਿਰਮਲ ਸਿੰਘ, ਪ੍ਰੈੱਸ ਸਕੱਤਰ ਜਗਦੀਸ਼ ਸਿੰਘ, ਸਹਾਇਕ ਖਜ਼ਾਨਚੀ ਕੁਲਵਿੰਦਰ ਸਿੰਘ, ਹੀਰਾ ਸਿੰਘ ਸਹਾਇਕ ਸਕੱਤਰ, ਸਮਸ਼ੇਰ ਸਿੰਘ, ਕਰਮਜੀਤ ਸਿੰਘ ਸਲਾਹਕਾਰ ਤੋਂ ਇਲਾਵਾ 25 ਮੈਂਬਰੀ ਕਾਰਜਕਾਰਨੀ ਕਮੇਟੀ ਚੁਣੀ ਗਈ।

# ਚੋਟੀ ਦੇ ਸਾਇੰਸਦਾਨਾਂ 'ਚ ਪੀ ਯੂ ਦੇ 14 ਅਧਿਆਪਕਾਂ ਦਾ ਨਾਂਅ ਸ਼ਾਮਲ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ 14 ਫ਼ੈਕਲਟੀ ਮੈਂਬਰਾਂ ਨੇ ਦੁਨੀਆ ਵਿਚਲੇ ਚੋਟੀ ਦੇ 2 ਪ੍ਰਤੀਸ਼ਤ ਵਿਗਿਆਨੀਆਂ ਦੀ ਸੂਚੀ ਵਿੱਚ ਆਪਣਾ ਨਾਮ ਬਣਾ ਲਿਆ ਹੈ।ਇਸ ਦੀ ਜਾਣਕਾਰੀ ਦਿੰਦੇ ਹੋਏ ਇੱਥੇ ਯੂਨੀਵਰਸਿਟੀ ਬੁਲਾਰੇ ਨੇ ਦੱਸਿਆ ਕਿ ਯੂ. ਐੱਸ. ਏ. ਦੀ ਸਟੈਨਫੋਰਡ ਯੂਨੀਵਰਸਿਟੀ ਵੱਲੋਂ ਜਾਰੀ ਸੂਚੀ ਵਿੱਚ ਪੰਜਾਬੀ ਯੂਨੀਵਰਸਿਟੀ ਤੋਂ ਅੱਠ ਅਧਿਆਪਕਾਂ ਦਾ ਨਾਮ 'ਕੈਰੀਅਰ-ਲੌਂਗ ਲਿਸਟ' ਨਾਮਕ ਸ਼੍ਰੇਣੀ ਵਿੱਚ ਸ਼ਾਮਲ ਹੈ, ਜਦੋਂ ਕਿ 14 ਅਧਿਆਪਕਾਂ ਦਾ ਨਾਮ ਇੱਕ ਸਾਲ ਦੇ ਅੰਕੜਿਆਂ 'ਤੇ ਅਧਾਰਤ ਸ਼੍ਰੇਣੀ ਵਿੱਚ ਸ਼ਾਮਲ ਹੈ।ਇੱਕ ਸਾਲ ਵਾਲ਼ੀ ਸੂਚੀ 2023 ਵਿੱਚ ਕੀਤੀ ਗਈ ਖੋਜ ਦੇ ਅਧਾਰ 'ਤੇ ਤਿਆਰ ਕੀਤੀ ਗਈ ਹੈ।ਜ਼ਿਕਰਯੋਗ ਹੈ ਕਿ ਇਹ ਚੋਣ ਉੱਚ-ਕੋਟੀ ਦੇ ਇੱਕ ਲੱਖ ਵਿਗਿਆਨੀਆਂ ਦੇ 'ਤੇ ਸੀ-ਸਕੋਰ (ਸਵੈ-ਸਾਈਟੇਸ਼ਨ ਤੋਂ ਬਿਨਾਂ ਤੇ ਨਾਲ਼) ਰਾਹੀਂ ਕੀਤੀ ਗਈ ਹੈ।ਕੈਰੀਅਰ ਲੌਂਗ ਲਿਸਟ ਵਿੱਚ ਬਾਇਓ-ਟੈਕਨਾਲੋਜੀ ਵਿਭਾਗ ਤੋਂ ਡਾ. ਰਾਮ ਸਰੂਪ ਸਿੰਘ, ਫਾਰਮਾਸਿਊਟੀਕਲ ਤੇ ਡਰੱਗ ਰਿਸਰਚ ਵਿਭਾਗ ਤੋਂ ਡਾ. ਅਸ਼ੋਕ ਕੁਮਾਰ ਤਿਵਾੜੀ, ਰਸਾਇਣ ਵਿਗਿਆਨ ਵਿਭਾਗ ਤੋਂ ਡਾ. ਅਸ਼ੋਕ ਕੁਮਾਰ ਮਲਿਕ, ਗਣਿਤ ਵਿਭਾਗ ਤੋਂ ਡਾ. ਪ੍ਰਵੀਨ ਲਤਾ, ਫਾਰਮਾਸਿਊਟੀਕਲ ਤੇ ਡਰੱਗ ਰਿਸਰਚ ਵਿਭਾਗ ਤੋਂ ਡਾ. ਅਮਤੇਸ਼ਵਰ ਜੱਗੀ, ਕੰਪਿਊਟਰ ਸਾਇੰਸ ਇੰਜਨੀਅਰਿੰਗ ਵਿਭਾਗ ਤੋਂ ਡਾ. ਚੰਦਨ ਸਿੰਘ, ਫਾਰਮਾਸਿਊਟੀਕਲ ਐਂਡ ਡਰੱਗ ਰਿਸਰਚ ਵਿਭਾਗ ਤੋਂ ਡਾ. ਓਮ ਸਿਲਾਕਾਰੀ, ਭੌਤਿਕ ਵਿਗਿਆਨ ਵਿਗਿਆਨ ਤੋਂ ਡਾ. ਅਸ਼ੋਕ ਕੁਮਾਰ ਦਾ ਨਾਮ ਇਸ ਸੂਚੀ ਵਿੱਚ ਸ਼ਾਮਲ ਹੈ।

ਇਸੇ ਤਰ੍ਹਾਂ ਇੱਕ ਸਾਲ ਦੇ ਅੰਕੜਿਆਂ 'ਤੇ ਅਧਾਰਤ ਸ਼੍ਰੇਣੀ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਜਿਨ੍ਹਾਂ 14 ਦੇ ਕਰੀਬ ਫੈਕਲਟੀ ਮੈਂਬਰਾਂ ਦੇ ਨਾਮ ਦਰਜ ਹੋਏ ਹਨ, ਉਨ੍ਹਾਂ ਵਿੱਚ ਬਾਇਓ-ਟੈਕਨਾਲੋਜੀ ਵਿਭਾਗ ਤੋਂ ਡਾ. ਰਾਮ ਸਰੂਪ ਸਿੰਘ, ਫਾਰਮਾਸਿਊਟੀਕਲ ਤੇ ਡਰੱਗ ਰਿਸਰਚ ਵਿਭਾਗ ਤੋਂ ਡਾ. ਅਸ਼ੋਕ ਕੁਮਾਰ ਤਿਵਾੜੀ, ਰਸਾਇਣ ਵਿਗਿਆਨ ਵਿਭਾਗ ਤੋਂ ਡਾ. ਅਸ਼ੋਕ ਕੁਮਾਰ ਮਲਿਕ, ਗਣਿਤ ਵਿਭਾਗ ਤੋਂ ਡਾ. ਪ੍ਰਵੀਨ ਲਤਾ, ਫਾਰਮਾਸਿਊਟੀਕਲ ਤੇ ਡਰੱਗ ਰਿਸਰਚ ਵਿਭਾਗ ਤੋਂ ਡਾ. ਅਮਤੇਸ਼ਵਰ ਜੱਗੀ, ਕੰਪਿਊਟਰ ਸਾਇੰਸ ਇੰਜਨੀਅਰਿੰਗ ਵਿਭਾਗ ਤੋਂ ਡਾ. ਚੰਦਨ ਸਿੰਘ, ਫਾਰਮਾਸਿਊਟੀਕਲ ਐਂਡ ਡਰੱਗ ਰਿਸਰਚ ਵਿਭਾਗ ਤੋਂ ਡਾ. ਓਮ ਸਿਲਾਕਾਰੀ, ਗਣਿਤ ਵਿਭਾਗ ਤੋਂ ਡਾ. ਨਰਿੰਦਰ ਸਿੰਘ, ਰਸਾਇਣ ਵਿਗਿਆਨ ਵਿਭਾਗ ਤੋਂ ਡਾ. ਰਮਨਦੀਪ ਕੌਰ, ਫਾਰਮਾਸਿਊਟੀਕਲ ਐਂਡ ਡਰੱਗ ਰਿਸਰਚ ਵਿਭਾਗ ਤੋਂ ਡਾ. ਨਿਰਮਲ ਸਿੰਘ, ਫਾਰਮਾਸਿਊਟੀਕਲ ਤੇ ਡਰੱਗ ਰਿਸਰਚ ਤੋਂ ਡਾ. ਰਾਜੇਸ਼ ਗੋਇਲ, ਫਾਰਮਾਸਿਊਟੀਕਲ ਤੇ ਡਰੱਗ ਰਿਸਰਚ ਤੋਂ ਡਾ. ਯੋਗਿਤਾ ਬਾਂਸਲ, ਫਾਰਮਾਸਿਊਟੀਕਲ ਐਂਡ ਡਰੱਗ ਰਿਸਰਚ ਵਿਭਾਗ ਤੋਂ ਡਾ. ਗੁਰਪ੍ਰੀਤ ਕੌਰ ਤੇ ਭੌਤਿਕ ਵਿਗਿਆਨ ਵਿਭਾਗ ਤੋਂ ਡਾ. ਅਸ਼ੋਕ ਕੁਮਾਰ ਸ਼ਾਮਲ ਹਨ।ਵਾਈਸ ਚਾਂਸਲਰ ਸ੍ਰੀ ਕੇ. ਕੇ. ਯਾਦਵ, ਆਈ.ਏ.ਐੱਸ. ਤੇ ਡੀਨ ਅਕਾਦਮਿਕ ਮਾਮਲੇ ਡਾ. ਨਰਿੰਦਰ ਕੌਰ ਮੁਲਤਾਨੀ ਵੱਲੋਂ ਇਸ ਪ੍ਰਾਪਤੀ 'ਤੇ ਸਾਰੇ ਫੈਕਲਟੀ ਮੈਂਬਰਾਂ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਗਈ। ਉਨ੍ਹਾਂ ਕਿਹਾ ਕਿ ਅਜਿਹਾ ਹੋਣ ਨਾਲ਼ ਅਦਾਰੇ ਦੇ ਵੱਕਾਰ ਵਿੱਚ ਵਾਧਾ ਹੁੰਦਾ ਹੈ।ਉਨ੍ਹਾਂ ਇਸ ਪ੍ਰਾਪਤੀ ਵਾਲ਼ੇ ਸਾਰੇ ਫ਼ੈਕਲਟੀ ਮੈਂਬਰਾਂ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਮਿਆਰੀ ਰਸਾਲਿਆਂ ਵਿੱਚ ਆਪਣੇ ਖੋਜ-ਪੱਤਰ ਪ੍ਰਕਾਸ਼ਤ ਕਰਨ ਲਈ ਵੀ ਪ੍ਰੇਰਿਤ ਕੀਤਾ।

## ਐੱਸ ਸੀ, ਐੱਸ ਟੀ ਮੁਲਾਜ਼ਮਾਂ ਨੂੰ ਦਰਪੇਸ਼ ਮੁਸ਼ਕਲਾਂ ਪਹਿਲ ਦੇ ਆਧਾਰ 'ਤੇ ਹੱਲ ਹੋਣਗੀਆਂ : ਡਾ. ਡਗਮੁੱਲਾ





**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਿੱਚ ਬੈਂਕਾਂ ਤੇ ਹੋਰ ਅਦਾਰਿਆਂ ਵਿੱਚ ਕੰਮ ਕਰਦੇ ਐੱਸ ਸੀ, ਐੱਸ ਟੀ ਮੁਲਾਜ਼ਮਾਂ ਨੂੰ ਦਰਪੇਸ਼ ਮੁਸ਼ਕਲਾਂ ਪਹਿਲ ਦੇ ਆਧਾਰ 'ਤੇ ਹੱਲ ਕਰਵਾਈਆਂ ਜਾਣਗੀਆਂ।ਇਹ ਪ੍ਰਗਟਾਵਾ ਮੈਂਬਰ ਪਾਰਲੀਮੈਂਟ ਤੇ ਪਾਰਲੀਮੈਂਟਰੀ ਕਮੇਟੀ ਆਫ ਇੰਡੀਆ ਫਾਰ ਸ਼ਡਿਊਲ ਕਾਸਟਰ ਦੇ ਮੈਂਬਰ ਡਾ. ਡਗਮੁੱਲਾ ਪ੍ਰਸਾਦਾ ਰਾਓ ਨੇ ਕੀਤਾ ਹੈ।ਉਹ ਇਥੇ ਪ੍ਰਭਾਤ ਪ੍ਰਵਾਨਾ ਮੈਮੋਰੀਅਲ ਹਾਲ ਵਿੱਚ ਨੈਸ਼ਨਲ ਕੌਂਸਲ ਆਫ ਐੱਸ ਸੀ, ਐੱਸ ਟੀ ਵੈੱਲਫੇਅਰ ਆਰਗੇਨਾਈਜ਼ੇਸ਼ਨ ਤੇ ਐੱਸ ਸੀ, ਐੱਸ ਟੀ ਵੈੱਲਫੇਅਰ ਆਰਗੇਨਾਈਜ਼ੇਸ਼ਨ ਦੀ ਜਨਰਲ ਬਾਡੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।ਡਾ. ਪ੍ਰਸਾਦਾ ਰਾਓ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਬੈਂਕਾਂ ਤੇ ਹੋਰ ਅਦਾਰਿਆਂ ਵਿੱਚ ਕੰਮ ਕਰਦੇ ਐੱਸ ਸੀ, ਐੱਸ ਟੀ ਮੁਲਾਜ਼ਮਾਂ ਨੂੰ ਅਨੇਕਾਂ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਸਾਡੀ ਪਹਿਲ ਹੋਵੇਗੀ ਕਿ ਇਹ ਮੁਸ਼ਕਲਾਂ ਜਲਦੀ ਤੋਂ ਜਲਦੀ ਹੱਲ ਕਰਵਾਈਆਂ ਜਾਣ।ਇਸ ਤੋਂ ਪਹਿਲਾਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਨੈਸ਼ਨਲ ਕੌਂਸਲ ਦੇ ਜਨਰਲ ਸਕੱਤਰ ਮਹੇਸ਼ ਕੁਮਾਰ ਨੇ ਡਾ. ਪ੍ਰਸਾਦਾ ਰਾਓ, ਨੈਸ਼ਨਲ ਕੌਂਸਲ ਦੇ ਕੌਮੀ ਜਨਰਲ ਸਕੱਤਰ ਪੀ ਨਰਸਿਮ੍ਹਾ ਤੇ ਹੋਰ ਪਤਵੰਤਿਆਂ ਦਾ ਇਥੇ ਪੁੱਜਣ 'ਤੇ ਸਵਾਗਤ ਕੀਤਾ ਅਤੇ ਜੀ ਆਇਆਂ ਕਿਹਾ।ਉਨ੍ਹਾਂ ਸੰਗਠਨ ਵੱਲੋਂ ਪੰਜਾਬ ਵਿੱਚ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਵੀ ਦਿੱਤੀ ਤੇ ਮੁਸ਼ਕਲਾਂ ਵੀ ਪਤਵੰਤਿਆਂ ਦੇ ਧਿਆਨ ਵਿੱਚ ਲਿਆਂਦੀਆਂ।

## 5,000 ਰੁਪਏ ਰਿਸ਼ਵਤ ਲੈਂਦਾ ਸਹਾਇਕ ਸਬ-ਇੰਸਪੈਕਟਰ ਕਾਬੂ



ਤਰਨਤਾਰਨ/ਭਿੱਖੀਵਿੰਡ/ਖਾਲੜਾ (ਪ੍ਰਿਤਪਾਲ ਸਿੰਘ/ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਚਲਾਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤਹਿਤ ਮੰਗਲਵਾਰ ਨੂੰ ਜ਼ਿਲ੍ਹਾ ਤਰਨਤਾਰਨ ਪੁਲਸ ਹੈਲਪਲਾਈਨ ਨੰਬਰ 112 ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ (ਏ ਐੱਸ ਆਈ.) ਰਾਜ ਕੁਮਾਰ ਨੂੰ 5,000 ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕਰਨ ਦੀ ਖ਼ਬਰ ਸਾਹਮਣੇ ਆਈ ਹੈ।ਵਿਜੀਲੈਂਸ ਬਿਊਰੋ ਦੇ ਬੁਲਾਰੇ ਅਨੁਸਾਰ ਇਹ ਗ੍ਰਿਫ਼ਤਾਰੀ ਤਰਨਤਾਰਨ ਜ਼ਿਲ੍ਹੇ ਦੇ ਮੁਰਾਦਪੁਰ ਦੇ ਵਸਨੀਕ ਰਾਜ ਕਰਨ ਦੀ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ।ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਏਐੱਸਆਈ ਨੇ ਉਸਦਾ ਮੋਬਾਈਲ ਫੋਨ ਵਾਪਸ ਕਰਨ ਅਤੇ ਸ਼ਿਕਾਇਤਕਰਤਾ ਦੇ ਨਜ਼ਦੀਕੀ ਸਾਥੀ ਨੂੰ ਫਰਜ਼ੀ ਐੱਨਡੀਪੀਐੱਸ ਦੇ ਕੇਸ ਵਿੱਚੋਂ ਬਚਾਉਣ ਦੇ ਬਦਲੇ 30,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ।

ਉਨ੍ਹਾਂ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਹੈ ।ਬੁਲਾਰੇ ਨੇ ਅੱਗੇ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਪੁਲਸ ਮੁਲਾਜ਼ਮ 'ਹਨੀ ਟਰੈਪ ਨੈੱਟਵਰਕ' ਦਾ ਹਿੱਸਾ ਸੀ, ਜਿਸ ਵਿਚ ਔਰਤਾਂ ਸਮੇਤ ਹੋਰ ਪੁਲਸ ਅਧਿਕਾਰੀ ਅਤੇ ਨਿੱਜੀ ਵਿਅਕਤੀ ਸ਼ਾਮਲ ਸਨ।ਇਹ ਦੋਸ਼ੀ ਆਪਣੀਆਂ ਸਾਥੀ ਔਰਤਾਂ ਦੀ ਮਿਲੀਭੁਗਤ ਨਾਲ ਅਣਪਛਾਤੇ ਵਿਅਕਤੀਆਂ ਨੂੰ ਬਹਿਲਾ-ਫੁਸਲਾ ਕੇ ਹੋਟਲਾਂ ਵਿਚ ਲਿਜਾਣ ਲਈ ਮਜਬੂਰ ਕਰਦਾ ਸੀ ਅਤੇ ਬਾਅਦ ਵਿੱਚ ਖੁਦ ਹੀ ਆਪਣੇ ਹੋਰ ਪੁਲਸ ਮੁਲਾਜ਼ਮਾਂ ਨਾਲ ਮੌਕੇ 'ਤੇ ਪਹੁੰਚ ਕੇ ਪੀੜਤਾਂ ਨੂੰ ਬਲੈਕਮੇਲ ਕਰਕੇ ਮੋਟੀਆਂ ਰਕਮਾਂ ਵਸੂਲਦਾ ਸੀ।ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਥਾਣਾ ਰੇਂਜ ਅੰਮ੍ਰਿਤਸਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਖ਼ਿਲਾਫ਼ ਅੰਮ੍ਰਿਤਸਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨੂੰ ਭਲਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ।

## ਟਰੱਕ ਦੀ ਫੇਟ ਵੱਜਣ ਨਾਲ ਸਕੂਟਰ 'ਤੇ ਸਵਾਰ ਮਾਂ ਦੀ ਮੌਤ, ਪੁੱਤਰ ਜ਼ਖ਼ਮੀ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਦੀਨਾਨਗਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਵਿਸ਼ਾਲ ਕੁਮਾਰ ਪੁੱਤਰ ਬਲਬੀਰ ਚੰਦ ਵਾਸੀ ਜਕੜੀਆਂ ਨੇ ਦੱਸਿਆ ਕਿ ਮਿਤੀ 22 ਸਤੰਬਰ ਨੂੰ ਮੈਂ ਅਤੇ ਉਸ ਦੀ ਮਾਤਾ ਜਸਬੀਰ ਸਕੂਟਰੀ 'ਤੇ ਪਿੰਡ ਜਕੜੀਆਂ ਤੋਂ ਪਿੰਡ ਕੁੱਲੀਆਂ ਮੰਦਰ ਮੱਥਾ ਟੇਕਣ ਵਾਸਤੇ ਜਾ ਰਹੇ ਸੀ ਤਾਂ ਪੁਲ ਧਮਰਾਈ ਪ੍ਰੋਜੈਕਟ 'ਤੇ ਇਕ ਟਰੱਕ ਆਇਆ ਜਿਸ ਨੂੰ ਪਲਵਿੰਦਰ ਸਿੰਘ ਚੱਲਾ ਰਿਹਾ ਸੀ, ਜਿਸ ਨੇ ਲਾਪਰਵਾਹੀ ਨਾਲ ਬਿਨਾਂ ਹਾਰਨ ਦਿੱਤੇ ਮੇਰੀ ਸਕੂਟਰੀ ਪਿੱਛੇ ਟੱਕਰ ਮਾਰੀ ਅਤੇ ਮਾਤਾ ਹੇਠਾਂ ਡਿੱਗ ਗਈ। ਟਰੱਕ ਮੇਰੀ ਮਾਤਾ ਦੀ ਲੱਤ ਉੱਪਰੋਂ ਦੀ ਲੰਘ ਗਿਆ ਅਤੇ ਦੋਵਾਂ ਦੇ ਸੱਟਾਂ ਲੱਗੀਆਂ। ਟਰੱਕ ਚਾਲਕ ਮੌਕੇ 'ਤੇ ਟਰੱਕ ਭਜਾ ਕੇ ਲੈ ਗਿਆ।

ਰਾਹੀਗਰਾਂ ਨੇ ਸਵਾਰੀ ਦਾ ਪ੍ਰਬੰਧ ਕਰਕੇ ਦੋਵਾਂ ਨੂੰ ਸਰਕਾਰੀ ਹਸਪਤਾਲ ਸਿੰਘੋਵਾਲ ਦਾਖਲ ਕਰਵਾ ਦਿੱਤਾ ਜਿੱਥੇ ਡਾਕਟਰ ਸਾਹਿਬ ਨੇ ਮੇਰੀ ਮਾਤਾ ਜਸਬੀਰ ਦੀ ਮੌਤ ਹੋਣ ਬਾਰੇ ਦੱਸਿਆ ਅਤੇ ਮੇਰੀ ਮੱਲ੍ਹਮ ਪੱਟੀ ਕਰਕੇ ਛੁੱਟੀ ਦੇ ਦਿੱਤੀ। ਪੁਲਸ ਨੇ ਟਰੱਕ ਚਾਲਕ ਪਲਵਿੰਦਰ ਸਿੰਘ ਖ਼ਿਲਾਫ਼ ਜ਼ੇਰੇ ਧਾਰਾ 281, 106, 324 (4), 125 (ਏ) ਤਹਿਤ ਮਾਮਲਾ ਦਰਜ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## 3 ਰੋਜ਼ਾ ਬਲਾਕ ਬਟਾਲਾ-1 ਦੀਆਂ ਪ੍ਰਾਇਮਰੀ ਖੇਡਾਂ ਸਫ਼ਲਤਾਪੂਰਵਕ ਸੰਪੰਨ

### * ਖੇਡਾਂ ਦਾ ਮਨੁੱਖੀ ਜੀਵਨ 'ਚ ਅਹਿਮ ਸਥਾਨ ਤੇ ਹਰ ਵਿਦਿਆਰਥੀ ਖੇਡਾਂ 'ਚ ਭਾਗ ਲਵੇ : ਡੀ ਈ ਓ



ਬਟਾਲਾ (ਡਾ. ਮਲਵਿੰਦਰ ਸਿੰਘ)-ਬੀਤੇ ਦਿਨੀਂ ਸ਼ੁਰੂ ਹੋਈਆਂ 3 ਰੋਜ਼ਾ ਬਲਾਕ ਬਟਾਲਾ-1 ਦੀਆਂ ਪ੍ਰਾਇਮਰੀ ਬਲਾਕ ਪੱਧਰੀ ਖੇਡਾਂ ਸਫਲਤਾਪੂਰਵਕ ਸੰਪੰਨ ਹੋ ਗਈਆਂ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰ:/ਐਲੀ: ਗੁਰਦਾਸਪੁਰ ਪਰਮਜੀਤ ਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ: ਡਾ. ਅਨਿਲ ਸ਼ਰਮਾ ਵੱਲੋਂ ਮੁੱਖ ਮਹਿਮਾਨ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਟਾਲਾ-1 ਜਸਵਿੰਦਰ ਸਿੰਘ, ਅਜੀਤ ਸਿੰਘ ਗੋਲਡੀ ਵੱਲੋਂ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰਕੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ।ਇਸ ਮੌਕੇ ਡੀ.ਈ.ਓ. ਪਰਮਜੀਤ ਤੇ ਡਿਪਟੀ ਡੀ.ਈ.ਓ. ਡਾ. ਅਨਿਲ ਸ਼ਰਮਾ ਨੇ ਕਿਹਾ ਕਿ ਖੇਡਾਂ ਦਾ ਮਨੁੱਖੀ ਜੀਵਨ ਵਿੱਚ ਅਹਿਮ ਸਥਾਨ ਹੈ ਅਤੇ ਹਰ ਵਿਦਿਆਰਥੀ ਨੂੰ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ।ਉਨ੍ਹਾਂ ਬਲਾਕ ਬਟਾਲਾ-1 ਦੇ ਅਧਿਆਪਕਾਂ ਵੱਲੋਂ ਅਨੁਸ਼ਾਸਨ ਨਾਲ ਕਰਵਾਈਆਂ ਬਲਾਕ ਪੱਧਰੀ ਖੇਡਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।ਇਸ ਦੌਰਾਨ ਬੀ.ਪੀ.ਈ.ਓ. ਜਸਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਜਾਰੀ ਸਮਾਂ ਸਾਰਣੀ ਅਨੁਸਾਰ ਬਲਾਕ ਪੱਧਰੀ ਪ੍ਰਾਇਮਰੀ ਖੇਡਾਂ ਸ.ਸ.ਸ.ਸ. ਜੈਤੋਸਰਜਾ ਦੇ ਖੇਡ ਮੈਦਾਨ ਵਿਖੇ ਕਰਵਾਈਆਂ ਗਈਆਂ ਹਨ ਜਿਸ ਵਿੱਚ ਕਲੱਸਟਰ ਪੱਧਰ ਤੇ ਜੇਤੂ ਬੱਚਿਆਂ ਭਾਗ ਲਿਆ ਹੈ ਅਤੇ ਹੁਣ ਬਲਾਕ ਪੱਧਰ ਤੇ ਜੇਤੂ ਰਹੇ ਵਿਦਿਆਰਥੀ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਵਿੱਚ ਭਾਗ ਲੈ ਕੇ ਵਧੀਆ ਪ੍ਰਦਰਸ਼ਨ ਕਰਨਗੇ।ਇਸ ਮੌਕੇ ਓਵਰਆਲ ਟਰਾਫੀ ਕਲੱਸਟਰ ਜੈਤੋਸਰਜਾ ਦੇ ਵਿਦਿਆਰਥੀਆਂ ਵੱਲੋਂ ਸਭ ਤੋਂ ਵੱਧ ਤਗ਼ਮੇ ਹਾਸਲ ਕਰਕੇ ਜਿੱਤੀ।ਯੰਗ ਫਾਰਮਰਜ ਕਲੱਬ ਜੈਤੋਸਰਜਾ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਪੰਜ ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕੀਤੀ।ਇਸ ਦੌਰਾਨ ਸਵਰਗੀ ਅਧਿਆਪਕ ਰਾਜੇਸ਼ ਕੁਮਾਰ ਯਾਦਵ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੇ ਪਿਤਾ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪ੍ਰਿੰ. ਰੇਨੂੰ ਬਾਲਾ, ਹੈਡਮਾਸਟਰ ਗਗਨਦੀਪ ਸਿੰਘ, ਬਲਾਕ ਸਪੋਰਟਸ ਅਫ਼ਸਰ ਨਵਜੋਤ ਕੌਰ, ਸਾਹਬ ਸਿੰਘ ਸਾਬਾ, ਬਲਬੀਰ ਸਿੰਘ, ਸਤਨਾਮ ਸਿੰਘ, ਇਕਬਾਲ ਸਿੰਘ, ਬਲਾਕ ਪ੍ਰਧਾਨ ਜਸਵਿੰਦਰ ਸਿੰਘ, ਡਾ. ਹੀਰਾ ਸਿੰਘ, ਜਗਤਾਰ ਸਿੰਘ ਖਾਲਸਾ, ਸੁਖਵਿੰਦਰ ਸਿੰਘ, ਜੋਨੀ ਘੁਮਾਣ, ਸੈਂਟਰ ਮੁੱਖ ਅਧਿਆਪਕ ਹਰਪਿੰਦਰਪਾਲ ਕੌਰ, ਵਿਨੋਦ ਸ਼ਰਮਾ, ਗੁਰਪ੍ਰਤਾਪ ਸਿੰਘ, ਅਮਰਜੀਤ ਕੌਰ, ਜਸਵਿੰਦਰ ਸਿੰਘ, ਖੁਸ਼ਵੰਤ ਸਿੰਘ, ਮੰਗਤ ਰਾਮ, ਸਿਮਰਨਪਾਲ ਸਿੰਘ, ਅਮਨਦੀਪ ਕੌਰ, ਹੈੱਡ ਟੀਚਰ ਰਵਿੰਦਰ ਸਿੰਘ, ਜਸਪਾਲ ਸਿੰਘ ਕਾਹਲੋਂ, ਲਖਬੀਰ ਸਿੰਘ, ਸੁਖਦੇਵ ਸਿੰਘ, ਸੂਰਜ ਪ੍ਰਕਾਸ਼, ਪ੍ਰਿਅੰਕਾ, ਬਲਵਿੰਦਰ ਕੁਮਾਰ, ਅਸ਼ੋਕ ਸਿੰਘ, ਲੈਕਚਰਾਰ ਰਣਜੀਤ ਭਗਤ, ਡੀ. ਪੀ. ਪਰਮਿੰਦਰ ਸਿੰਘ, ਡੀ. ਪੀ. ਰਮਨਦੀਪ ਸਿੰਘ, ਪੀ. ਟੀ. ਰਾਜਕੁਮਾਰ, ਗਗਨਦੀਪ ਸਿੰਘ, ਰਾਮ ਸਿੰਘ, ਜਤਿੰਦਰ ਸਿੰਘ ਬੱਜੂਮਾਨ, ਜਤਿੰਦਰ ਸਿੰਘ, ਅਮਰਜੀਤ ਸਿੰਘ, ਸਰਬਜੀਤ ਸਿੰਘ, ਭੁਪਿੰਦਰ ਸਿੰਘ, ਸੁਖਦੇਵ ਸਿੰਘ, ਸੰਦੇਸ਼ ਕੁਮਾਰ, ਅਮਿਤ ਸਿੰਘ, ਸੰਜੀਵ ਵਰਮਾ, ਰੂਪ ਕੌਰ, ਸੰਦੀਪ ਕੌਰ, ਪਰਮਵੀਰ ਸਿੰਘ ਤੁੰਗ, ਪਲਵਿੰਦਰ ਸਿੰਘ, ਕਮਲੇਸ਼ ਕੁਮਾਰੀ, ਪਰਮਜੀਤ ਕੌਰ, ਵਰਿੰਦਰ ਕੌਰ, ਆਨੰਦਪ੍ਰੀਤ ਕੌਰ, ਮਨਜੀਤ ਕੌਰ, ਰੀਤਮ ਸ਼ਰਮਾ, ਰੇਖਾ ਸ਼ਰਮਾ, ਰਜਵੰਤ ਕੌਰ, ਰਜਿੰਦਰਬੀਰ ਕੌਰ ਆਦਿ ਹਾਜ਼ਰ ਸਨ।

## ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਵਿਖੇ ਲਗਾਇਆ ਗ੍ਰਾਮ ਸਭਾ ਚੇਤਨਾ ਸੈਮੀਨਾਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਵਿਖੇ ਸਰਦਾਰ ਹਮੀਰ ਸਿੰਘ ਸੰਪਾਦਕ 'ਪੰਜਾਬ ਟੈਲੀਵਿਜ਼ਨ' ਤੇ 'ਪੁਲਾਂਘ ਇਕ ਉਮੀਦ' ਅਤੇ ਸਾਬਕਾ ਜਥੇਦਾਰ ਸਰਦਾਰ ਕੇਵਲ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ ਅਧੀਨ ਪੰਚਾਇਤ ਚੋਣਾਂ 2024 ਨੂੰ ਮੱਦੇਨਜ਼ਰ ਰੱਖਦੇ ਹੋਏ ਵਿਦਿਆਰਥਣਾਂ ਵਿੱਚ ਪਿੰਡ ਦੀ ਪਾਰਲੀਮੈਂਟ ਗ੍ਰਾਮ ਸਭਾ ਅਤੇ ਇਸਤਰੀਆਂ ਦੀ ਰਾਜਨੀਤੀ ਵਿੱਚ ਭਾਗੀਦਾਰੀ ਲਈ ਚੇਤਨਤਾ ਪੈਦਾ ਕਰਨ ਦੇ ਮਕਸਦ ਤਹਿਤ ਸੈਮੀਨਾਰ ਲਗਾਇਆ ਗਿਆ ਜਿਸ ਵਿੱਚ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਗ੍ਰਾਮ ਸਭਾ ਦੀ ਬਣਤਰ ਕੰਮ ਤੇ ਸ਼ਕਤੀਆਂ, ਮਗਨਰੇਗਾ ਸਕੀਮ ਅਤੇ ਇਸਤਰੀਆਂ ਦੀ ਰਾਜਨੀਤੀ ਵਿੱਚ ਰਾਖਵੇਂਕਰਨ ਅਤੇ ਰਾਜਨੀਤੀ ਵਿੱਚ ਸ਼ਮੂਲੀਅਤ ਬਾਰੇ ਭਰਪੂਰ ਜਾਣਕਾਰੀ ਦਿੱਤੀ। ਇਸ ਮੌਕੇ ਹਮੀਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਉਹ ਇਸ ਕਾਲਜ ਵਿੱਚ ਜਦੋਂ ਵੀ ਆਉਂਦੇ ਹਨ ਹਮੇਸ਼ਾ ਪਹਿਲਾਂ ਨਾਲੋਂ ਵੱਧ ਪ੍ਰਪੱਕਤਾ, ਦ੍ਰਿੜ ਤਾ ਤੇ ਸਮੂਹਿਕ ਆਗੂ ਪੈਦਾ ਕਰਨ ਦੀਆਂ ਸੰਭਾਵਨਾਵਾਂ ਹੋਰ ਵੀ ਵਧੇਰੇ ਉਜਾਗਰ ਹੋਈਆਂ ਹਨ। ਉਨ੍ਹਾਂ ਕਿਹਾ ਕਿ ਕਾਰਪੋਰੇਟ ਵਿਕਾਸ ਦੌਰਾਨ ਮਹਿੰਗੇ ਸਿੱਖਿਆ ਪ੍ਰਣਾਲੀ ਅਤੇ ਦੂਜੇ ਸਕੂਲਾਂ ਦੀ ਪੜ੍ਹਾਈ ਅੰਦਰ ਨਿਰਾਸ਼ਤਾ ਦੇ ਦਰਮਿਆਨ ਸਿੱਖਿਆ ਦਾ ਇਹ ਇੱਕ ਸਸਤਾ, ਗੁਣਾਤਮਕ ਤੇ ਕਾਮਯਾਬ ਮਾਡਲ ਹੈ। ਜਥੇਦਾਰ ਸਰਦਾਰ ਕੇਵਲ ਸਿੰਘ ਨੇ ਕਿਹਾ ਕਿ ਇੱਥੇ ਆ ਕੇ ਹਮੇਸ਼ਾ ਸਾਨੂੰ ਕੁੱਝ ਨਵਾਂ ਕਰਨ ਦੀ ਪ੍ਰੇਰਨਾ ਮਿਲਦੀ ਹੈ। ਇਸ ਮੌਕੇ ਪ੍ਰਿੰ. ਸਵਰਨ ਸਿੰਘ ਵਿਰਕ ਨੇ ਇਸਤਰੀਆਂ ਦੀ ਰਾਜਨੀਤੀ ਵਿੱਚ ਹਿੱਸੇਦਾਰੀ ਬਾਰੇ ਗੱਲ ਕਰਦਿਆਂ ਕਿਹਾ ਕਿ ਅੱਜ ਦੀ ਇਸਤਰੀ ਕਾਮਯਾਬੀ ਦਾ ਹਰੇਕ ਮੈਦਾਨ ਫਤਿਹ ਕਰ ਰਹੀ ਹੈ ਤੇ ਰਾਜਨੀਤੀ ਵਿੱਚ ਵੀ ਉਸਦਾ ਪੂਰਨ ਯੋਗਦਾਨ ਹੋਣਾ ਚਾਹੀਦਾ ਹੈ। ਇਸ ਮੌਕੇ ਉਨਾਂ ਨੇ ਸਾਰੀਆਂ ਵਿਦਿਆਰਥਣਾ ਕੋਲੋਂ ਅਹਿਦ ਵੀ ਲਿਆ ਕਿ ਉਹ ਆਉਣ ਵਾਲੀਆਂ ਪੰਚਾਇਤੀ ਚੋਣਾਂ ਵਿੱਚ ਖੁਦ ਆਪ ਵੀ ਅਤੇ ਆਪਣੀਆਂ ਮਾਤਾਵਾਂ ਨੂੰ ਵੀ ਸੁਚੇਤ ਕਰਨਗੀਆਂ ਤੇ ਆਉਣ ਵਾਲੇ ਸਮੇਂ ਵਿੱਚ ਚੰਗੀਆਂ ਆਗੂ ਬਣਨਗੀਆਂ। ਪ੍ਰਿੰ. ਸਵਰਨ ਸਿੰਘ ਵਿਰਕ ਅਤੇ ਕਾਲਜ ਸਟੂਡੈਂਟ ਕਮੇਟੀ ਦੁਆਰਾ ਬਾਹਰੋਂ ਆਏ ਮਹਿਮਾਨਾਂ ਦਾ ਸਿਰੋਪਾਉ ਨਾਲ ਸਨਮਾਨ ਕੀਤਾ ਗਿਆ।

## ਬੜੀ ਸ਼ਰਧਾ ਤੇ ਉਤਸ਼ਾਹ ਨਾਲ ਹੋਵੇਗਾ ਸ਼ਹਿਰ 'ਚ ਰਾਮਲੀਲਾ ਦਾ ਮੰਚਨ: ਪੰਡਤ ਕਿਸ਼ੋਰੀ ਲਾਲ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਅਜਨਾਲਾ ਸ਼ਹਿਰ ਵਿੱਚ ਰਾਮ ਲੀਲਾ ਅਤੇ ਦੁਸਹਿਰਾ ਸ਼ਰਧਾ ਭਾਵਨਾ ਤੇ ਉਤਸ਼ਾਹ ਦੇ ਨਾਲ ਮਨਾਇਆ ਜਾਵੇਗਾ। ਇਹ ਜਾਣਕਾਰੀ ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਅਜਨਾਲਾ ਦੇ ਪ੍ਰਧਾਨ ਸੇਵਾਦਾਰ ਕਿਸ਼ੋਰੀ ਲਾਲ ਸ਼ਰਮਾ ਨੇ ਸਾਂਝੀ ਕੀਤੀ।

ਉਨ੍ਹਾਂ ਦੱਸਿਆ ਕਿ 3 ਅਕਤੂਬਰ ਦਿਨ ਵੀਰਵਾਰ ਤੋਂ 12 ਅਕਤੂਬਰ ਦਿਨ ਸ਼ਨੀਵਾਰ ਤੱਕ ਰਾਮ ਲੀਲਾ ਸ਼ਿਵ ਮੰਦਿਰ ਅਜਨਾਲਾ ਵਿਖੇ ਖੇਡੀ ਜਾ ਰਹੀ ਹੈ।ਟਾਇਮ 8.30 ਤੋਂ 11 ਵਜੇ ਤੱਕ ਦਾ ਹੋਵੇਗਾ।12 ਅਕਤੂਬਰ ਦਿਨ ਸ਼ਨੀਵਾਰ ਨੂੰ ਕੀਰਤਨ ਦਰਬਾਰ ਸੁਸਾਇਟੀ ਦੀ ਗਰਾਊਂਡ ਵਿੱਚ ਪੁਤਲੇ ਅਗਨੀ ਭੇਟ ਕਰਨ ਦਾ ਸਮਾਂ ਸ਼ਾਮ ਪੰਜ ਵਜੇ ਦਾ ਹੋਵੇਗਾ।ਮੁੱਖ ਮਹਿਮਾਨ ਹਲਕਾ ਅਜਨਾਲਾ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਹੋਣਗੇ।ਉਨ੍ਹਾਂ ਸਭ ਨੂੰ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਨਰਿੰਦਰ ਕੁਮਾਰ ਮਹੰਤਾਂ, ਪੁਨੀਤ ਕੁਮਾਰ ਭਾਰਦਵਾਜ, ਦੀਪਕ ਕੁਮਾਰ ਕੌਸ਼ਲ, ਪਵਨ ਕੁਮਾਰ ਮਹਿਤਾ, ਐਡਵੋਕੇਟ ਸੰਦੀਪ ਕੁਮਾਰ ਕੌਸ਼ਲ, ਪਿੰਕੀ ਭਾਰਦਵਾਜ, ਜਤਿਨ ਕੁਮਾਰ ਸ਼ਰਮਾ, ਕ੍ਰਿਸ਼ਨਾ ਭਾਰਦਵਾਜ, ਅਜੈ ਕੁਮਾਰ ਮਹਿਤਾ, ਬੰਟੀ ਸ਼ਰਮਾ, ਪ੍ਰਦੀਪ ਤ੍ਰੇਹਣ, ਵਿਵੇਕ ਭਾਰਦਵਾਜ, ਹਰਸ਼ ਭਾਰਦਵਾਜ, ਅਨੂਪ ਭਾਰਦਵਾਜ, ਵਿੱਕੀ ਭਾਰਦਵਾਜ, ਮਨੀਸ਼ ਕੁਮਾਰ ਸ਼ਰਮਾ, ਮਨੀਸ਼ ਕੁਮਾਰ ਅਰੋੜਾ, ਰਾਜੇਸ਼ ਕੁਮਾਰ ਚੋਪੜਾ, ਵਿੱਕੀ ਕੁੰਦਰਾ, ਚਰਨਜੀਤ ਸ਼ਰਮਾ, ਸੌਰਵ ਕੁਮਾਰ ਸ਼ਰਮਾ ਮੈਂਬਰ ਆਦਿ ਹਾਜ਼ਰ ਸਨ ।

## ਕੋਹਲੀ ਹਸਪਤਾਲ ਧਾਰੀਵਾਲ 'ਚ ਆਧੁਨਿਕ ਆਈ ਸੀ ਯੂ ਕੰਪਲੈਕਸ ਦਾ ਉਦਘਾਟਨ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਕੋਹਲੀ ਹਸਪਤਾਲ ਡਡਵਾਂ ਰੋਡ ਧਾਰੀਵਾਲ ਨੂੰ ਆਪਣੀ ਨਵੀਂ ਸ਼ਾਖਾ ਵਜੋਂ ਸ਼ੁਰੂ ਕਰਕੇ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਹੁਣ ਇਸ ਹਸਪਤਾਲ ਵਿੱਚ ਆਧੁਨਿਕ ਆਈਸੀਯੂ ਕੰਪਲੈਕਸ ਦੀ ਸ਼ੁਰੂਆਤ ਕਰਕੇ ਇਸ ਇਲਾਕੇ ਵਿੱਚ ਪਹਿਲਕਦਮੀ ਕੀਤੀ ਗਈ ਹੈ। ਇਸ ਆਧੁਨਿਕ ਆਈਸੀਯੂ ਕੰਪਲੈਕਸ ਦਾ ਉਦਘਾਟਨ ਮੁੱਖ ਮਹਿਮਾਨ ਡਾ. ਭਾਰਤ ਭੂਸ਼ਣ ਸਿਵਲ ਸਰਜਨ ਗੁਰਦਾਸਪੁਰ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਮੌਜੂਦ ਡਾਕਟਰਾਂ ਅਤੇ ਮਾਹਰਾਂ ਨੇ ਧਾਰੀਵਾਲ ਖੇਤਰ ਲਈ ਇਸ ਆਈਸੀਯੂ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਇਸ ਖੇਤਰ ਦੀ ਚਿਕਿਤਸਾ ਸੇਵਾਵਾਂ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਪਹਿਲ ਕਦਮੀ ਦੱਸਿਆ। ਇਸ ਤੋਂ ਪਹਿਲਾਂ ਮੁੱਖ ਮਹਿਮਾਨ ਡਾ. ਭਾਰਤ ਭੂਸ਼ਣ ਦਾ ਹਸਪਤਾਲ ਪਹੁੰਚਣ ਸਮੇਂ ਈਐਮਸੀ. ਗਰੁੱਪ ਦੇ ਡਾਇਰੈਕਟਰ ਡਾ. ਰਿਸ਼ਭ ਅਰੋੜਾ ਅਤੇ ਚੇਅਰਮੈਨ ਪਵਨ ਅਰੋੜਾ ਵੱਲੋਂ ਸਵਾਗਤ ਕਰਦਿਆਂ ਫੁੱਲਾਂ ਦਾ ਬੁੱਕਾ ਭੇਟ ਕੀਤਾ। ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸਿਵਲ ਸਰਜਨ ਗੁਰਦਾਸਪੁਰ ਡਾ. ਭਾਰਤ ਭੂਸ਼ਣ ਨੇ ਕਿਹਾ ਜਿੱਥੇ ਸਿਹਤ ਵਿਭਾਗ ਵੱਲੋਂ ਸਰਕਾਰੀ ਹਸਪਤਾਲਾਂ 'ਚ ਬੇਹਤਰੀਨ ਸਿਹਤ ਸੇਵਾਵਾਂ ਮੁਹੱਈਆਂ ਕਰਵਾਈ ਜਾ ਰਹੀਆਂ ਹਨ, ਉੱਥੇ ਅਜਿਹੇ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਉਪਲੱਬਧ ਆਧੁਨਿਕ ਮਸ਼ੀਨਾਂ ਅਤੇ ਮਾਹਿਰ ਡਾਕਟਰਾਂ ਦੀ ਟੀਮ ਦੁਆਰਾ ਦਿੱਤੀਆਂ ਜਾ ਰਹੀਆਂ ਬੇਹਤਰੀਨ ਸਿਹਤ ਸੇਵਾਵਾਂ ਸਮਾਜ ਨੂੰ ਨਿਰੋਗ ਅਤੇ ਤਦੰਰੁਸਤ ਬਣਾਈ ਰੱਖਣ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਈ. ਐੱਮ. ਸੀ. ਗਰੁੱਪ ਦੇ ਚੇਅਰਮੈਨ ਡਾ. ਪਵਨ ਅਰੋੜਾ ਅਤੇ ਡਾਇਰੈਕਟਰ ਡਾ. ਰਿਸ਼ਭ ਅਰੋੜਾ ਨੇ ਸਾਂਝੇ ਤੌਰ ਤੇ ਦੱਸਿਆ ਕਿ



ਕੋਹਲੀ ਹਸਪਤਾਲ ਡਡਵਾਂ ਰੋਡ ਧਾਰੀਵਾਲ ਵਿਖੇ 24 ਘੰਟੇ ਐਮਰਜੈਂਸ਼ੀ ਸਿਹਤ ਸੇਵਾਵਾਂ ਆਧੁਨਿਕ ਮਸ਼ੀਨਾਂ ਅਤੇ ਮਹਿਰ ਡਾਕਟਰ ਵੱਲੋਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਮੌਕੇ ਕੋਹਲੀ ਹਸਪਤਾਲ ਡਡਵਾ ਰੋਡ ਧਾਰੀਵਾਲ ਦੇ ਸਮੁੱਚੇ ਸਟਾਫ ਤੋਂ ਇਲਾਵਾ ਇਲਾਕੇ ਦੀਆਂ ਅਹਿਮ ਸ਼ਖਸੀਅਤਾਂ ਅਤੇ ਡਾਕਟਰ ਸਾਹਿਬਾਨਾਂ ਨੇ ਉਦਘਾਟਨੀ ਸਮਾਗਮ ਵਿੱਚ ਸ਼ਿਰਕਤ ਕੀਤੀ।

## ਸ਼ੈਰੀ ਕਲਸੀ ਨੇ ਨਵੇਂ ਬਣ ਰਹੇ ਤਹਿਸੀਲ ਕੰਪਲੈਕਸ ਦੇ ਨਿਰਮਾਣ ਕਾਰਜਾਂ ਦਾ ਲਿਆ ਜਾਇਜ਼ਾ



ਬਟਾਲਾ, (ਤਰਲੋਕ ਬੱਗਾ)-ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਪੁਲਸ ਲਾਈਨ, ਨੇੜੇ ਜੁਡੀਸ਼ੀਅਲ ਕੰਪਲੈਕਸ ਬਟਾਲਾ ਵਿਖੇ ਨਵੇਂ ਬਣਨ ਵਾਲੇ ਤਹਿਸੀਲ ਕੰਪਲੈਕਸ ਦੇ ਨਿਰਮਾਣ ਕੰਮਾਂ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਗੱਲਬਾਤ ਕਰਦਿਆ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਜਦੋਂ ਦਾ ਲੋਕਾਂ ਨੇ ਉਨਾਂ ਨੂੰ ਸੇਵਾ ਕਰਨ ਦਾ ਮੋਕਾ ਦਿੱਤਾ ਹੈ, ਉਨ੍ਹਾਂ ਵਲੋਂ ਦਿਨ ਰਾਤ ਹਲਕੇ ਦਾ ਵਿਕਾਸ ਕਰਨ ਦੇ ਨਾਲ-ਨਾਲ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਕਰੀਬ 11 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੇ ਇਸ ਨਵੇਂ ਤਹਿਸੀਲ ਕੰਪਲੈਕਸ ਨਾਲ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਇੱਕ ਛੱਤ ਹੇਠਾਂ ਵੱਖ ਵੱਖ ਸੇਵਾਵਾਂ ਦਾ ਲਾਭ ਮਿਲੇਗਾ।ਉਨ੍ਹਾਂ ਕਿਹਾ ਕਿ ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸ਼ਹਿਰ ਵਾਸੀਆਂ ਨੂੰ ਸਹੂਲਤਾਂ ਪੁੱਜਦਾ ਕਰਨ ਲਈ ਉਹ ਵਚਨਬੱਧ ਹਨ।ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜ ਗੁਣਵੱਤਾ ਭਰਪੂਰ ਕੀਤੇ ਜਾਣ ਅਤੇ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਢਿੱਲ-ਮੱਠ ਜਾਂ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਜ਼ਿਲ੍ਹਾ ਪੱਧਰੀ ਦਸਤਾਰਬੰਦੀ/ਦੋਮਾਲਾ ਮੁਕਾਬਲੇ ਕਰਵਾਏ



ਤਰਨਤਾਰਨ (ਪ੍ਰਿਤਪਾਲ ਸਿੰਘ)-ਪਿਛਲੇ ਦਿਨੀਂ ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ (ਪੰਜਾਬ) ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ 450ਵੇਂ ਜੋਤੀ-ਜੋਤਿ ਦਿਵਸ ਨੂੰ ਸਮਰਪਿਤ ਦਸਤਾਰਬੰਦੀ ਮੁਕਾਬਲੇ ਗੁਰਦੁਆਰਾ ਨਾਨਕ ਪੜਾਉ ਸਾਹਿਬ, ਫਤਿਆਬਾਦ ਵਿਖੇ ਕਰਵਾਏ ਗਏ ਜਿਸ ਵਿੱਚ ਤਰਨਤਾਰਨ ਜ਼ਿਲੇ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਦਸਤਾਰਬੰਦੀ ਮੁਕਾਬਲਿਆਂ ਵਿੱਚ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਵਿਦਿਆਰਥੀ ਗੁਰਪ੍ਰੀਤ ਸਿੰਘ (ਜਮਾਤ ਨੌਵੀਂ) ਨੇ ਪਹਿਲਾ ਸਥਾਨ, ਕਰਨਜੋਤ ਸਿੰਘ (ਜਮਾਤ ਨੌਵੀਂ) ਨੇ ਦੁਮਾਲੇ ਵਿੱਚੋਂ ਦੂਜਾ ਸਥਾਨ ਅਤੇ ਰਨਦੀਪ ਸਿੰਘ (ਜਮਾਤ ਦੱਸਵੀਂ) ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥੀਆਂ ਦੀ ਇਸ ਸ਼ਾਨਦਾਰ ਜਿੱਤ 'ਤੇ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰ. ਮਨੀਸ਼ਾ ਸੂਦ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਗਾਂਹ ਹੋਰਨਾਂ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਲਈ ਉਤਸ਼ਾਹਿਤ ਕੀਤਾ।

## ਸਨਅਤਕਾਰਾਂ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ: ਡਿਪਟੀ ਕਮਿਸ਼ਨਰ



ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਵਲੋਂ ਰਾਜ ਵਿਚ ਨਿਵੇਸ਼ ਦੇ ਮੌਕੇ ਵਧਾਉਣ 'ਤੇ ਰੋਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਉਦਯੋਗਪਤੀਆਂ ਨੂੰ ਉਨ੍ਹਾਂ ਦੇ ਕਾਰੋਬਾਰ ਨਾਲ ਸਬੰਧਤ ਕਈ ਤਰ੍ਹਾਂ ਦੀਆਂ ਸਹੂਲਤਾਂ ਆਨਲਾਈਨ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਿਸ ਨਾਲ ਉਦਯੋਗਪਤੀਆਂ ਨੂੰ ਵੱਖ-ਵੱਖ ਦਫ਼ਤਰ ਦੇ ਚੱਕਰ ਨਹੀਂ ਮਾਰਨੇ ਪੈਂਦੇ ਅਤੇ ਸਾਰੀਆਂ ਸਹੂਲਤਾਂ ਇਕੋ ਹੀ ਖਿੜਕੀ ਰਾਹੀਂ ਦੇ ਦਿੱਤੀਆਂ ਜਾਂਦੀਆਂ ਹਨ। ਇਸੇ ਸਹੂਲਤ ਤਹਿਤ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਵਲੋਂ ਯੋਗ ਪਾਈ ਗਈ ਸਨਅਤੀ ਇਕਾਈ, ਰਾਈਸ ਸ਼ੈਲਰ, ਐੱਮ/ਐੱਸ, ਰਜੋਆ ਐਗਰੋ, ਪਿੰਡ ਬਹਾਦਰਪੁਰ, ਗੁਰਦਾਸਪੁਰ ਨੂੰ ਪ੍ਰਵਾਨਗੀ ਪੱਤਰ ਜਾਰੀ ਕੀਤਾ ਗਿਆ। ਡਿਪਟੀ ਕਮਿਸ਼ਨਰ ਨੇ ਸਨਅਤਕਾਰ ਨੂੰ ਸ਼ਾਬਾਸ਼ ਦਿੰਦੇ ਵਧਾਈ ਦਿੱਤੀ ਅਤੇ ਕਿਹਾ ਕਿ ਤੁਹਾਡੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਹੱਲ ਸਾਡੀ ਪਹਿਲੀ ਤਰਜੀਹ ਹੈ ਅਤੇ ਤੁਸੀਂ ਜਦ ਵੀ ਮਹਿਸੂਸ ਕਰੋ, ਸਾਡੀ ਮਦਦ ਲੈ ਸਕਦੇ ਹੋ। ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਕਿਹਾ ਕਿ ਕਿਸੇ ਵੀ ਸਨਅਤਕਾਰ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸਮੇਂ ਸਿਰ ਸਾਰੀਆਂ ਪ੍ਰਵਾਨਗੀਆਂ ਜਾਰੀ ਕੀਤੀਆਂ ਜਾਣਗੀਆਂ।

## ਆਰ. ਜੀ. ਆਰ. ਸੈੱਲ ਨੇ ਮਾਹਣੇਕੇ ਜੰਡ ਵਿਖੇ ਖੇਤ ਦਿਵਸ ਮਨਾਇਆ



ਵਲਟੋਹਾ (ਰਣਜੀਤ ਸਿੰਘ ਵਲਟੋਹਾ)—ਪਿੰਡ ਮਾਹਣੇਕੇ ਜੰਡ ਜ਼ਿਲ੍ਹਾ ਤਰਨ ਤਾਰਨ ਵਿਖੇ ਆਰ. ਜੀ. ਆਰ. ਸੈੱਲ ਵੱਲੋਂ ਕੁਲਦੀਪ ਸਿੰਘ ਦੇ ਖੇਤ ਵਿੱਚ ਖੇਤ ਦਿਵਸ ਮਨਾਇਆ ਗਿਆ। ਇਸ ਮੌਕੇ 50 ਤੋਂ ਵੱਧ ਕਿਸਾਨਾਂ ਨੇ ਹਾਜ਼ਰੀ ਭਰੀ ਅਤੇ ਉਨ੍ਹਾਂ ਨੂੰ ਸਿੱਧੀ ਬਿਜਾਈ ਦੇ ਫ਼ਾਇਦੇ ਅਤੇ ਪਾਣੀ ਦੀ ਬੱਚਤ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਨਾਟਕ ਟੀਮ ਨੇ ਕਿਸਾਨਾਂ ਨੂੰ ਆਪਣੇ ਤਰੀਕੇ ਨਾਲ ਪਾਣੀ ਅਤੇ ਜ਼ਮੀਨ ਦੀ ਸਾਂਭ-ਸੰਭਾਲ ਕਰਨ ਦੀ ਅਪੀਲ ਕੀਤੀ। ਇਸ ਮੌਕੇ ਜ਼ਿਲ੍ਹਾ ਸਹਾਇਕ ਅਫ਼ਸਰ ਯੋਧਬੀਰ ਸਿੰਘ, ਫੀਲਡ ਅਫ਼ਸਰ ਹਰਮਨਪ੍ਰੀਤ ਸਿੰਘ, ਇੰਦਰਜੀਤ ਸਿੰਘ, ਗੁਰਜਿੰਦਰ ਕੁਮਾਰ, ਬਲਜੀਤ ਸਿੰਘ, ਸੁਖਵਿੰਦਰ ਸਿੰਘ ਅਤੇ ਹੋਰ ਅਗਾਂਹਵਧੂ ਕਿਸਾਨ ਵੀਰ ਵੀ ਹਾਜ਼ਰ ਸਨ।

## ਸਰਹੱਦ ਨੇੜੇ ਘੁੰਮਦਾ ਸ਼ੱਕੀ ਨੌਜਵਾਨ ਖਾਲੜਾ ਪੁਲਸ ਹਵਾਲੇ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਬੀਐੱਸਐੱਫ ਦੀ 71 ਬਟਾਲੀਅਨ ਦੇ ਜਵਾਨਾਂ ਵੱਲੋਂ ਭਾਰਤ-ਪਾਕਿ ਸਰਹੱਦ ਨੇੜੇ ਘੁੰਮਦੇ ਇੱਕ ਸ਼ੱਕੀ ਨੌਜਵਾਨ ਨੂੰ ਫੜ ਕੇ ਖਾਲੜਾ ਪੁਲਸ ਹਵਾਲੇ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਭਾਰਤੀ ਸਰਹੱਦ ਅੰਦਰ 132/14 ਬੀਓਪੀ ਕਰਮਾ ਚੌਂਕੀ ਦੇ ਨੇੜੇ ਇੱਕ ਸ਼ੱਕੀ ਨੌਜਵਾਨ ਘੁੰਮ ਰਿਹਾ ਸੀ, ਜਿਸ ਨੂੰ ਬੀਐੱਸਐੱਫ ਦੇ ਚੌਕਸ ਜਵਾਨਾਂ ਵੱਲੋਂ ਕਾਬੂ ਕਰਕੇ ਖਾਲੜਾ ਪੁਲਸ ਨੂੰ ਸੌਂਪ ਦਿੱਤਾ ਗਿਆ।ਕਾਬੂ ਕੀਤੇ ਨੌਜਵਾਨ ਦੀ ਪਛਾਣ ਫੈਜ਼ਲ (20) ਪੁੱਤਰ ਸਿਰਾਜ ਵਾਸੀ ਆਜ਼ਮਗੜ੍ਹ ਵਜੋਂ ਹੋਈ ਹੈ।

## 'ਆਦਰਸ਼ ਸ਼ਰਮਾ ਫੋਟੋਗ੍ਰਾਫੀ' ਦੇ ਐੱਮ ਡੀ ਆਦਰਸ਼ ਸ਼ਰਮਾ ਸਨਮਾਨਿਤ




ਤਰਸਿੱਕਾ/ਜੰਡਿਆਲਾ ਗੁਰੂ, (ਤਰਸੇਮ ਸਿੰਘ ਸਾਧਪੁਰ/ਹਰਿੰਦਰ ਪਾਲ ਸਿੰਘ )-ਫੋਟੋਗ੍ਰਾਫਰ ਐਸੋਸੀਏਸ਼ਨ ਆਫ ਅੰਮ੍ਰਿਤਸਰ ਵਲੋਂ 'ਫੋਟੋਗ੍ਰਾਫੀ ਮੇਲਾ ਮਾਝੇ ਦਾ' ਦਾ ਸਮਾਰੋਹ ਲਾ-ਫੀਸਟਾ ਵਿਖੇ ਕਰਵਾਇਆ ਗਿਆ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਸਚਿਨ ਬਜਾਜ, ਜਨਰਲ ਸੈਕਟਰੀ ਸੁਦੇਸ਼ ਕੁਮਾਰ ਅਤੇ ਚੇਅਰਮੈਨ ਵਰਿੰਦਰ ਸ਼ਰਮਾ ਨੇ ਸਾਰੇ ਮਹਿਮਾਨਾਂ ਅਤੇ ਮੈਂਬਰਾਂ ਦਾ ਨਿੱਘਾ ਸਵਾਗਤ ਕੀਤਾ।

ਇਸ ਸਮਾਰੋਹ ਦੌਰਾਨ ਲਾਰੇਂਸ ਰੋਡ ਸਥਿਤ 'ਆਦਰਸ਼ ਸ਼ਰਮਾ ਫੋਟੋਗ੍ਰਾਫੀ' ਦੇ ਐੱਮਡੀ ਆਦਰਸ਼ ਸ਼ਰਮਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪ੍ਰਧਾਨ ਸਚਿਨ ਬਜਾਜ ਨੇ ਆਦਰਸ਼ ਸ਼ਰਮਾ ਦਾ ਨਿੱਘਾ ਸਵਾਗਤ ਕਰਦਿਆਂ ਜੀ ਆਇਆਂ ਆਖਿਆ।ਸਚਿਨ ਬਜਾਜ ਨੇ ਕਿਹਾ ਕਿ ਆਦਰਸ਼ ਸ਼ਰਮਾ ਵਲੋਂ ਐਸੋਸੀਏਸ਼ਨ ਨੂੰ ਹਮੇਸ਼ਾਂ ਹੀ ਦਿਲ ਤੋਂ ਸਹਿਯੋਗ ਕੀਤਾ ਜਾਂਦਾ ਹੈ।ਇਸ ਮੌਕੇ ਆਦਰਸ਼ ਸ਼ਰਮਾ ਨੂੰ ਸਨਮਾਨ ਚਿੰਨ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਚੰਗੀਆਂ ਸੇਵਾਵਾਂ ਲਈ ਧੰਨਵਾਦ ਕੀਤਾ।ਆਦਰਸ਼ ਸ਼ਰਮਾ ਨੇ ਸਮੂਹ ਮੈਂਬਰਾਂ ਤੇ ਪ੍ਰਧਾਨ ਸਚਿਨ ਬਜਾਜ ਦਾ ਧੰਨਵਾਦ ਕੀਤਾ।

## ਏ ਡੀ ਸੀ ਸੁਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਰਾਜਸੀ ਪਾਰਟੀਆਂ ਦੇ ਜ਼ਿਲ੍ਹਾ ਪ੍ਰਧਾਨਾਂ/ਸਕੱਤਰਾਂ ਨਾਲ ਮੀਟਿੰਗ



ਗੁਰਦਾਸਪੁਰ (ਜਨਕ ਮਹਾਜਨ)-ਸੁਰਿੰਦਰ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ) ਦੀ ਪ੍ਰਧਾਨਗੀ ਹੇਠ ਰਾਜਸੀ ਪਾਰਟੀਆਂ ਦੇ ਜ਼ਿਲਾ ਪ੍ਰਧਾਨਾਂ/ਸਕੱਤਰਾਂ ਨਾਲ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ ਸਬੰਧੀ ਤਜਵੀਜ਼ਾਂ ਭੇਜਣ ਬਾਰੇ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਲੇ ਦੇ ਸਮੂਹ ਹਲਕਿਆਂ ਦੇ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ ਕਰਕੇ ਫਾਈਨਲ ਤਜਵੀਜ਼ 27 ਸਤੰਬਰ ਤੱਕ ਭੇਜੀ ਜਾਣੀ ਹੈ। ਉਨ੍ਹਾਂ ਦੱਸਿਆ ਕੇ ਸਮੂਹ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਵਲੋਂ ਸਮੂਹ ਪੋਲਿੰਗ ਸਟੇਸ਼ਨਾਂ ਦੀ ਵਾਸਤਵਿਕ ਪੜਤਾਲ ਕਰਵਾਉਣ ਉਪਰੰਤ ਹਲਕੇ ਪੱਧਰ ਤੇ ਰਾਜਸੀ ਪਾਰਟੀਆਂ ਨਾਲ ਸਲਾਹ ਮਸ਼ਵਰਾ ਕਰਕੇ ਪੋਲਿੰਗ ਸਟੇਸ਼ਨਾਂ ਦੀ ਤਜਵੀਜ਼ ਤਿਆਰ ਕੀਤੀ ਗਈ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਫਾਈਨਲ ਤਜਵੀਜ਼ ਅਨੁਸਾਰ ਕੁਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ 1553 ਹੈ। ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ 207, ਦੀਨਾਨਗਰ (ਅ.ਜ) ਦੇ 229, ਕਾਦੀਆਂ ਦੇ 223, ਬਟਾਲਾ ਦੇ 201, ਸ੍ਰੀ ਹਰਗੋਬਿੰਦਪੁਰ ਸਾਹਿਬ (ਅ.ਜ) ਦੇ 226, ਫਤਿਹਗੜ੍ਹ ਚੂੜੀਆਂ ਦੇ 26 ਹਨ ਅਤੇ ਡੇਰਾ ਬਾਬਾ ਨਾਨਕ 241 ਹਨ। ਉਨ੍ਹਾਂ ਕਿਹਾ ਤਬਦੀਲ ਕੀਤੇ ਗਏ ਪੋਲਿੰਗ ਸਟੇਸ਼ਨਾਂ ਵਿੱਚ ਗੁਰਦਾਸਪੁਰ ਚੋਣ ਹਲਕਾ ਦੇ 50-ਸਰਕਾਰੀ ਐਲੀਮੈਂਟਰੀ ਸਕੂਲ ਥਾਣੇਵਾਲ ਤੋਂ ਸਰਕਾਰੀ ਮਿਡਲ ਸਕੂਲ ਥਾਣੇਵਾਲ ਅਤੇ 59-ਸਰਕਾਰੀ ਪ੍ਰਾਇਮਰੀ ਸਕੂਲ ਘੁਰਾਲਾ ਤੋਂ ਸਰਕਾਰੀ ਮਿਡਲ ਸਕੂਲ ਘੁਰਾਲਾ ਵਿਖੇ ਬਣਾਇਆ ਗਿਆ ਹੈ। ਦੀਨਾਨਗਰ ਹਲਕੇ ਦੇ ਪੋਲਿੰਗ ਸਟੇਸ਼ਨ ਨੰਬਰ 122,123,124 ਅਤੇ 125 ਆਰੀਆ ਸੀਨੀਅਰ ਸੈਕੰਡਰੀ ਸਕੂਲ ਗਾਂਧੀ ਗੇਟ ਦੀਨਾਨਗਰ ਤੋਂ ਸਵਾਮੀ ਸਰਵਾਨੰਦ ਇੰਸਟੀਚਿਊਟ ਆਫ ਮੈਨੇਜਮੈਂਟ ਟੈਕਨਾਲੋਜੀ ਤੇ ਇੰਜੀਨੀਅਰਿੰਗ ਟੈਕਨਾਲੋਜੀ ਦੀਨਾਨਗਰ ਵਿਖੇ ਬਣਾਇਆ ਹੈ। ਬਟਾਲਾ ਹਲਕੇ ਦੇ ਪੋਲਿੰਗ ਸਟੇਸ਼ਨ ਨੰਬਰ 26 ਅਤੇ 27 ਬੀਵੀਐੱਨ ਹਾਈ ਸਕੂਲ ਬਟਾਲਾ ਤੋਂ ਸ਼ਿਵਾਲਿਕ ਡਿਸਟਿੰਗੁਇਸ਼ਡ ਪਬਲਿਕ ਸਕੂਲ ਬਟਾਲਾ ਵਿਖੇ ਬਣਾਇਆ ਗਿਆ ਹੈ।

## ਪਹਿਲਵਾਨ ਹਨੀਪਾਲ ਖੁਜਾਲਾ ਨੇ ਸੀਨੀਅਰ ਸਟੇਟ ਚੈਂਪੀਅਨਸ਼ਿਪ 'ਚ ਗੋਲਡ ਮੈਡਲ ਜਿੱਤਿਆ



ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)-ਮਾਝਾ ਕੁਸ਼ਤੀ ਕਲੱਬ ਦੇ ਪਹਿਲਵਾਨ ਹਨੀਪਾਲ ਖੁਜਾਲਾ ਵੱਲੋਂ ਪਿਛਲੇ ਦਿਨੀਂ ਫਰੀਦਕੋਟ ਵਿੱਚ ਹੋਈ ਸੀਨੀਅਰ ਸਟੇਟ ਚੈਂਪੀਅਨਸ਼ਿਪ ਵਿਚ ਗੋਲਡ ਮੈਡਲ ਜਿੱਤ ਕੇ ਕਲੱਬ ਅਤੇ ਇਲਾਕੇ ਦਾ ਮਾਣ ਵਧਾਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਪਲਵਿੰਦਰ ਸਿੰਘ ਖਜਾਲਾ ਨੇ ਦੱਸਿਆ ਕਿ ਪਿਛਲੀ ਦਿਨੀਂ ਫਰੀਦਕੋਟ ਵਿੱਚ ਸਟੇਟ ਲੈਵਲ ਦੇ 67 ਕਿਲੋ ਗ੍ਰੀਕੋ ਰੋਮਨ ਸਟਾਈਲ ਵਿੱਚ ਹੋਏ ਸਖਤ ਮੁਕਾਬਲੇ ਵਿੱਚ ਹੋਣਹਾਰ ਅਤੇ ਮਿਹਨਤੀ ਪਹਿਲਵਾਨ ਨੇ ਹਨੀਪਾਲ ਸਿੰਘ ਖੁਜਾਲਾ ਵੱਲੋਂ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਹਨੀਪਾਲ ਦੀ ਜਿੱਤ ਦੂਸਰੇ ਖਿਡਾਰੀਆਂ ਨੂੰ ਕੁਸ਼ਤੀ ਦੇ ਮੈਦਾਨ ਵਿੱਚ ਮੱਲਾਂ ਮਾਰਨ ਲਈ ਪ੍ਰੇਰਨਾ ਦੇਵੇਗੀ ਅਤੇ ਸਾਨੂੰ ਆਸ ਹੈ ਕਿ ਹਨੀਪਾਲ ਨੈਸ਼ਨਲ ਅਤੇ ਇੰਟਰਨੈਸ਼ਨਲ ਲੈਵਲ ਤੇ ਵੀ ਸਟੇਟ ਅਤੇ ਦੇਸ਼ ਦਾ ਨਾਮ ਉੱਚਾ ਕਰੇਗਾ। ਉਨ੍ਹਾਂ ਨੂੰ ਵਧਾਈ ਦੇਣ ਵਾਲਿਆਂ ਵਿੱਚ ਪਰਮਜੀਤ ਸਿੰਘ ਗੋਲਡੀ ਸਕੱਤਰ, ਸੁਖਵਿੰਦਰ ਸਿੰਘ ਸੈਦੋਲੇਲ ਸਾਬਕਾ ਸਰਪੰਚ, ਸ਼ਿਵਰਾਜ ਸਿੰਘ ਭੀਲੋਵਾਲ, ਸਿਸਪਾਲ ਸਿੰਘ ਤਲਵੰਡੀ, ਮਨਿੰਦਰ ਸਿੰਘ ਮੱਤੇਵਾਲ ਵੀ ਸ਼ਾਮਲ ਸਨ ।

## ਦੀਪਕ ਚੈਨਪੁਰੀਆ ਨੂੰ ਸਕੂਲ ਮੈਨੇਜਮੈਂਟ ਬੁਕਲੈੱਟ ਭੇਟ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਕੂਲ ਆਫ ਐਮੀਨੈਂਸ ਅਜਨਾਲਾ ਵਿੱਚ ਡਾਇਰੈਕਟਰ ਸਕੂਲ ਸਿੱਖਿਆ ਐਲੀਮੈਂਟਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਚੇਅਰਮੈਨ ਦੀਪਕ ਕੁਮਾਰ ਚੈਨਪੁਰੀਆ ਨੂੰ ਪ੍ਰਿੰ. ਸੁਦੇਸ਼ ਕੁਮਾਰ ਅਰੋੜਾ ਨੇ ਸਕੂਲ ਮੈਨੇਜਮੈਂਟ ਬੁੱਕਲੈਟ ਭੇਟ ਕੀਤੀ।

ਦੀਪਕ ਕੁਮਾਰ ਚੈਨਪੁਰੀਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਹਰ ਦੁੱਖ-ਸੁੱਖ ਦੀ ਘੜੀ ਵਿੱਚ ਸ਼ਰੀਕ ਹੁੰਦੀ ਹੈ ।ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਦਾ ਸਾਹਿਤ ਨਾਲ ਜੁੜਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਜਿੱਥੇ ਅੱਜ ਕੁਝ ਨੌਜਵਾਨ ਨਸ਼ਿਆਂ ਅਤੇ ਹੋਰ ਕੁਰੀਤੀਆਂ ਵਿੱਚ ਫਸੇ ਹੋਏ ਹਨ ਉਨ੍ਹਾਂ ਨੂੰ ਇਨ੍ਹਾਂ ਕੁਰੀਤੀਆਂ ਵਿੱਚੋਂ ਕੱਢਣ ਵਿੱਚ ਵੀ ਸਾਹਿਤ ਦਾ ਯੋਗਦਾਨ ਰਹਿੰਦਾ ਹੈ।

ਉਨ੍ਹਾਂ ਕਿਹਾ ਕਿ ਅੱਜ ਜਦੋਂ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ, ਮੋਬਾਇਲ ਫੋਨਾਂ ਅਤੇ ਹੋਰ ਸਮਾਜਿਕ ਕੁਰੀਤੀਆਂ ਵਿੱਚ ਲਿਪਟੀ ਹੋਈ ਹੈ ਉਥੇ ਇਹ ਬੜੀ ਖੁਸ਼ੀ ਵਾਲੀ ਗੱਲ ਹੈ ਕਿ ਕੁਝ ਨੌਜਵਾਨ ਬੱਚੇ ਬੱਚੀਆਂ ਰਚਨਾਤਮਕ ਲਿਖਤਾਂ ਵੱਲ ਰੁਝਾਨ ਪੈਦਾ ਕਰ ਰਹੇ ਹਨ।ਮਾਸਟਰ ਕੇਡਰ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਰਿਆੜ ਨੇ ਪੰਜਾਬੀਆਂ ਦੇ ਕਿਤਾਬਾਂ ਨਾਲੋਂ ਟੁੱਟਣ 'ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਸਾਨੂੰ ਸਾਰਿਆਂ ਨੂੰ ਮਿਲ ਕੇ ਬੱਚਿਆਂ ਨੂੰ ਕਿਤਾਬਾਂ ਅਤੇ ਅਖ਼ਬਾਰਾਂ ਨਾਲ ਜੋੜਨ ਲਈ ਹੰਭਲਾ ਮਾਰਨਾ ਚਾਹੀਦਾ ਹੈ।

ਇਸ ਸਮੇਂ ਹੋਰਨਾਂ ਮੈਂਬਰਾਂ ਤੋਂ ਇਲਾਵਾ ਮਾਸਟਰ ਕੇਡਰ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਰਿਆੜ, ਲੈਕਚਰਾਰ ਰਣਜੀਤ ਸਿੰਘ, ਅੰਮ੍ਰਿਤਪਾਲ ਸਿੰਘ ਮਾਹਲ, ਪਵਨ ਕੁਮਾਰ, ਜਸਪ੍ਰੀਤ ਸਿੰਘ, ਸੁਮੀਤਪਾਲ ਸਿੰਘ, ਲੇਖ ਰਾਜ ਸ਼ਰਮਾ, ਨਿਰਮਲ ਸਿੰਘ, ਮਦਨ ਮੋਹਨ ਸ਼ਰਮਾ ਅਤੇ ਸਕੂਲ ਮੈਨੇਜਰ ਭਾਰਤ ਭੂਸ਼ਨ ਹਾਜ਼ਰ ਸਨ।

## ਡੀਟੀਐੱਫ ਵੱਲੋਂ 6 ਅਕਤੂਬਰ ਨੂੰ ਸੰਗਰੂਰ ਵਿਖੇ ਭਰਵੀਂ ਰੈਲੀ ਦਾ ਐਲਾਨ

### * ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਦੇ ਬਰਨਾਲਾ ਐਕਸ਼ਨ 'ਚ ਵੀ ਡਟਣ ਦਾ ਅਹਿਦ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਲਗਭਗ ਢਾਈ ਸਾਲ ਬੀਤਣ ਦੇ ਬਾਵਜੂਦ ਅਧਿਆਪਕਾਂ ਦੀਆਂ ਹੱਕੀ ਅਤੇ ਵਾਜਬ ਮੰਗਾਂ ਪ੍ਰਤੀ ਵੱਟੀ ਘੇਸਲ ਕਾਰਨ ਅਧਿਆਪਕ ਵਰਗ ਵਿੱਚ ਰੋਸ ਦੀ ਲਹਿਰ ਫੈਲ ਰਹੀ ਹੈ।ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ ਨੇ ਡੇਰਾ ਬਾਬਾ ਨਾਨਕ ਵਿਖੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਦੀਆਂ ਸਿੱਖਿਆ ਅਤੇ ਲੋਕ ਵਿਰੋਧੀ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਤੋਂ ਸਰਕਾਰ ਲਗਾਤਾਰ ਆਨਾਕਾਨੀ ਕਰ ਰਹੀ ਹੈ।ਸਿੱਖਿਆ ਵਿਭਾਗ ਵਿੱਚ ਆਊਟਸੋਰਸਿੰਗ ਪ੍ਰਣਾਲੀ ਨੂੰ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ।ਪੰਜਾਬ ਦੇ ਮੁਲਾਜ਼ਮਾਂ ਅਤੇ ਅਧਿਆਪਕਾਂ ਦੇ ਲਗਭਗ 37 ਤਰ੍ਹਾਂ ਦੇ ਭੱਤਿਆਂ ਤੇ ਕੈਂਚੀ ਫੇਰੀ ਜਾ ਚੁੱਕੀ ਹੈ।ਜੁਲਾਈ 2020 ਤੋਂ ਬਾਅਦ ਭਰਤੀ ਕੀਤੇ ਗਏ ਮੁਲਾਜ਼ਮਾਂ ਤੇ ਲੰਗੜਾ ਕੇਂਦਰੀ ਤਨਖਾਹ ਕਮਿਸ਼ਨ ਲਾਗੂ ਕੀਤਾ ਜਾ ਰਿਹਾ ਹੈ, ਜਿਸ ਕਾਰਨ ਤਨਖਾਹਾਂ ਵਿੱਚ ਪ੍ਰਤੀ ਅਧਿਆਪਕ ਲੱਗਭਗ ਦਸ ਹਜ਼ਾਰ ਰੁਪਏ ਦੀ ਕਟੌਤੀ ਕੀਤੀ ਗਈ ਹੈ।ਸੂਬਾ ਮੀਤ ਪ੍ਰਧਾਨ ਸੁਖਵਿੰਦਰ ਸੁੱਖੀ ਅਤੇ ਪ੍ਰੈੱਸ ਸਕੱਤਰ ਲਖਵੀਰ ਸਿੰਘ ਹਰੀਕੇ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ ਸਾਬਤ ਹੋਈ ਹੈ, ਉਨ੍ਹਾਂ ਕਿਹਾ ਕਿ ਕਿ ਹਾਲ ਹੀ ਵਿਚ ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਦੀਆਂ ਕੀਤੀਆਂ ਤਰੱਕੀਆਂ ਦੌਰਾਨ ਵੱਡੇ ਪੱਧਰ ਤੇ ਸਟੇਸ਼ਨ ਲੁਕਾ ਕੇ ਅਧਿਆਪਕਾਂ ਦੀ ਖੱਜਲ-ਖੁਆਰੀ ਕੀਤੀ ਗਈ ਹੈ।ਸੂਬਾਈ ਆਗੂਆਂ ਨੇ ਦੋਸ਼ ਲਾਇਆ ਕਿ ਸਿੱਖਿਆ ਨੀਤੀ 2020 ਅਨੁਸਾਰ ਮਹਿਕਮੇ ਦੀ ਅਕਾਰ ਘਟਾਈ ਕਰਕੇ ਪੋਸਟਾਂ ਖ਼ਤਮ ਕੀਤੀਆਂ ਜਾ ਰਹੀਆਂ ਹਨ।ਸਿੱਖਿਆ ਵਲੰਟੀਅਰ ਤੋਂ ਪੱਕੇ ਕੀਤੇ ਸਹਾਇਕ ਟੀਚਰਾਂ ਵਿੱਚੋਂ 170 ਅਧਿਆਪਕਾਂ ਨੂੰ ਮਹਿਜ਼ ਛੇ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਤੇ ਫਾਕੇ ਕੱਟਣ ਲਈ ਮਜਬੂਰ ਕੀਤਾ ਜਾ ਰਿਹਾ ਹੈ।ਸੂਬਾ ਵਿੱਤ ਸਕੱਤਰ ਜਸਵਿੰਦਰ ਗੋਨਿਆਣਾ ਨੇ ਦੋਸ਼ ਲਾਇਆ ਕਿ ਵਿਕਾਸ ਟੈਕਸ ਦੇ ਨਾਂ ਹੇਠ 200 ਰੁਪਏ ਪ੍ਰਤੀ ਮਹੀਨਾ ਜਜੀਆ ਵਸੂਲੀ ਕੀਤੀ ਜਾ ਰਹੀ ਹੈ।ਸੂਬਾਈ ਆਗੂਆਂ ਨੇ ਕਿਹਾ ਕਿ 6 ਅਕਤੂਬਰ ਦੀ ਸੰਗਰੂਰ ਰੈਲੀ ਵਿੱਚ ਅਧਿਆਪਕ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਰੈਲੀ ਉਪਰੰਤ ਮੁੱਖ ਮੰਤਰੀ ਦੀ ਕੋਠੀ ਵੱਲ ਮਾਰਚ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਮੁਲਾਜ਼ਮਾਂ ਪੈਨਸ਼ਨਰਾਂ ਅਤੇ ਅਧਿਆਪਕਾਂ ਦੀਆਂ ਭਖਵੀਆਂ ਮੰਗਾਂ ਦੀ ਤੁਰੰਤ ਪੂਰਤੀ ਕਰੇ ।ਇਸ ਮੌਕੇ ਬਲਬੀਰ ਲੌਂਗੋਵਾਲ, ਸੁਖਵਿੰਦਰਪ੍ਰੀਤ ਸਿੰਘ, ਸ਼ਬੀਰ ਖ਼ਾਨ, ਸੁਖਪਾਲ ਜੀਤ ਮੋਗਾ, ਬਲਰਾਮ ਜ਼ੀਰਾ, ਗਗਨਦੀਪ ਬਰਾੜ, ਕਰਮਜੀਤ ਤਾਮਕੋਟ, ਹਰਜੀਤ ਸੁਧਾਰ, ਹਰਭਗਵਾਨ ਗੁਰਨੇ ਤਲਵਿੰਦਰ ਖਰੌੜ, ਗਗਨ ਪਾਹਵਾ, ਨੀਰਜ ਬਜਾਜ, ਗੁਰਪ੍ਰੀਤ ਰੰਧਾਵਾ, ਗੁਰਪ੍ਰੀਤ ਮੱਲੋਕੇ, ਗੁਰਦੀਪ ਸਿੰਘ, ਬਲਜਿੰਦਰ ਸਿੰਘ, ਹਰਜਿੰਦਰ ਅਨੂਪਗੜ੍ਹ , ਕੁਲਦੀਪ ਸਿੰਘ ਅੱਕਾਂਵਾਲੀ ਅਤੇ ਬੇਅੰਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਆਗੂਆਂ ਨੇ ਸ਼ਮੂਲੀਅਤ ਕੀਤੀ।ਆਗੂਆਂ ਨੇ ਭਰਾਤਰੀ ਜਥੇਬੰਦੀਆਂ ਨੂੰ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਨਿੱਜੀਕਰਨ, ਸੰਸਾਰੀਕਰਨ, ਸਿੱਖਿਆ ਦੇ ਵਪਾਰੀਕਰਨ, ਭਗਵੇਂਕਰਨ ਅਤੇ ਆਊਟਸੋਰਸਿੰਗ ਦੀਆਂ ਨੀਤੀਆਂ ਨੂੰ ਮੋੜਾ ਦੇਣ ਲਈ ਸਾਂਝੇ ਘੋਲਾਂ ਦੀ ਸਖ਼ਤ ਲੋੜ ਹੈ।



## ਸ਼ਹੀਦਾਂ ਦੀ ਵਿਚਾਰਧਾਰਾ ਨੂੰ ਅਪਣਾਉਣਾ ਸਮੇਂ ਦੀ ਮੁੱਖ ਲੋੜ: ਡਾ. ਅਜਨਾਲਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸੰਯੁਕਤ ਕਿਸਾਨ ਮੋਰਚਾ ਦੇ ਫੈਸਲੇ ਅਨੁਸਾਰ ਮੋਰਚੇ ਵੱਲੋਂ ਦੇਸ਼ ਦੇ ਸ਼ਹੀਦਾਂ ਦੀ ਵਿਚਾਰਧਾਰਾ ਅਪਣਾਉਂਦਿਆਂ ਕਿਸਾਨਾਂ ਮਜ਼ਦੂਰਾਂ ਤੇ ਹੋਰ ਮਿਹਨਤਕਸ਼ ਲੋਕਾਂ ਦੀ ਆਵਾਜ਼ ਬੁਲੰਦ ਕਰਨ ਹਿੱਤ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ 28 ਸਤੰਬਰ ਨੂੰ ਕਾਰਪੋਰੇਟ ਵਿਰੋਧੀ ਦਿਹਾੜੇ ਵਜੋਂ ਪੰਜਾਬ ਭਰ 'ਚ ਤਹਿਸੀਲ ਕੇਂਦਰਾਂ, ਕਸਬਿਆਂ ਆਦਿ ਵਿੱਚ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਇਲਾਕੇ ਭਰ ਦੀਆਂ ਐੱਸ. ਕੇ. ਐੱਮ. 'ਚ ਸ਼ਾਮਿਲ ਜਥੇਬੰਦੀਆਂ ਹਿੱਸਾ ਲੈ ਰਹੀਆਂ ਹਨ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਤੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਸਰਹੱਦੀ ਪਿੰਡ ਪੰਜੂਕਰਾਲ ਵਿਖੇ ਇੱਕ ਇਕੱਠ 'ਚ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਇਸ ਕੜੀ ਤਹਿਤ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਕਾਰਪੋਰੇਟੀ ਵਿਰੋਧੀ ਦਿਵਸ ਵਜੋਂ ਮਨਾਉਣ ਲਈ ਅਜਨਾਲਾ ਵਿਖੇ ਹੋਰਨਾਂ ਪ੍ਰੋਗਰਾਮਾਂ ਤੋਂ ਇਲਾਵਾ ਸੈਮੀਨਾਰ ਵੀ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵੱਡੀ ਗਿਣਤੀ 'ਚ ਇਲਾਕੇ ਭਰ 'ਚੋਂ ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ ਆਗੂ ਤੇ ਕਾਰਕੁਨ ਹਿੱਸਾ ਲੈ ਰਹੇ ਹਨ।

ਇਸ ਸਮੇਂ ਜਮਹੂਰੀ ਕਿਸਾਨ ਸਭਾ ਪੰਜੂਕਰਾਲ ਦੇ ਪ੍ਰਧਾਨ ਸੱਤਪਾਲ ਸਿੰਘ, ਸਭਾ ਦੇ ਸੈਕਟਰੀ ਗੁਰਮੇਜ ਸਿੰਘ ਅਤੇ ਹੋਰ ਆਗੂਆਂ ਸੁਖਦੇਵ ਸਿੰਘ, ਜਸਬੀਰ ਸਿੰਘ ਸੋਨੀ, ਸਰਵਨ ਸਿੰਘ, ਰੇਸ਼ਮ ਸਿੰਘ ਤੇ ਅਵਤਾਰ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

# ਡਿਪਟੀ ਸਪੀਕਰ ਨੇ ਮਾਹਿਲਪੁਰ ਤੇ ਹੈਬੋਵਾਲ 'ਚ ਆਮ ਆਦਮੀ ਕਲੀਨਿਕ ਦਾ ਕੀਤਾ ਉਦਘਾਟਨ




**ਮਾਹਿਲਪੁਰ (ਸ਼ਫ਼ਰੀ)**- ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਅੱਜ ਬਲਾਕ ਪਾਲਦੀ ਅਧੀਨ ਆਮ ਆਦਮੀ ਕਲੀਨਿਕ ਮਾਹਿਲਪੁਰ ਅਤੇ ਬਲਾਕ ਪੋਸੀ ਅਧੀਨ ਆਮ ਆਦਮੀ ਕਲੀਨਿਕ ਹੈਬੋਵਾਲ ਦਾ ਉਦਘਾਟਨ ਕੀਤਾ।ਇਸ ਮੌਕੇ ਆਮ ਆਦਮੀ ਪਾਰਟੀ ਹਲਕਾ ਇੰਚਾਰਜ ਹਰਮਿੰਦਰ ਸਿੰਘ ਸੰਧੂ, ਸਿਵਲ ਸਰਜਨ ਹੁਸ਼ਿਆਰਪੁਰ ਡਾ.ਪਵਨ ਕੁਮਾਰ ਸ਼ਗੋਤਰਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਦੋਵਾਂ ਆਮ ਆਦਮੀ ਕਲੀਨਿਕਾਂ ਦੇ ਉਦਘਾਟਨ ਮੌਕੇ ਡਿਪਟੀ ਸਪੀਕਰ ਨੇ ਸਥਾਨਕ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਆਮ ਆਦਮੀ ਕਲੀਨਿਕਾਂ ਰਾਹੀਂ ਜਨਤਾ ਗੁਣਵੱਤਾ ਵਾਲੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੁਣ ਤੱਕ ਵੱਖ-ਵੱਖ ਪੜਾਵਾਂ ਵਿੱਚ ਪਹਿਲਾਂ ਖੋਲ੍ਹੇ ਗਏ 71 ਆਮ ਆਦਮੀ ਕਲੀਨਿਕ ਲੋਕਾਂ ਨੂੰ ਬਹੁਤ ਹੀ ਸੁਚਾਰੂ ਢੰਗ ਨਾਲ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਆਮ ਆਦਮੀ ਕਲੀਨਿਕਾਂ ਦੇ ਛੇਵੇਂ ਗੇੜ ਤਹਿਤ ਅੱਜ ਦੋ ਹੋਰ ਆਮ ਆਦਮੀ ਕਲੀਨਿਕ ਮਾਹਿਲਪੁਰ ਅਤੇ ਹੈਬੋਵਾਲ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਵਧੀਆ ਅਤੇ ਮੁਫ਼ਤ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸਮਰਪਤ ਕੀਤੇ ਜਾ ਰਹੇ ਹਨ।ਇੱਥੇ ਸਥਾਨਕ ਨਿਵਾਸੀ ਆਪਣਾ ਮੁਫ਼ਤ ਇਲਾਜ ਕਰਵਾਉਣ ਦੇ ਨਾਲ-ਨਾਲ 38 ਤਰ੍ਹਾਂ ਦੀਆਂ ਜਾਂਚ ਸੁਵਿਧਾਵਾਂ ਅਤੇ 80 ਤਰ੍ਹਾਂ ਦੀਆਂ ਮੁਫ਼ਤ ਦਵਾਈਆਂ ਪ੍ਰਾਪਤ ਕਰ ਸਕਦੇ ਹਨ।ਉਨ੍ਹਾਂ ਉੱਥੇ ਨਿਯੁਕਤ ਕੀਤੇ ਗਏ ਨਵੇਂ ਮੈਡੀਕਲ ਅਫ਼ਸਰ ਅਤੇ ਕਲੀਨਿਕ ਦੇ ਬਾਕੀ ਸਟਾਫ਼ ਨੂੰ ਹਦਾਇਤ ਕੀਤੀ ਕਿ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਅਤੇ ਕਲੀਨਿਕ ਵਿੱਚ ਆਉਣ ਵਾਲੇ ਮਰੀਜ਼ਾਂ ਨਾਲ ਦੋਸਤਾਨਾ ਵਤੀਰਾ ਅਪਣਾਉਣ।ਇਸ ਦੌਰਾਨ ਸਿਵਲ ਸਰਜਨ ਡਾ. ਪਵਨ ਕੁਮਾਰ ਸ਼ਗੋਤਰਾ ਨੇ ਦੱਸਿਆ ਕਿ ਆਮ ਆਦਮੀ ਕਲੀਨਿਕ ਵਿੱਚ ਓ.ਪੀ.ਡੀ ਸੇਵਾਵਾਂ, ਟੀਕਾਕਰਨ ਸੇਵਾਵਾਂ, ਲੈਬ ਟੈਸਟ, ਜੱਚਾ-ਬੱਚਾ ਸੇਵਾਵਾਂ, ਪਰਵਾਰ ਨਿਯੋਜਨ ਸੇਵਾਵਾਂ ਵੀ ਉਪਲਬਧ ਹੋਣਗੀਆਂ ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਮਾਹਿਲਪੁਰ ਡਾਕਟਰ ਜਸਵੰਤ ਸਿੰਘ ਥਿੰਦ , ਸੀਨੀਅਰ ਮੈਡੀਕਲ ਅਫ਼ਸਰ ਪੋਸੀ ਡਾਕਟਰ ਰਘਵੀਰ ਸਿੰਘ, ਜ਼ਿਲ੍ਹਾ ਸਿਹਤ ਅਫ਼ਸਰ ਡਾਕਟਰ ਜਤਿੰਦਰ ਭਾਟੀਆ, ਮੈਡੀਕਲ ਅਫਸਰ ਆਮ ਆਦਮੀ ਕਲੀਨਿਕ, ਓ ਐਸ ਡੀ ਚਰਨਜੀਤ ਸਿੰਘ ਚੰਨੀ ਅਤੇ ਇਲਾਕੇ ਦੇ ਮੋਹਤਵਰ ਵਿਅਕਤੀ ਸ਼ਾਮਲ ਸਨ।

# ਦੇਸ਼ ਭਗਤ ਯਾਦਗਾਰ ਹਾਲ ਵਿਖੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ 28 ਨੂੰ ਮਨਾਇਆ ਜਾਵੇਗਾ

**ਜਲੰਧਰ (ਕੇਸਰ)**- 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜ਼ੋਰ ਸ਼ੋਰ ਨਾਲ ਮਨਾਇਆ ਜਾ ਰਿਹਾ ਹੈ। ਪ੍ਰੈਸ ਬਿਆਨ ਜਾਰੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ ਤੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਸ. ਭਗਤ ਸਿੰਘ ਦਾ ਜਨਮ ਦਿਹਾੜਾ ਪਹਿਲਾਂ ਪੰਜਾਬ ਵਿੱਚ ਨਹੀਂ ਸੀ ਮਨਾਇਆ । ਪਹਿਲੀ ਵਾਰ ਭਗਤ ਸਿੰਘ ਦਾ ਜਨਮ ਦਿਹਾੜਾ 28 ਸਤੰਬਰ 1997 ਨੂੰ ਦੇਸ਼ ਭਗਤ ਯਾਦਗਾਰ ਹਾਲ ਬਾਬਾ ਜਵਾਲਾ ਸਿੰਘ ਹਾਲ ਵਿੱਚ ਮਨਾਇਆ ਗਿਆ ਸੀ। ਇਸ ਪ੍ਰੋਗਰਾਮ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਨੇ ਭਗਤ ਸਿੰਘ ਦਾ ਕੈਲੰਡਰ ਰਿਲੀਜ਼ ਕਰਨ ਤੋਂ ਬਾਅਦ ਬਹੁਤ ਹੀ ਮਹੱਤਵਪੂਰਨ ਲੈਕਚਰ ਦਿੱਤਾ ਸੀ। ਉਨ੍ਹਾਂ ਕਿਹਾ ਮੁੰਡਿਓ ਅਗਲਾ ਭਗਤ ਸਿੰਘ ਦਾ ਜਨਮ ਦਿਨ ਖੁੱਲ੍ਹੇ ਵਿਹੜੇ ਵਿੱਚ ਮਨਾਉ। ਫਿਰ ਬਾਬਾ ਜੀ ਦੇ ਵਿਚਾਰਾਂ 'ਤੇ ਪਹਿਰਾ ਦਿੱਤਾ ਗਿਆ। ਇਸ ਵਾਰ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਹੋ ਰਹੇ ਸਮਾਗਮ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਮੰਗਤ ਰਾਮ ਪਾਸਲਾ, ਡਾਕਟਰ ਪਰਮਿੰਦਰ ਤੇ ਰਮਿੰਦਰ ਸਿੰਘ ਪਟਿਆਲਾ ਆਪਣੇ ਵਿਚਾਰ ਰੱਖਣਗੇ। ਦੇਸ਼ ਭਗਤ ਯਾਦਗਾਰ ਸੰਸਥਾ ਨਾਲ ਜੁੜੇ ਸਾਰੇ ਸੁਨੇਹੀਆਂ ਸਮਾਗਮ ਵਿੱਚ ਪਹੁੰਚਣ ਦੀ ਪੁਰਜ਼ੋਰ ਅਪੀਲ ਹੈ।

## ਡੇਰਾ ਬਾਬਾ ਦੁੱਧਾਧਾਰੀ ਦੇ ਸਥਾਨ 'ਤੇ ਸਲਾਨਾ ਸਰਾਧ ਮੇਲਾ ਕਰਵਾਇਆ

**ਆਦਮਪੁਰ (ਪਰਮਜੀਤ ਸਿੰਘ)**- ਗੜ੍ਹਸ਼ੰਕਰ ਦੇ ਨਜ਼ਦੀਕ ਪਿੰਡ ਦੇਣੋਵਾਲ ਖੁਰਦ ਵਿਖੇ ਸੰਤ ਨਿਹਾਲ ਦਾਸ ਜੀ ਡੇਰਾ ਬਾਬਾ ਦੁੱਧਾਧਾਰੀ ਦੇ ਸਥਾਨ 'ਤੇ ਮੌਜੂਦਾ ਗੱਦੀ ਨਸ਼ੀਨ ਸੰਤ ਬਾਬਾ ਸੁਖਦੇਵ ਰਾਜ ਦੀ ਅਗਵਾਈ ਹੇਠ ਇਲਾਕੇ ਦੀਆਂ ਸੰਗਤਾਂ ਤੇ ਸੇਵਕਾਂ ਦੇ ਸਹਿਯੋਗ ਨਾਲ ਸਲਾਨਾ ਸਰਾਧ ਮੇਲਾ ਸ਼ਰਧਾ ਭਾਵਨਾ ਨਾਲ ਸੰਪੰਨ ਹੋਇਆ। ਇਹ ਮੇਲਾ ਹਰ ਸਾਲ 5ਵੇਂ ਸਰਾਧ ਵਾਲੇ ਦਿਨ ਮਨਾਇਆ ਜਾਂਦਾ ਹੈ। ਸਵੇਰ ਤੋਂ ਸ਼ਾਮ ਦੇਰ ਰਾਤ ਤਕ ਧਾਰਮਿਕ ਦੀਵਾਨ ਸਜਾਏ ਗਏ। ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ। ਸਟੇਜ ਸਕੱਤਰ ਦੀ ਸੇਵਾ ਕਰਨੈਲ ਸਿੰਘ ਨੇ ਬਾਖੂਬੀ ਨਿਭਾਈ। ਚਾਹ ਪਕੌੜਿਆਂ ਅਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਅਤੇ ਫਰੀ ਮੈਡੀਕਲ ਕੈਂਪ ਵੀ ਲਗਾਇਆ ਗਿਆ । ਬਾਬਾ ਸੁਖਦੇਵ ਰਾਜ ਵਲੋਂ ਆਏ ਹੋਏ ਸਭ ਮਹਾਪੁਰਸ਼ਾਂ ਦਾ ਸਤਿਕਾਰ ਧੰਨਵਾਦ ਕੀਤਾ ਗਿਆ।

# ਧਰਮਿੰਦਰ ਸਿੰਘ ਮੰਢਾਲੀ ਬਣੇ ਸਰਕਲ ਮੇਹਲੀ ਪ੍ਰਧਾਨ



**ਬੰਗਾ (ਅਵਤਾਰ ਕਲੇਰ)**- ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪੁਰਾਣੇ ਅਤੇ ਮਿਹਨਤੀ ਵਰਕਰ ਨੰਬਰਦਾਰ ਧਰਮਿੰਦਰ ਸਿੰਘ ਸਪੁੱਤਰ ਗੁਰਨਾਮ ਸਿੰਘ ਨੰਬਰਦਾਰ ਪਿੰਡ ਮੰਢਾਲੀ ਨੂੰ ਸ਼੍ਰੋਮਣੀ ਅਕਾਲੀ ਦਲ ਵਲੋਂ ਸਰਕਲ ਮੇਹਲੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਦੀਪ ਸਿੰਘ ਸ਼ੁਕਾਰ ਨੇ ਕਿਹਾ ਕਿ ਪਾਰਟੀ ਵਲੋਂ ਹਮੇਸ਼ਾ ਹੀ ਆਪਣੇ ਮਿਹਨਤੀ ਵਰਕਰਾਂ ਦੀ ਹੌਸਲਾ-ਅਫਜ਼ਾਈ ਲਈ ਉਨ੍ਹਾਂ ਨੂੰ ਅਹੁਦੇ ਦੇ ਕੇ ਸਨਮਾਨਤ ਕੀਤਾ ਜਾਂਦਾ ਰਿਹਾ ਹੈ ਅਤੇ ਪਾਰਟੀ ਆਪਣੇ ਸਾਥੀਆਂ ਨਾਲ ਹਮੇਸ਼ਾ ਡਟ ਕੇ ਖੜ੍ਹੀ ਹੈ। ਧਰਮਿੰਦਰ ਸਿੰਘ ਮੰਢਾਲੀ ਨੇ ਕਿਹਾ ਕਿ ਪਾਰਟੀ ਨੇ ਜੋ ਜ਼ੁੰਮੇਵਾਰੀ ਦਿੱਤੀ ਹੈ ਉਸ ਨੂੰ ਤਨਦੇਹੀ ਨਾਲ ਨਿਭਾਉਣਗੇ। ਉਹਨਾਂ ਪਾਰਟੀ ਪ੍ਰਧਾਨ ਅਤੇ ਆਗੂਆਂ ਦਾ ਧੰਨਵਾਦ ਕੀਤਾ।



ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਚਾਰ ਦਿਨ ਟਰੈਂਡਜ਼ ਐਗਜੀਬੇਸ਼ਨ ਲੱਗੀ ਸੀ।ਇਸ ਐਗਜੀਬੇਸ਼ਨ ਦੇ ਮਾਲਕ ਪੰਕਜ ਜੈਨ ਤੇ ਮੋਨਿਕਾ ਜੈਨ ਨੇ ਆਖਰੀ ਦਿਨ ਗਦਰੀ ਬਾਬਿਆਂ ਦੇ ਲੰਗਰ ਵਿੱਚ 10000 ਰੁਪਏ ਦਾ ਯੋਗਦਾਨ ਪਾਇਆ।ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਭੈਣਜੀ ਸੁਰਿੰਦਰ ਕੁਮਾਰੀ ਕੋਛੜ, ਬਾਊ ਚਰੰਜੀ ਲਾਲ ਕੰਗਣੀਵਾਲ, ਕਮੇਟੀ ਮੈਂਬਰ ਰਜਿੰਦਰ ਮੰਡ ਐਡਵੋਕੇਟ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਅਤੇ ਦਫਤਰ ਸਕੱਤਰ ਭੁਵਨ ਜੋਸ਼ੀ ਹਾਜ਼ਰ ਸਨ। (ਤਸਵੀਰ ਤੇ ਵੇਰਵਾ : ਕੇਸਰ, ਜਲੰਧਰ)

# 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਸੋਏ ਮਾਜਰਾ 'ਚ ਕੈਂਪ 27 ਨੂੰ

**ਮੋਹਾਲੀ (ਗੁਰਜੀਤ ਬਿੱਲਾ)** ਆਮ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿਚ ਰੋਜ਼ਾਨਾ ਦੇ ਕੰਮਾਂ ਦੌਰਾਨ ਪੇਸ਼ ਆ ਰਹੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਦਿਵਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਲਗਾਏ ਜਾ ਰਹੇ ਕੈਂਪਾਂ ਦੀ ਲੜੀ ਵਜੋਂ ਖਰੜ ਵਿਚ ਪੈਂਦੇ 5 ਪਿੰਡਾਂ ਦਾ ਇੱਕ ਵਿਸ਼ੇਸ਼ ਕੈਂਪ ਪਿੰਡ ਸੋਏ ਮਾਜਰਾ ਵਿਖੇ 27 ਸਤੰਬਰ ਨੂੰ ਸਵੇਰੇ 10.00 ਤੋਂ ਦੁਪਿਹਰ 01.00 ਵਜੇ ਤੱਕ ਲਗਾਇਆ ਜਾ ਰਿਹਾ ਹੈ।ਇਸ ਕੈਂਪ ਵਿੱਚ ਚਡਿਆਲਾ, ਭਰਤਪੁਰ, ਬਾੜੀ ਵਾਲਾ, ਪਾਤੜਾਂ ਅਤੇ ਸੋਏ ਮਾਜਰਾ ਪਿੰਡਾਂ ਦੇ ਵਸਨੀਕ ਆਪਣੀਆਂ ਮੁਸ਼ਕਿਲਾਂ/ਸਮੱਸਿਆਵਾਂ ਲਈ ਅਰਜ਼ੀਆਂ ਦੇ ਸਕਦੇ ਹਨ।

# ਸੀਚੇਵਾਲ ਵਾਟਰ ਸਪੋਰਟਸ ਸੈਂਟਰ ਦੇ ਤਿੰਨ ਖਿਡਾਰੀਆਂ ਦੀ ਕੌਮਾਂਤਰੀ ਮੁਕਾਬਲਿਆਂ ਲਈ ਚੋਣ



ਪ੍ਰਿਆ ਪ੍ਰਭਜੋਤ ਸਿੰਘ ਪੁਨੀਤ ਸਿੰਘ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**-ਇੰਟਰਨੈਸ਼ਨਲ ਕਨੋਇੰਗ ਫੈਡਰੇਸ਼ਨ ਵੱਲੋਂ ਅਕਤੂਬਰ-ਨਵੰਬਰ 2024 ਦੌਰਾਨ ਕਰਵਾਏ ਜਾ ਰਹੇ ਵਿਸ਼ਵ ਕੱਪ ਅਤੇ ਵਿਸ਼ਵ ਚੈਂਪੀਅਨਸ਼ਿਪ ਲਈ ਸੰਤ ਸੀਚੇਵਾਲ ਵਾਟਰ ਸਪੋਰਟਸ ਸੈਂਟਰ ਦੇ ਤਿੰਨ ਖਿਡਾਰੀਆਂ ਦੀ ਚੋਣ ਕੀਤੀ ਗਈ।ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਖੇ ਇੰਡੀਅਨ ਕੈਕਿੰਗ ਕਨੋਇੰਗ ਐਸੋਸੀਏਸ਼ਨ ਵੱਲੋਂ ਹੋਏ ਟ੍ਰਾਇਲਾਂ ਦੌਰਾਨ ਪੂਰੇ ਭਾਰਤ ਤੋਂ 200 ਤੋਂ ਵੱਧ ਖਿਡਾਰੀਆਂ ਨੇ ਟਰਾਇਲ ਦਿੱਤੇ ਸੀ।ਜਿਸ ਵਿੱਚੋਂ ਪੰਜਾਬ ਦੇ 34 ਖਿਡਾਰੀ ਚੁਣੇ ਗਏ। ਇਹਨਾਂ ਵਿੱਚੋਂ ਤਿੰਨ ਖਿਡਾਰੀ ਸੰਤ ਸੀਚੇਵਾਲ ਵਾਟਰ ਸਪੋਰਟਸ ਸੈਂਟਰ ਸੁਲਤਾਨਪੁਰ ਲੋਧੀ ਦੇ ਸੀ।ਕੋਚ ਅਮਨਦੀਪ ਸਿੰਘ ਖਹਿਰਾ ਨੇ ਇਸ ਮੌਕੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਸਦਾ ਸਮੁੱਚਾ ਸਿਹਰਾ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਜਾਂਦਾ ਹੈ। ਉਹਨਾਂ ਕਿਹਾ ਕਿ ਉਹਨਾਂ ਵੱਲੋਂ ਸਾਲ 2014 ਦੌਰਾਨ ਪਵਿੱਤਰ ਵੇਈਂ ਕਿਨਾਰੇ ਸ਼ੁਰੂ ਕੀਤੇ ਸੰਤ ਸੀਚੇਵਾਲ ਵਾਟਰ ਸਪੋਰਟਸ ਸੈਂਟਰ ਨੇ ਪੰਜਾਬ ਦੇ ਕਈ ਗਰੀਬ ਤੇ ਲੋੜਵੰਦ ਖਿਡਾਰੀਆਂ ਨੂੰ ਮੌਕਾ ਦਿੱਤਾ ਹੈ।ਉਹਨਾਂ ਦੱਸਿਆ ਕਿ ਚੁਣੇ ਹੋਏ ਖਿਡਾਰੀਆਂ ਵਿੱਚ 1 ਲੜਕੀ ਪ੍ਰਿਆ ਸਪੁੱਤਰੀ ਰਾਜਦੇਵ ਸਿੰਘ, 2 ਲੜਕੇ ਪ੍ਰਭਜੋਤ ਸਿੰਘ ਸਪੁੱਤਰ ਬਲਦੇਵ ਸਿੰਘ ਅਤੇ ਪੁਨੀਤਪਾਲ ਸਿੰਘ ਸਪੁੱਤਰ ਜਗਦੀਸ਼ ਸਿੰਘ ਹਨ। ਜਾਣਕਾਰੀ ਦਿੰਦਿਆ ਕੋਚ ਅਮਨਦੀਪ ਨੇ ਦੱਸਿਆ ਕਿ ਚੀਨ ਦੇ ਸ਼ਹਿਰ ਯਿਚਾਂਗ ਸ਼ਹਿਰ ਵਿਖੇ 23 ਤੋਂ 27 ਅਕਤੂਬਰ 2024 ਤੱਕ ਵਿਸ਼ਵ ਕੱਪ ਹੋਵੇਗਾ। ਉਸਤੋਂ ਫਿਲਪਾਇਨ ਦੇ ਸ਼ਹਿਰ ਪੋਰਟੋ ਪ੍ਰਿੰਸੇਸਾ ਵਿਖੇ 31 ਤੋਂ 03 ਨਵੰਬਰ ਤੱਕ ਆਈ.ਸੀ.ਐਫ ਡਰੈਗਨ ਬੋਟ ਵਿਸ਼ਵ ਚੈਂਪੀਅਨਸ਼ਿਪ ਹੋਵੇਗੀ। ਉਹਨਾਂ ਦੱਸਿਆ ਕਿ ਜਲਦ ਹੀ ਇਹਨਾਂ ਬੱਚਿਆਂ ਦਾ ਕੈਂਪ ਭੋਪਾਲ ਵਿਖੇ ਹੀ ਲੱਗੇਗਾ ਜਿੱਥੋਂ ਅਭਿਆਸ ਕਰਕੇ ਇਹ ਬੱਚੇ ਅੱਗੇ ਖੇਡਣ ਜਾਣਗੇ। ਇਸ ਮੌਕੇ ਚੁਣੇ ਹੋਏ ਖਿਡਾਰੀਆਂ ਨੂੰ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਵਧਾਈ ਦਿੰਦਿਆ ਕਿਹਾ ਕਿ ਸਾਡੀਆਂ ਸ਼ੁੱਭਕਾਮਨਾਵਾਂ ਇਹਨਾਂ ਬੱਚਿਆਂ ਦੇ ਨਾਲ ਹਨ।

# ਮਨਰੇਗਾ ਵਰਕਰ ਯੂਨੀਅਨ ਵੱਲੋਂ ਫ਼ਿਲੌਰ ਵਿਖੇ ਬੀ ਡੀ ਪੀ ਓ ਦਫਤਰ ਅੱਗੇ ਪ੍ਰਦਰਸ਼ਨ



**ਫਿਲੌਰ (ਨਿਰਮਲ, ਹਰਜਿੰਦਰ ਕੌਰ ਚਾਹਲ)**-ਮਨਰੇਗਾ ਵਰਕਰ ਯੂਨੀਅਨ ਫ਼ਿਲੌਰ ਵਲੋਂ ਪਿੰਡ ਮਾਉ ਸਾਹਿਬ ਅਤੇ ਪਿੰਡ ਗੜਾ ਵਿਖੇ ਮਜ਼ਦੂਰਾਂ ਵਲੋਂ ਕੰਮ ਕਰਨ ਤੋਂ ਬਾਅਦ ਮਜ਼ਦੂਰੀ ਦੇ ਪੈਸੇ ਨਾ ਮਿਲਣ ਦੇ ਖ਼ਿਲਾਫ਼ ਫ਼ਿਲੌਰ ਦੇ ਬੀ ਡੀ ਪੀ ਓ ਦਫਤਰ ਵਿਖੇ ਧਰਨਾ ਪ੍ਰਦਰਸ਼ਨ ਕੀਤਾ ਗਿਆ, ਇਸ ਮੌਕੇ ਮਜ਼ਦੂਰ ਦੁਆਰਾ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ, ਮਜ਼ਦੂਰਾਂ ਨੂੰ ਸੰਬੋਧਨ ਕਰਦਿਆ ਜਥੇਬੰਦੀ ਦੇ ਆਗੂ ਮਨਜੀਤ ਸੂਰਜਾ ਨੇ ਕਿਹਾ ਕਿ ਨਰੇਗਾ ਤਹਿਤ ਕੰਮ ਕਰਨ ਵਾਲੇ ਲਗਪਗ ਮਾਉ ਸਾਹਿਬ ਦੇ 34 ਮਜ਼ਦੂਰਾਂ ਜਿਨ੍ਹਾ ਨੇ 40-40 ਦਿਹਾੜੀ ਕੰਮ ਅਤੇ ਪਿੰਡ ਗੜਾ ਦੇ 8 ਔਰਤਾਂ ਨੇ ਵੀ 25 ਦਿਨ ਕੰਮ ਕੀਤਾ ਹੈ ਪ੍ਰੰਤੂ ਓਹਨਾ ਨੂੰ ਬਣਦੀ ਮਿਹਨਤ ਦੀ ਰਕਮ ਨਹੀਂ ਦਿੱਤੀ ਜਾ ਰਹੀ , ਜਦ ਕਿ ਆਪਣੇ ਪੈਸੇ ਦੀ ਮੰਗ ਕਰਨ ਲਈ ਬੀ ਡੀ ਪੀ ਓ ਦਫਤਰ ਆਉਣ ਵਾਲੇ ਮਜ਼ਦੂਰਾਂ ਨੂੰ ਏ.ਆਰ. ਓ. ਵੱਲੋਂ ਮਾੜਾ ਬੋਲਣਾ, ਗ਼ਲਤ ਸ਼ਬਦਾਵਲੀ ਵਰਤਣਾ ਬਹੁਤ ਮੰਦਭਾਗਾ ਹੈ, ਇਸ ਮੌਕੇ ਸੰਬੋਧਨ ਕਰਦਿਆਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਜਿਲ੍ਹਾ ਸਕੱਤਰ ਅਜੈ ਫ਼ਿਲੌਰ ਨੇ ਕਿਹਾ ਕਿ ਮਨਰੇਗਾ ਕਾਨੂੰਨ ਤਹਿਤ ਦਿਹਾਤੀ ਮਜ਼ਦੂਰਾ ਦੇ ਸਾਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ ਘੱਟੋ ਘੱਟ 1000 ਰੁਪਏ ਦਿੱਤੀ ਜਾਵੇ, ਕਸਬਿਆਂ ਤੇ ਸ਼ਹਿਰਾਂ ਵਿੱਚ ਵੀ ਇਹ ਕਾਨੂੰਨ ਲਾਗੂ ਕਰਕੇ ਇਥੇ ਰਹਿੰਦੇ ਮਜ਼ਦੂਰਾਂ ਨੂੰ ਵੀ ਕੰਮ ਦੇਣ ਦਾ ਪ੍ਰਬੰਧ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਜੇਕਰ ਅਧਿਕਾਰੀਆਂ ਨੇ ਮਜਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਤਿੱਖਾ ਸ਼ੰਘਰਸ਼ ਕੀਤਾ ਜਾਵੇਗਾ।ਇਸ ਮੌਕੇ ਮੱਖਣ ਸੰਗਰਾਮੀ, ਪ੍ਰਭਾਤ ਕਵੀ, ਵਿੱਕੀ ਜੱਖੂ, ਕਮਲਜੀਤ ਕੌਰ, ਬਖਸ਼ੋ, ਸੁਨੀਤਾ,ਬਲਵੀਰ ਕੌਰ, ਮੋਹਿੰਦਰ ਕੌਰ, ਸੁਰਿੰਦਰ ਕੌਰ, ਨੀਰੂ, ਬਲਜੀਤ ਕੌਰ, ਸਰਬਜੀਤ ਕੌਰ, ਭੋਲੀ, ਰਾਜਿੰਦਰ ਕੌਰ, ਮਨਜੀਤ ਕੌਰ, ਊਸ਼ਾ ਰਾਣੀ ਆਦਿ ਆਗੂ ਹਾਜ਼ਰ ਸਨ।

# 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਸਹੁੰ ਚੱਕ ਸਮਾਗਮ ਕਰਵਾਇਆ



**ਕਰਤਾਰਪੁਰ (ਹਰਮੇਸ਼ ਦੱਤ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖਾਲਸਾ ਕਾਲਜ ਕਰਤਾਰਪੁਰ ਵਿਖੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਅਗਵਾਈ ਐਨ.ਐਸ.ਐਸ ਵਿਭਾਗ ਦੇ ਪ੍ਰੋਗਰਾਮ ਅਫਸਰ ਪ੍ਰੋਫੈਸਰ ਕਮਲੇਸ਼ ਰਾਣੀ ਦੀ ਦੇਖ ਰੇਖ ਹੇਠ 'ਸਵੱਛਤਾ ਹੀ ਸੇਵਾ ਹੈ' ਮੁਹਿੰਮ ਤਹਿਤ ਸੁਹੰ ਚੱਕ ਸਮਾਗਮ ਕਰਵਾਇਆ ਗਿਆ। ਇਸ ਸਮੇਂ ਵਿਦਿਆਰਥੀਆਂ ਨੂੰ ਆਪਣੇ ਘਰ , ਕਾਲਜ ਤੇ ਕਲਾਸ ਦੀ ਸਾਫ਼ ਸਫਾਈ ਰੱਖਣ ਸਬੰਧੀ ਸੁਹੰ ਚਕਾਈ ਗਈ। ਇਸ ਮੌਕੇ ਪ੍ਰੋਫੈਸਰ ਕਮਲੇਸ਼ ਰਾਣੀ ਨੇ ਵਿਦਿਆਰਥੀਆਂ ਨੂੰ ਸਾਫ ਸਫਾਈ ਸੰਬੰਧੀ ਪਲਾਸਟਿਕ ਦੀ ਵਰਤੋਂ ਦੀ ਮਨਾਹੀ, ਆਲਾ ਦੁਆਲਾ ਸਾਫ ਰੱਖਣ ਕਲਾਸਾਂ ਦੀ ਸਫਾਈ ਪਿੰਡ ਤੇ ਸ਼ਹਿਰ ਦੀ ਸਫਾਈ ਰੱਖਣ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਸਫਾਈ ਸਬੰਧੀ ਜਾਗਰੂਕ ਕਰਦਿਆਂ ਕਿਹਾ ਕਿ ਸਵੱਛਤਾ ਹੀ ਸੇਵਾ ਦਾ ਇਹ ਸਫਾਈ ਅਭਿਆਨ ਸਾਡੀ ਰੋਜ ਜਿੰਦਗੀ ਵਿੱਚ ਚੱਲਦਾ ਰਹਿਣਾ ਚਾਹੀਦਾ ਹੈ, ਤਾਂ ਜੋ ਬਿਮਾਰੀਆਂ ਤੋਂ ਬਚਿਆ ਜਾ ਸਕੇ ਅਤੇ ਆਲੇ ਦੁਆਲੇ ਨੂੰ ਸਵੱਛ ਰੱਖਣ ਵਿੱਚ ਯੋਗਦਾਨ ਪਾਇਆ ਜਾ ਸਕੇ।

# ਕਾਲਾ ਸੰਘਿਆਂ 'ਚ ਬਾਬਾ ਗੁੱਗਾ ਜ਼ਾਹਰ ਪੀਰ ਦਾ ਸਲਾਨਾ ਮੇਲਾ ਮਨਾਇਆ



**ਕਾਲਾ ਸੰਘਿਆਂ (ਮਨਜੀਤ ਮਾਨ)**-ਜ਼ਿਲ੍ਹਾ ਕਪੂਰਥਲਾ ਦੇ ਇਤਿਹਾਸਕ ਕਸਬਾ ਕਾਲਾ ਸੰਘਿਆਂ ਆਲਮਗੀਰ ਮੋਤੀ ਨਗਰ ਵਿਖੇ ਬਾਬਾ ਗੁਗਾ ਜ਼ਾਹਰ ਪੀਰ ਦਾ ਸਲਾਨਾ ਮੇਲਾ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਬਲਵੀਰ ਸਿੰਘ ਚੌਹਾਨ ਦੀ ਰਹਿਨੁਮਾਈ ਹੇਠ ਪਿੰਡ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਦਰਬਾਰ 'ਤੇ ਸਵੇਰੇ 10 ਵਜੇ ਝੰਡੇ ਦੀ ਰਸਮ ਕੀਤੀ ਗਈ ਉਪਰੰਤ ਬਾਬਾ ਗੁਰਦਿਆਲ ਸਿੰਘ ਉੱਗੀ ਤੇ ਬਲਵਿੰਦਰ ਸਿੰਘ ਪੰਚ ਉੱਗੀ ਵੱਲੋਂ ਬਾਬਾ ਗੁੱਗਾ ਜ਼ਾਹਰ ਪੀਰ ਦੇ ਸੋਹਲੇ ਗਾਏ ਗਏ, ਉਪਰੰਤ ਵਾਲਮੀਕਿ ਕੌਮ ਦੇ ਕੌਮੀ ਪੰਥਕ ਕੀਰਤਨੀਏ ਭਾਈ ਗੌਰਵਮੀਤ ਪਰਜੀਆਂ ਵਾਲਿਆਂ ਦੇ ਜਥੇ ਵਲੋਂ ਬਾਬਾ ਗੁੱਗਾ ਜ਼ਾਹਰ ਪੀਰ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ, ਸੇਵਾਦਾਰ ਬਲਵਿੰਦਰ ਸਿੰਘ, ਹਰਪ੍ਰੀਤ ਸਿੰਘ ਤੇ ਪਰਵਿੰਦਰ ਸਿੰਘ, ਨਰਿੰਦਰ ਸਿੰਘ ਸੰਘਾ ਸੋਸ਼ਲ ਮੀਡੀਆ ਇੰਚਾਰਜ ਆਪ, ਸਰਬਨ ਸਿੰਘ ਸੰਘਾ ਸੀਨੀਅਰ ਆਗੂ ਆਪ, ਹਰਪਾਲ ਸਿੰਘ ਪਾਲਾ ਉਰਫ਼ ਪਾਲਾ ਟੇਲਰ, ਗੁਰਦਿਆਲ ਸਿੰਘ ਮਾਨ, ਪ੍ਰਧਾਨ ਸਾਬੀ ਰਸੂਲਪੁਰੀ ਬਾਬਾ ਕਾਲੇ ਸ਼ਾਹ ਮੁੱਖ ਸੇਵਾਦਾਰ ਬਾਬਾ ਹੈਦਰ ਸ਼ਾਹ, ਬਲਰਾਮ ਸ਼ਰਮਾ ਉਰਫ਼ ਡਾਕਟਰ ਕਿੰਦੀ, ਮਾਸਟਰ ਸਤਪਾਲ ਬਾਗੜੀ ਦਾ ਵੀ ਵਿਸ਼ੇਸ਼ ਤੌਰ 'ਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ । ਇਸ ਮੌਕੇ ਗੁਰੂ ਕੇ ਅਤੁੱਟ ਲੰਗਰ ਪ੍ਰਸ਼ਾਦੇ ਅਤੁੱਟ ਛਕਾਏ ਗਏ।

# ਸੀਟੀ ਗਰੁੱਪ ਨੇ ਓਪਨ ਮਾਈਕ ਸੀਜ਼ਨ-5 ਦੀ ਕੀਤੀ ਮੇਜ਼ਬਾਨੀ



**ਜਲੰਧਰ (ਸ਼ੈਲੀ ਐਲਬਰਟ)**-ਸੀਟੀ ਗਰੁੱਪ ਓਪਨ ਮਾਈਕ ਸੀਜ਼ਨ 5 ਨੇ ਜੀਵਨ ਦੇ ਵਿਭਿੰਨ ਖੇਤਰਾਂ ਤੋਂ ਬੁਲਾਰਿਆਂ ਇੱਕ ਪ੍ਰੇਰਨਾਦਾਇਕ ਅਤੇ ਗਤੀਸ਼ੀਲ ਮਾਹੌਲ ਪ੍ਰਦਾਨ ਕੀਤਾ। ਦਰਸ਼ਕਾਂ ਨੂੰ ਅਨੁਭਵਾਂ ਅਤੇ ਸੂਝ-ਬੂਝ ਦਾ ਇੱਕ ਪ੍ਰਭਾਵਸ਼ਾਲੀ ਮੰਚ ਨਾਲ ਅਵਗਤ ਕੀਤਾ। ਈਵੈਂਟ ਵਿੱਚ ਵਿਚਾਰਵਾਨ ਨੇਤਾਵਾਂ ਦੀ ਇੱਕ ਮਜ਼ਬੂਤ ਲੜੀ ਦਿਖਾਈ ਦਿੱਤੀ , ਜਿਸ ਵਿੱਚ ਡੀ ਆਰ ਡੀ ਓ ਵਿਗਿਆਨੀ, ਵੱਕਾਰੀ ਖੇਡ ਕੋਚ, ਫਿਟਨੈਸ ਮਾਡਲ, ਪੁਲਸ ਅਧਿਕਾਰੀ, ਪੱਤਰਕਾਰ, ਵਕੀਲ, ਲੇਖਕ ਅਤੇ ਐਨ ਜੀ ਓ ਦੌੜਾਕ ਸ਼ਾਮਲ ਸਨ। ਜਸਪ੍ਰੀਤ ਕੌਰ, ਜਿਸ ਨੇ ਡੀ ਆਰ ਡੀ ਓ ਵਿੱਚ 7 ਸਾਲ ਸੇਵਾ ਕੀਤੀ ਅਤੇ ਗੁਰਪ੍ਰੀਤ ਸਿੰਘ, ਇੱਕ ਸਾਬਕਾ ਐਨ ਐਚ ਪੀ ਸੀ ਕਰਮਚਾਰੀ ਨੇ ਓਪਨ ਮਾਈਕ ਸੀਜ਼ਨ 5 ਵਿੱਚ ਆਪਣੇ ਉੱਦਮੀ ਸਫ਼ਰ ਬਾਰੇ ਚਰਚਾ ਕੀਤੀ ।ਉਨ੍ਹਾਂ ਨਾਲ ਸੱਭਿਆਚਾਰਕ ਵਿਰਸੇ 'ਤੇ ਬੋਲਣ ਵਾਲੀ ਸਲੂਟ ਪੰਜਾਬੀਅਤ ਦੀ ਐਮ ਡੀ ਮੰਜੂ ਕ੍ਰਿਸਟੋਫਰ ਅਤੇ ਅਨੁਸ਼ਾਸਨ 'ਤੇ ਜ਼ੋਰ ਦੇਣ ਵਾਲੇ ਐਥਲੈਟਿਕ ਕੋਚ ਸਰਬੀਤ ਸਿੰਘ ਸ਼ਾਮਲ ਹੋਏ। ਪਰਵੀਨ ਅਬਰੋਲ ਨੇ ਮਾਨਸਿਕ ਸਿਹਤ ਬਾਰੇ ਚਾਨਣਾ ਪਾਇਆ, ਜਦਕਿ ਪੰਜਾਬ ਪੁਲਸ ਦੇ ਮਨਦੀਪ ਸਿੰਘ ਨੇ ਕਾਨੂੰਨ ਲਾਗੂ ਕਰਨ ਦੀਆਂ ਚੁਣੌਤੀਆਂ ਨੂੰ ਸੰਬੋਧਨ ਕੀਤਾ। ਸਮਾਜਿਕ ਕਾਰਕੁਨ ਕੁਸੁਮ ਸ਼ਰਮਾ ਨੇ ਔਰਤਾਂ ਦੇ ਸਸ਼ਕਤੀਕਰਨ ਤੇ ਧਿਆਨ ਕੇਂਦਰਿਤ ਕੀਤਾ ਅਤੇ ਗੁੜ ਦੇ ਬਾਦਸ਼ਾਹ ਮਹਿਤਾਬ ਸਿੰਘ ਨੇ ਆਪਣੀ ਕਾਰੋਬਾਰੀ ਸੂਝ ਸਾਂਝੀ ਕੀਤੀ। ਵੈਟਰਨ ਟਰੇਨਰ ਕੁਲਵੰਤ ਕੌਰ ਨੇ ਫਿਟਨੈਸ 'ਤੇ ਗੱਲ ਕੀਤੀ ਅਤੇ ਡਿਜੀਟਲ ਨਿਰਮਾਤਾ ਭੂਮਿਕਾ ਬੱਤਰਾ ਨੇ ਡਿਜੀਟਲ ਮੀਡੀਆ ਦੇ ਪ੍ਰਭਾਵ 'ਤੇ ਚਰਚਾ ਕੀਤੀ । ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਜਿਨ੍ਹਾਂ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ, ਨੇ ਇਸ ਪਹਿਲਕਦਮੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ, 'ਇਹ ਅਜਿਹੇ ਪਲ ਹਨ ਜੋ ਉਤਸੁਕਤਾ ਦੀ ਲਾਟ ਨੂੰ ਜਗਾਉਂਦੇ ਹਨ ਅਤੇ ਸਾਨੂੰ ਇੱਕ ਹੋਰ ਜੁੜੇ ਅਤੇ ਹਮਦਰਦ ਸਮਾਜ ਦੀ ਸਿਰਜਣਾ ਕਰਨ ਲਈ ਪ੍ਰੇਰਿਤ ਕਰਦੇ ਹਨ।' ਇਸ ਮੌਕੇ ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਵੀ ਮੌਜੂਦ ਸਨ। ਨਿਤਿਨ ਟੰਡਨ, ਸੀਟੀ ਗਰੁੱਪ ਦੇ ਕਾਰਜਕਾਰੀ ਨਿਰਦੇਸ਼ਕ ਡਾ. ਦਵਿੰਦਰ ਸਿੰਘ, ਸੀਟੀ ਯੂਨੀਵਰਸਿਟੀ ਦੇ ਵਿਦਿਆਰਥੀ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਅਤੇ ਡਾ. ਅਰਜਨ ਸਿੰਘ, ਵਿਦਿਆਰਥੀ ਭਲਾਈ ਦੇ ਡੀਨ, ਜਿਨ੍ਹਾਂ ਨੇ ਇਸ ਪਲੇਟਫਾਰਮ ਦੇ ਵਿਦਿਆਰਥੀਆਂ ਅਤੇ ਵਿਆਪਕ ਭਾਈਚਾਰੇ ਦੋਵਾਂ ਤੇ ਪਾਏ ਗਏ ਮਹੱਤਵਪੂਰਨ ਪ੍ਰਭਾਵ ਨੂੰ ਉਜਾਗਰ ਕੀਤਾ।

# ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਦੇ ਸਰਟੀਫਿਕੇਟ ਵੰਡੇ



**ਸ਼ਾਹਕੋਟ (ਗਿਆਨ ਸੈਦਪੁਰੀ)**-ਮਾਤਾ ਸਾਹਿਬ ਕੌਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਢੰਡੋਵਾਲ (ਸ਼ਾਹਕੋਟ) ਵਿਚ ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਲਈ ਗਈ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਅਤੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਵੰਡੇ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਰੇਖਾ ਰਾਣੀ ਨੇ ਕਿਹਾ ਕਿ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਇਸ ਪ੍ਰੀਖਿਆ ਵਿਚ ਭਾਗ ਲਿਆ ਸੀ। ਉਨ੍ਹਾਂ ਤਰਕਸ਼ੀਲ ਸੁਸਾਇਟੀ ਵੱਲੋਂ ਲੋਕਾਂ ਨੂੰ ਵਹਿਮਾਂ ਭਰਮਾਂ 'ਚੋਂ ਕੱਢਣ ਅਤੇ ਵਿਗਿਆਨਕ ਸੋਚ ਅਪਨਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਵਲੋਂ ਪ੍ਰੀਖਿਆ ਦੀ ਤਿਆਰੀ ਲਈ ਦਿੱਤੀ ਜਾਂਦੀ ਪੁਸਤਕ ਵਿਚ ਵਿਗਿਆਨ, ਵਿਗਿਆਨਕ ਖੋਜਾਂ, ਦੇਸ਼ ਦੇ ਮਹਾਨ ਸ਼ਹੀਦਾਂ ਅਤੇ ਵਾਤਾਵਰਣ ਨਾਲ ਸਬੰਧਤ ਮੁਦਿਆਂ 'ਤੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਭਰਪੂਰ ਲੇਖ ਪੜ੍ਹ ਕੇ ਵਿਦਿਆਰਥੀਆਂ ਦੇ ਗਿਆਨ ਵਿਚ ਚੋਖਾ ਵਾਧਾ ਹੁੰਦਾ ਹੈ। ਇਸ ਮੌਕੇ ਉਨ੍ਹਾਂ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਅਤੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਸਕੂਲ ਦੇ ਸਮੂਹ ਸਟਾਫ਼ ਮੈਂਬਰ ਵੀ ਹਾਜ਼ਰ ਸਨ।

# ਕਰਿਆਮ 'ਚ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ



**ਨਵਾਂਸ਼ਹਿਰ (ਮਨੋਜ ਲਾਡੀ)**-ਡਾ. ਰਜਿੰਦਰ ਕੰਬੋਜ ਮੁੱਖ ਖੇਤੀਬਾੜੀ ਅਫਸਰ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਰਾਜ ਕੁਮਾਰ ਬਲਾਕ ਖੇਤੀਬਾੜੀ ਅਫਸਰ, ਨਵਾਂਸ਼ਹਿਰ ਦੀ ਪ੍ਰਧਾਨਗੀ ਹੇਠ ਕਰਾਪ ਰੈਜ਼ੀਡਿਊ ਮੈਨੇਜਮੈਂਟ ਸਕੀਮ ਅਧੀਨ ਪਿੰਡ ਕਰਿਆਮ ਵਿਖੇ ਬਲਾਕ ਪੱਧਰ ਦਾ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਜਿਸ ਵਿੱਚ ਡਾ. ਰਾਜ ਕੁਮਾਰ ਖੇਤੀਬਾੜੀ ਅਫਸਰ ਨਵਾਂਸ਼ਹਿਰ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਜ਼ਮੀਨ ਵਿੱਚ ਵਾਹ ਕੇ ਕਣਕ ਦੀ ਫਸਲ ਦੀ ਬਿਜਾਈ ਕਰਨ ਲਈ ਦੱਸਿਆ ਅਤੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਤਾਂ ਜੋ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ, ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਇਆ ਜਾਵੇ, ਜ਼ਮੀਨ ਵਿਚਲੇ ਮਿੱਤਰ ਕੀੜਿਆਂ ਨੂੰ ਬਚਾਇਆ ਕਾ ਸਕੇ। ਧੂੰਏਂ ਤੋਂ ਪੈਦਾ ਹੋ ਰਹੀਆਂ ਜ਼ਹਿਰੀਲੀਆਂ ਗੈਸਾਂ ਤੋਂ ਮਨੁੱਖੀ ਜੀਵਨ ਨੂੰ ਬਚਾਇਆ ਜਾ ਸਕੇ। ਉਹਨਾਂ ਦੱਸਿਆ ਕਿ ਬਲਾਕ ਨਵਾਂਸ਼ਹਿਰ ਵਿੱਚ 34 ਬੇਲਰ ਮਸ਼ੀਨਾਂ, 243 ਸੁਪਰ ਸੀਡਰ ਅਤੇ 24 ਸਰਫੇਸ ਸੀਡਰ ਕਿਸਾਨਾਂ/ਕਿਸਾਨ ਗਰੁੱਪਾਂ ਕੋਲ ਮੌਜੂਦ ਹਨ। ਜਿਸ ਨਾਲ ਸਾਰੇ ਬਲਾਕ ਪਰਾਲੀ ਨੂੰ ਸਾਂਭਿਆ ਜਾ ਸਕਦਾ ਹੈ।ਉਹਨਾਂ ਦੱਸਿਆ ਕਿ ਸੁਪਰਸੀਡਰ ਅਤੇ ਸਰਫੇਸ ਸੀਡਰ ਮਸ਼ੀਨ ਨਾਲ ਬਿਨਾਂ ਅੱਗ ਲਗਾਏ, ਝੋਨੇ ਦੀ ਪਰਾਲੀ ਨੂੰ ਵਿੱਚ ਰਲਾ ਕੇ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ ਅਤੇ ਪਿਛਲੇ ਸਾਲ ਇਸ ਦੇ ਵਧੀਆ ਰਿਜ਼ਲਟ ਪ੍ਰਾਪਤ ਹੋਏ ਹਨ।ਇਸ ਤੋਂ ਇਲਾਵਾ ਉਹਨਾਂ ਗੰਨੇ ਦੀ ਫਸਲ ਹੇਠ ਵੱਧ ਤੋਂ ਵੱਧ ਰਕਬਾ ਲਿਆਉਣ ਲਈ ਵੀ ਕਿਸਾਨਾਂ ਨੂੰ ਗੰਨੇ ਦੀ ਫਸਲ ਬਾਰੇ ਜਾਣਕਾਰੀ ਦਿੱਤੀ ਗਈ।ਡਾ. ਕੁਲਦੀਪ ਸਿੰਘ ਏ.ਡੀ.ਓ ਵੱਲੋਂ ਕਿਸਾਨਾਂ ਨੂੰ ਖੇਤੀ ਇਨਪੁਟਸ ਜਿਵੇਂ ਬੀਜ, ਕੀੜੇਮਾਰ ਦਵਾਈਆਂ ਅਤੇ ਖਾਦਾਂ ਦੀ ਖਰੀਦ ਸਮੇਂ ਬਿੱਲ ਲੈਣ ਲਈ ਵੀ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਝੋਨੇ/ਬਾਸਮਤੀ ਅਤੇ ਮੱਕੀ ਦੀ ਫਸਲ ਨੂੰ ਲੱਗਣ ਵਾਲੇ ਕੀੜੇ ਮਕੌੜੇ ਅਤੇ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ ਗਈ।ਇਸ ਮੌਕੇ ਪਰਮਵੀਰ ਕੌਰ ਡੀ.ਪੀ.ਡੀ. ਆਤਮਾ ਨੇ ਆਤਮਾ ਸਕੀਮ ਅਧੀਨ ਘਰੇਲੂ ਬਗੀਚੀ ਅਤੇ ਸੈਲਫ ਹੈਲਪ ਗਰੁੱਪਾਂ ਬਾਰੇ ਅਤੇ ਮਿੱਟੀ ਪਰਖ ਕਰਨ ਬਾਰੇ ਕਿਸਾਨਾਂ ਨਾਲ ਜਾਣਕਾਰੀ ਸਾਂਝੀ ਕੀਤੀ।

# 'ਖੇਡਾਂ ਵਤਨ ਪੰਜਾਬ ਦੀਆਂ' 'ਚ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



**ਸੁਲਤਾਨਪੁਰ ਲੋਧੀ, ( ਹਨੀ )**-ਖੇਡਾਂ ਵਤਨ ਪੰਜਾਬ ਦੀਆਂ 2024 ਖੇਡ ਮੇਲੇ ਵਿੱਚ ਜ਼ਿਲਾ ਪੱਧਰ 'ਤੇ ਵੱਖ-ਵੱਖ ਮੁਕਾਬਲੇ ਕਰਵਾਏ ਜਾ ਰਹੇ ਹਨ। ਜਿਸ ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ। ਪ੍ਰਿੰਸੀਪਲ ਰੇਨੂੰ ਅਰੋੜਾ ਨੇ ਦੱਸਿਆ ਕਿ ਗੁਰਦੁਆਰਾ ਗੁਰਸਰ ਸਾਹਿਬ ਸੈਫਲਾਬਾਦ ਦੁਆਰਾ ਹਰ ਉਮਰ ਵਰਗ ਦੇ ਖਿਡਾਰੀਆਂ ਲਈ ਗਤਕੇ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀ ਨੇ ਅੰਡਰ -17 ਵਿੱਚ ਸਿੰਗਲ ਸੋਟੀ ਫੇਰੀ ਵਿੱਚ ਸਿਲਵਰ ਮੈਡਲ ਜਿੱਤਿਆ। ਸਕੂਲ ਦੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਵਿਦਿਆਰਥੀ ਪ੍ਰੇਮਪ੍ਰੀਤ ਅਤੇ ਉਸ ਦੇ ਮਾਪਿਆਂ ਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ।

# ਬੈਂਕ ਆਫ ਬੜੌਦਾ ਤੇ ਆਈ ਸੀ ਆਈ ਸੀ ਆਈ ਬੈਂਕ ਨੇ 'ਸਵੱਛਤਾ ਹੀ ਸੇਵਾ' ਦਾ ਜਸ਼ਨ ਮਨਾਇਆ



**ਮੋਹਾਲੀ, (ਗੁਰਜੀਤ ਬਿੱਲਾ)** ਜ਼ਿਲ੍ਹਾ ਲੀਡ ਬੈਂਕ, ਪੰਜਾਬ ਨੈਸ਼ਨਲ ਬੈਂਕ ਵੱਲੋਂ 17 ਸਤੰਬਰ ਤੋਂ 1 ਅਕਤੂਬਰ ਤੱਕ ਐਲ ਡੀ ਐਮ ਮੋਹਾਲੀ ਐਮ ਕੇ ਭਾਰਦਵਾਜ ਦੀ ਨਿਗਰਾਨੀ ਹੇਠ ਸਵੱਛਤਾ ਹੀ ਸੇਵਾ ਮੁਹਿੰਮ ਦਾ ਹਿੱਸਾ ਬਣਨ ਲਈ ਉਲੀਕੇ ਗਏ ਸਮਾਗਮਾਂ ਦੀ ਲੜੀ ਵਿੱਚ ਬੈਂਕ ਆਫ਼ ਬੜੌਦਾ ਫੇਜ਼-9 ਬ੍ਰਾਂਚ ਅਤੇ ਆਈ ਸੀ ਆਈ ਸੀ ਆਈ ਬੈਂਕ ਫੇਜ਼-7 ਸ਼ਾਖਾ ਨੇ ਆਪੋ-ਆਪਣੀਆਂ ਬ੍ਰਾਂਚਾਂ ਵਿੱਚ ਸਮਾਗਮਾਂ ਨੂੰ ਮਨਾਇਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਲ ਡੀ ਐਮ ਮੁਹਾਲੀ ਐਮ ਕੇ ਭਾਰਦਵਾਜ ਨੇ ਦੱਸਿਆ ਕਿ ਇਸ ਲੜੀ ਵਿੱਚ ਬੈਂਕਾਂ ਵੱਲੋਂ ਮੁਹਾਲੀ ਵਿੱਚ ਹੁਣ ਤੱਕ ਕੁੱਲ 10 ਵਿੱਚੋਂ 5 ਸਮਾਗਮ ਕਰਵਾਏ ਜਾ ਚੁੱਕੇ ਹਨ।ਬੈਂਕ ਆਫ ਬੜੌਦਾ ਫੇਜ਼-9 ਬ੍ਰਾਂਚ 'ਚ ਵੀਰੇਂਦਰ ਸਿੰਘ ਬ੍ਰਾਂਚ ਹੈੱਡ ਅਤੇ ਸਮੂਹ ਸਟਾਫ਼ ਅਤੇ ਗਾਹਕਾਂ ਦੇ ਨਾਲ ਇਸ ਸਮਾਗਮ ਦਾ ਆਯੋਜਨ ਕੀਤਾ ਗਿਆ।ਬੈਂਕ ਦੇ ਸਟਾਫ਼ ਮੈਂਬਰਾਂ ਨੇ ਫੇਜ਼ 9 ਦੀ ਮਾਰਕੀਟ ਦੇ ਨੇੜਲੇ ਖੇਤਰ ਅਤੇ ਆਲੇ ਦੁਆਲੇ ਦੀ ਸਫ਼ਾਈ ਕੀਤੀ।ਇਸੇ ਤਰ੍ਹਾਂ ਨਿਤਿਨ ਸੂਦ ਦੀ ਅਗਵਾਈ ਹੇਠ ਆਈ ਸੀ ਆਈ ਸੀ ਆਈ ਬੈਂਕ ਦੀ ਫੇਜ਼-7 ਸ਼ਾਖਾ ਨੇ ਇਸ ਸਮਾਗਮ ਵਿੱਚ ਆਪਣੇ ਸਾਰੇ ਸਟਾਫ਼ ਮੈਂਬਰਾਂ ਅਤੇ ਗਾਹਕਾਂ ਨਾਲ ਭਾਗ ਲਿਆ।ਦੋਵਾਂ ਬੈਂਕਾਂ ਦੇ ਸਟਾਫ਼ ਮੈਂਬਰਾਂ ਅਤੇ ਗਾਹਕਾਂ ਨੇ ਆਪਣੇ ਕੰਮ ਵਾਲੀ ਥਾਂ, ਘਰਾਂ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਸਾਫ਼-ਸਫ਼ਾਈ ਰੱਖਣ ਦੀ ਸਹੁੰ ਵੀ ਚੁੱਕੀ।ਇਹ 'ਸਵੱਛਤਾ ਹੀ ਸੇਵਾ' ਅਭਿਆਨ ਭਾਰਤ ਸਰਕਾਰ ਦੀ ਇੱਕ ਪਹਿਲਕਦਮੀ ਵਜੋਂ ਇੱਕ ਸਾਫ਼-ਸੁਥਰੇ ਅਤੇ ਸਵੱਛ ਭਾਰਤ ਨੂੰ ਬਣਾਉਣ ਲਈ ਲਿਆ ਗਿਆ ਹੈ।ਇਸ ਮੁਹਿੰਮ ਵਿੱਚ ਮੁਹਾਲੀ ਦੀਆਂ ਸਾਰੀਆਂ ਬੈਂਕਾਂ ਉਚੇਚੇ ਤੌਰ 'ਤੇ ਦਿਲਚਸਪੀ ਲੈ ਰਹੀਆਂ ਹਨ।

# ਸਮਾਜ ਸੇਵਕ ਰਸੂਲਪੁਰ ਨੇ ਖਿਡਾਰੀਆਂ ਨੂੰ ਸਪੋਰਟਸ ਕਿੱਟਾਂ ਵੰਡੀਆਂ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਅਹਿਰਾਣਾ ਕਲਾਂ ਵਿਖੇ ਉਘੇ ਸਮਾਜ ਸੇਵੀ, ਸੀਨੀਅਰ ਕਾਂਗਰਸੀ ਆਗੂ, ਹਲਕਾ ਇੰਚਾਰਜ ਕੁਲਵਿੰਦਰ ਸਿੰਘ ਰਸੂਲਪੁਰੀ ਨੇ ਪਿੰਡ ਡਵਿੱਡਾ ਅਹਿਰਾਣਾ ਅਤੇ ਅਹਿਰਾਣਾ ਕਲਾਂ, ਭਟਰਾਣਾ ਵਾਸੀਆਂ ਨਾਲ ਨੁੱਕੜ ਮੀਟਿੰਗ ਕੀਤੀਆਂ। ਇਸ ਮੌਕੇ ਮਾਤਾ ਚਿੰਤ ਕੌਰ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਉਘੇ ਸਮਾਜ ਸੇਵਕ ਕੁਲਵਿੰਦਰ ਸਿੰਘ ਰਸੂਲਪੁਰ ਵੱਲੋਂ ਹਲਕਾ ਚੱਬੇਵਾਲ ਦੇ ਵੱਖ ਵੱਖ ਪਿੰਡਾਂ ਵਿਚ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਪੋਰਟਸ ਕਿੱਟਾਂ ਵੰਡੀਆਂ ਗਈਆਂ। ਉਨ੍ਹਾਂ ਕਿਹਾ ਕਿ ਮਾਤਾ ਚਿੰਤ ਕੌਰ ਚੈਰੀਟੇਬਲ ਟਰੱਸਟ ਪਿਛਲੇ ਕਾਫੀ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰਦਾ ਆ ਰਿਹਾ ਹੈ। ਉਨ੍ਹਾਂ ਕਿਹਾ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਆਉਣ 'ਤੇ ਪਹਿਲ ਦੇ ਆਧਾਰ 'ਤੇ ਨਸ਼ੇ ਨੂੰ ਪੂਰੀ ਤਰ੍ਹਾਂ ਠੱਲ੍ਹ ਪਾਈ ਜਾਵੇਗੀ। ਇਸ ਮੌਕੇ ਕੁਲਵਿੰਦਰ ਸਿੰਘ ਰਸੂਲਪੁਰ ਵੱਲੋਂ ਹਲਕਾ ਚੱਬੇਵਾਲ ਦੇ ਵੱਖ ਵੱਖ ਪਿੰਡਾਂ ਵਿਚ ਜਾ ਕੇ ਨੌਜਵਾਨਾਂ ਅਤੇ ਬੱਚਿਆਂ ਨੂੰ ਸਪੋਰਟਸ ਕਿੱਟਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਮੀਟਿੰਗ ਦੌਰਾਨ ਯੂਥ ਪ੍ਰਧਾਨ ਗੁਰਪ੍ਰੀਤ ਸਿੰਘ ਚੱਬੇਵਾਲ, ਸਰਕਲ ਪ੍ਰਧਾਨ ਤਰੁਣ ਕੁਮਾਰ (ਟਿੰਕੂ ), ਹਰਬੰਸ ਕੌਰ, ਰੇਸ਼ਮ ਸਿੰਘ ਭਟਰਾਣਾ, ਸੰਤੋਖ ਸਿੰਘ, ਹਰਜਿੰਦਰ ਰਸੂਲਪੁਰੀ, ਕੁਲਵਿੰਦਰ ਸਿੰਘ, ਅਰਵਿੰਦਰ ਕੌਰ, ਰਮੇਸ਼, ਟਿੰਕੂ ਡਵਿੱਡਾ ਆਦਿ ਸ਼ਾਮਲ ਸਨ।

# ਸ੍ਰੀ ਗੁਰੂ ਅਮਰਦਾਸ ਜੀ ਦਾ 450 ਸਾਲਾ ਜੋਤੀ ਜੋਤ ਪੁਰਬ ਸ਼ਰਧਾ-ਪੂਰਵਕ ਮਨਾਇਆ



**ਮੋਹਾਲੀ (ਗੁਰਜੀਤ ਬਿੱਲਾ)** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਤੀਜੇ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ 450 ਸਾਲਾ ਜੋਤੀ ਜੋਤ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਸਬੰਧ ਵਿੱਚ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਧਾਰਮਿਕ ਸਮਾਗਮ ਵਿੱਚ ਭਾਈ ਗੁਰਦਿਆਲ ਸਿੰਘ ਦੇ ਇਟਰਨੈਸ਼ਲਲ ਢਾਡੀ ਜੱਥੇ ਨੇ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਦੇ ਜੀਵਨ ਬ੍ਰਿਤਾਂਤ ਅਤੇ 1574 ਈ ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾਉਣ ਬਾਰੇ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਵਿੱਚ ਜਾਣੂੰ ਕਰਵਾਇਆ।ਬੀਬੀ ਉੱਤਮਜੀਤ ਕੌਰ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ।

# ਗੀਤਕਾਰ ਬਲਦੇਵ ਰਾਹੀ ਕੈਨੇਡਾ ਟੂਰ 'ਤੇ



**ਕਾਲਾ ਸੰਘਿਆਂ (ਮਨਜੀਤ ਮਾਨ)**- ਪੰਜਾਬ ਦੇ ਵੱਖ ਵੱਖ ਸਟਾਰ ਗਾਇਕ ਕਲਾਕਾਰਾਂ ਨਾਲ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਣ ਵਾਲੇ ਵਰਲਡ ਫੇਮਸ ਮੰਚ ਸੰਚਾਲਕ ਬਲਦੇਵ ਰਾਹੀ ਅੱਜ ਕੱਲ੍ਹ ਕੈਨੇਡਾ ਦੀ ਧਰਤੀ 'ਤੇ ਪਹੁੰਚਿਆ ਹੋਇਆ ਹੈ।ਵਿਕਟੋਰੀਆ ਵਿਖੇ ਇੱਕ ਸਮਾਗਮ ਵਿੱਚ ਪਹੁੰਚੇ ਬਲਦੇਵ ਰਾਹੀ ਇੱਕ ਸਥਾਪਿਤ ਗੀਤਕਾਰ ਵੀ ਹੈ । ਬਲਦੇਵ ਰਾਹੀ ਇਸ ਟੂਰ ਲਈ ਦਵਿੰਦਰ ਸਿੰਘ ਸਹੋਤਾ ਵਿਕਟੋਰੀਆ, ਦੀਪਾ ਸਹੋਤਾ, ਗੁਰਵਿੰਦਰ ਬਾਹੋਪੁਰੀ, ਸੁਰਿੰਦਰ ਲਾਡੀ, ਜਸਵੰਤ ਮਾਨ ਅਤੇ ਨਿੰਦਰ ਦਿਉਲ ਦਾ ਸ਼ੁਕਰਾਨਾ ਕਰਦਾ ਹੈ। ਬਲਦੇਵ ਰਾਹੀ ਦਾ ਪੰਜਾਬੀ ਸਾਹਿਤ ਸਭਾ ਵਿਕਟੋਰੀਆ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ 'ਕੌਮੀ ਸੇਵਾ ਯੋਜਨਾ ਦਿਵਸ-2024' ਮਨਾਇਆ ਗਿਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਦੀ ਅਗਵਾਈ ਵਿੱਚ ਕਾਲਜ ਦੇ ਐਨ.ਐਸ. ਐਸ. ਇੰਚਾਰਜ ਪ੍ਰੋ. ਵਿਜੇ ਕੁਮਾਰ ਅਤੇ ਪ੍ਰੋ. ਰਣਜੀਤ ਕੁਮਾਰ ਦੇ ਸਹਿਯੋਗ ਨਾਲ "ਕੌਮੀ ਸੇਵਾ ਯੋਜਨਾ ਦਿਵਸ-2024" ਮਨਾਇਆ ਗਿਆ। ਜਿਸ ਵਿੱਚ ਸੈਮੀਨਾਰ, ਭਾਸ਼ਣ ਕਰਵਾਉਣ, ਰੁੱਖ ਲਗਾਉਣ ਸਹੁੰ ਚੁੱਕ ਅਤੇ ਰੈਲੀ ਕੱਢਣ ਨਾਲ ਸਬੰਧਤ ਸਮਾਰੋਹ ਕਰਵਾਏ ਗਏ। ਜਿਸ ਵਿੱਚ ਪ੍ਰੋ. ਸੂਰਜ ਕੁਮਾਰ, ਪ੍ਰੋ. ਸਰੋਜ ਸ਼ਰਮਾ, ਪ੍ਰੋ. ਸੁਖਦੀਪ ਕੌਰ ਵੀ ਹਾਜ਼ਰ ਸਨ।ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਨੇ ਵਿਦਿਆਰਥੀਆਂ ਨੂੰ ਆਪਣਾ ਜੀਵਨ ਸਵੱਛ ਅਤੇ ਨਿਰਪੱਖ ਭਾਵਨਾ ਦੇ ਨਾਲ ਜੀਉਣ ਦਾ ਸੰਦੇਸ਼ ਦਿੱਤਾ। ਐਨ.ਐਸ.ਐਸ. ਇੰਚਾਰਜ ਪ੍ਰੋ. ਵਿਜੇ ਕੁਮਾਰ ਨੇ ਸਾਰਿਆਂ ਨੂੰ ਇਸ ਦਿਵਸ ਦੀ ਵਧਾਈ ਦਿੱਤੀ। ਪ੍ਰੋ. ਵਿਜੇ ਕੁਮਾਰ ਨੇ ਵਿਦਿਆਰਥੀਆਂ ਨੂੰ ਆਪਣੇ ਦੇਸ਼ ਅਤੇ ਸਮਾਜ ਪ੍ਰਤੀ ਬਣਦੇ ਫਰਜ਼ ਨੂੰ ਦਿਲੋਂ ਨਿਭਾਉਣ ਲਈ ਸਹੁੰ ਚੁਕਾਈ। ਵਿਸ਼ੇ ਅਨੁਸਾਰ ਵਿਦਿਆਰਥਣ ਖੁਸ਼ਬੂ, ਚਮਨਦੀਪ ਕੌਰ ਅਤੇ ਰਮਨਦੀਪ ਕੌਰ ਨੇ ਇਸ ਸਮੇਂ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋ. ਵਿਜੇ ਕੁਮਾਰ ਨੇ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਦੇ ਅਧੀਨ ਰੁੱਖ ਲਗਾਇਆ। ਇਸ ਮੌਕੇ ਕਾਲਜ ਵਿੱਚ ਰੈਲੀ ਵੀ ਕੱਢੀ ਗਈ।

**ਜਨਮ ਦਿਨ ਮੁਬਾਰਕ**



ਅਮਾਇਰਾ ਜਿੰਦਲ



ਅਰਮਾਨ ਸੰਧੂ (ਟਾਂਡਾ)

# ਖੇਤੀਬਾੜੀ ਤੇ ਭਲਾਈ ਵਿਭਾਗ ਵੱਲੋਂ ਪਰਾਲੀ ਦੀ ਰਹਿੰਦ ਖੂੰਹਦ ਦੀ ਸੰਭਾਲ ਲਈ ਕੈਂਪ ਲਗਾਇਆ




**ਫਿਲੌਰ, (ਹਰਜਿੰਦਰ ਕੌਰ ਚਾਹਲ, ਨਿਰਮਲ )** ਨਜ਼ਦੀਕੀ ਪਿੰਡ ਅੱਟੀ ਵਿਖੇ ਖੇਤੀਬਾੜੀ ਅਤੇ ਭਲਾਈ ਵਿਭਾਗ ਫਿਲੌਰ ਵੱਲੋਂ ਪਰਾਲੀ ਦੀ ਰਹਿੰਦ ਖੂੰਹਦ ਸੰਭਾਲ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਖੇਤੀਬਾੜੀ ਵਿਸਥਾਰ ਅਫਸਰ ਡਾਕਟਰ ਤਰਸੇਮ ਸਿੰਘ ਅਤੇ ਮੈਡਮ ਕੁਲਵਿੰਦਰ ਕੌਰ ਵੱਲੋਂ ਕੈਂਪ 'ਚ ਹਾਜ਼ਰ ਸੈਂਕੜੇ ਕਿਸਾਨਾਂ ਨੂੰ ਪਰਾਲੀ ਦੀ ਰਹਿੰਦ ਖੂੰਹਦ ਦੀ ਸੰਭਾਲ ਸੰਬੰਧੀ ਜਾਣਕਾਰੀ ਦਿੱਤੀ ਅਤੇ ਇਸ ਸਬੰਧੀ ਸਰਕਾਰ ਵੱਲੋਂ ਚਲਾਈਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਚਲਾਈਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ। ਇਸ ਮੌਕੇ ਵੱਡੀ ਗਿਣਤੀ 'ਚ ਕਿਸਾਨ ਹਾਜ਼ਰ ਸਨ।

# ਕਲਸਟਰ ਖੇਡਾਂ 'ਚ ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਦੀ ਹਰੀ ਝੰਡੀ




**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**- ਖੋ ਖੋ ਗਰਲਜ਼ ਕਲਸਟਰ ਟੂਰਨਾਮੈਂਟ ਸੰਸਕ੍ਰਿਤੀ ਪਬਲਿਕ ਸਕੂਲ ਜੰਮੂ ਵਿੱਚ ਕਰਵਾਇਆ ਗਿਆ । ਜਿਸ ਵਿੱਚ ਅੰਡਰ-14 ਅਤੇ ਅੰਡਰ-17 ਵਰਗ ਦੀਆਂ ਵੱਖ ਵੱਖ 17 ਟੀਮਾਂ ਨੇ ਭਾਗ ਲਿਆ ।ਅੰਡਰ-14 ਵਰਗ ਵਿੱਚ ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਡੱਲਾ ਦੀ ਟੀਮ ਨੇ ਡਿਵਾਈਨ ਪਬਲਿਕ ਸਕੂਲ ਬਟਾਲਾ ਦੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਗੋਲਡ ਟਰਾਫੀ ਆਪਣੀ ਝੋਲੀ ਪਵਾਈ। ਅੰਡਰ -17 ਵਰਗ ਵਿੱਚ ਡਿਪਸ ਸਕੂਲ ਪਠਾਨਕੋਟ ਨਾਲ ਕੰਬਾਈਨ ਤੀਜਾ ਸਥਾਨ ਪ੍ਰਾਪਤ ਕੀਤਾ ਤੇ ਬਰੌਨਜ਼ ਮੈਡਲ ਤੇ ਟਰਾਫੀ ਆਪਣੇ ਕਬਜ਼ੇ ਵਿੱਚ ਕੀਤੀ। ਇਹਨਾਂ ਟੀਮਾਂ ਦੇ ਕੋਚ ਹਰਜਿੰਦਰ ਸਿੰਘ ਅਤੇ ਮੈਨੇਜਰ ਦਲਜੀਤ ਕੌਰ ਦੀ ਦੇਖ ਰੇਖ ਹੇਠ ਇਹਨਾਂ ਟੀਮਾਂ ਨੇ ਸਖਤ ਮਿਹਨਤ ਕੀਤੀ। ਇਸ ਮੌਕੇ ਸਵੇਰ ਦੀ ਸਭਾ ਵਿੱਚ ਸਕੂਲ ਮੁਖੀ ਬਿਕਰਮ ਸਿੰਘ ਸੈਣੀ ਨੇ ਟੀਮ ਦੇ ਕੋਚ ਅਤੇ ਸਮੂਹ ਅਧਿਆਪਕ ਨੂੰ ਤਹਿ ਦਿਲੋਂ ਵਧਾਈ ਦਿੱਤੀ ਤੇ ਬੱਚਿਆਂ ਨੂੰ ਸਨਮਾਨਤ ਕੀਤਾ। ਅੰਡਰ-14 ਵਰਗ ਵਿੱਚ ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਡੱਲਾ ਦੀ ਮੰਨਤ ਸੈਣੀ ਨੂੰ ਬੈਸਟ ਡਿਫੈਂਡਰ ਅਤੇ ਜਸਪ੍ਰੀਤ ਕੌਰ ਨੂੰ ਬੈਸਟ ਰਨਰ ਐਲਾਨਿਆ ਗਿਆ। ਸਕੂਲ ਮੁਖੀ ਬਿਕਰਮ ਸਿੰਘ ਸੈਣੀ ਨੇ ਇਸ ਮੌਕੇ ਸਕੂਲ ਦੀ ਸਵੇਰ ਦੀ ਸਭਾ ਵਿੱਚ ਦੋਹਾਂ ਟੀਮਾਂ ਨੂੰ ਸਨਮਾਨਤ ਕੀਤਾ ਤੇ ਬੱਚਿਆਂ ਨੂੰ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਇਸ ਮੌਕੇ ਪ੍ਰਦੀਪ ਕੌਰ, ਅਵਤਾਰ ਸਿੰਘ, ਸਰਵਨ ਸਿੰਘ, ਜਸਪ੍ਰੀਤ ਕੌਰ ਅਤੇ ਹਰਪ੍ਰੀਤ ਕੌਰ ਆਦਿ ਸਕੂਲ ਮੈਂਬਰ ਵੀ ਸ਼ਾਮਲ ਸਨ।